ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 5 | Issue 45 | 09 November to 15 November 2016 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਡੋਨਾਲਡ ਦਾ ਚੱਲਿਆ 'ਟਰੰਪ' ਕਾਰਡ

## ਹੈਰਾਨਕੁਨ ਨਤੀਜਿਆਂ 'ਚ ਬਣੇ ਅਮਰੀਕਾ ਦੇ 45ਵੇਂ ਰਾਸ਼ਟਰਪਤੀ

### *ਹਲੇਰੀ ਦਾ ਪਹਿਲੀ ਮਹਿਲਾ ਰਾਸ਼ਟਰਪਤੀ ਬਣਨ ਦਾ ਸੁਪਨਾ ਖੇਰੂੰ-ਖੇਰੂੰ*



**ਨਿਊ ਯਾਰਕ/ਬਿਊਰੋ ਨਿਊਜ਼ :** ਡੋਨਾਲਡ ਟਰੰਪ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਹੋਣਗੇ। ਅਮਰੀਕੀ ਰਾਸ਼ਟਰਪਤੀ ਦੀਆਂ ਮੰਗਲਵਾਰ ਨੂੰ ਹੋਈਆਂ ਚੋਣਾਂ ਵਿਚ ਵੱਡਾ ਫੇਰਬਦਲ ਕਰਦਿਆਂ ਰਿਪਬਲਿਕਨ ਟਰੰਪ ਨੇ ਡੈਮੋਕਰੈਟਿਕ ਉਮੀਦਵਾਰ ਹਿਲੇਰੀ ਕਲਿੰਟਨ ਨੂੰ ਹੈਰਾਨੀਜਨਕ ਢੰਗ ਨਾਲ ਪਛਾੜ ਦਿੱਤਾ ਤੇ ਉਨ੍ਹਾਂ ਦੀ ਜਿੱਤ ਵਿਚ ਫਲੋਰੀਡਾ, ਉਤਰੀ ਕੈਰੋਲੀਨਾ ਤੇ ਓਹਾਇਓ ਵਰਗੇ ਅਹਿਮ ਸੂਬਿਆਂ ਨੇ ਅਹਿਮ ਯੋਗਦਾਨ ਪਾਇਆ। ਟਰੰਪ ਨੇ ਇਤਿਹਾਸਕ ਜਿੱਤ ਦਰਜ ਕਰਦਿਆਂ ਹਿਲੇਰੀ ਨੂੰ 218 ਦੇ ਮੁਕਾਬਲੇ 276 ਵੋਟਾਂ ਨਾਲ ਹਰਾ ਦਿੱਤਾ ਹੈ। ਹਾਲਾਂਕਿ ਵ੍ਹਾਈਟ ਹਾਊਸ ਪਹੁੰਚਣ ਲਈ ਕਿਸੇ ਵੀ ਉਮੀਦਵਾਰ ਨੂੰ 270 ਵੋਟਾਂ ਦੀ ਹੀ ਜ਼ਰੂਰਤ ਸੀ। ਉਧਰ ਭਾਰਤੀ ਮੂਲ ਦੀ ਮਹਿਲਾ ਕਮਲਾ ਹੈਰਿਸ ਨੇ ਕੈਲੀਫੋਰਨੀਆ ਵਿਚ ਜਿੱਤ ਹਾਸਲ ਕਰਕੇ ਅਮਰੀਕੀ ਸੈਨੇਟ ਵਿਚ ਆਪਣੀ ਥਾਂ ਪੱਕੀ ਕਰ ਲਈ ਹੈ। ਅਮਰੀਕੀ ਪ੍ਰਤੀਨਿਧ ਸਭਾ ਲਈ ਇਲਿਨੋਇਸ ਤੋਂ ਰਾਜਾ ਕ੍ਰਿਸ਼ਨਾਮੂਰਤੀ ਚੋਣ ਜਿੱਤ ਗਏ ਹਨ। ਜ਼ਿਕਰਯੋਗ ਹੈ ਕਿ ਟਰੰਪ ਨੇ ਉਤਰੀ ਕੈਰੋਲੀਨਾ, ਉਤਰੀ ਫਲੋਰੀਡਾ, ਓਹਾਇਓ, ਮਿਸੌਰੀ, ਮੋਂਟਾਨਾ, ਲੁਸੀਆਨਾ, ਅਕਾਰਸਸ, ਕਾਨਸਾਸ, ਉਤਰੀ ਡਕੋਟਾ, ਦੱਖਣੀ ਡਕੋਟਾ, ਟੈਕਸਾਸ, ਵਿਓਮਿੰਗ ਤੇ ਮਿਸੀਸਿਪੀ ਵਿਚ ਜਿੱਤ ਦਰਜ ਕੀਤੀ। ਦੂਜੇ ਪਾਸੇ ਹਿਲੇਰੀ ਨੇ ਓਰੇਗਨ, ਕੋਲੋਰਾਡੋ, ਵਰਜੀਨੀਆ, ਮੈਕਸੀਕੋ, ਕਨੈਕਟਿਕਟ, ਨਿਊਯਾਰਕ, ਕੈਲੀਫੋਰਨੀਆ, ਵਾਸ਼ਿੰਗਟ ਤੇ ਰੋਡ ਆਈਲੈਂਡ ਵਿਚ ਜਿੱਤ ਦਰਜ ਕੀਤੀ।

ਬਾਕੀ ਸਫ਼ਾ 35 'ਤੇ

## ਕਮਲਾ ਹੈਰਿਸ ਦੀ ਜਿੱਤ ਨੇ ਸਿਰਜਿਆ ਇਤਿਹਾਸ



**ਵਾਸ਼ਿੰਗਟਨ/ਬਿਊਰੋ ਨਿਊਜ਼:** ਕੈਲੀਫੋਰਨੀਆ ਦੀ ਅਟਾਰਨੀ ਜਨਰਲ ਕਮਲਾ ਹੈਰਿਸ ਨੇ ਅਮਰੀਕਨ ਸੈਨੇਟ ਦੀ ਚੋਣ ਜਿੱਤ ਕੇ ਇਤਿਹਾਸ ਸਿਰਜਿਆ ਹੈ ਕਿਉਂਕਿ ਅਮਰੀਕੀ ਕਾਂਗਰਸ ਦੇ ਉਪਰਲੇ ਸਦਨ ਦੀ ਮੈਂਬਰ ਬਣਨ ਵਾਲੀ ਉਹ ਪਹਿਲੀ ਇੰਡੋ ਅਮੈਰਿਕਨ ਹੈ। ਦੋ ਵਾਰ ਕੈਲੀਫੋਰਨੀਆ ਦੀ ਅਟਾਰਨੀ ਜਨਰਲ ਬਣੀ ਕਮਲਾ ਦੀ ਮਾਂ ਚੇਨਈ ਤੋਂ ਅਤੇ ਪਿਓ ਜਮਾਇਕਾ ਤੋਂ ਹੈ। 51 ਸਾਲਾ ਉਮਰ ਦੀ ਕਮਲਾ

ਬਾਕੀ ਸਫ਼ਾ 35 'ਤੇ

## ਕ੍ਰਿਸ਼ਨਾਮੂਰਤੀ ਇਲਿਨੋਇ ਹਲਕੇ ਤੋਂ ਜੇਤੂ



**ਵਾਸ਼ਿੰਗਟਨ/ਬਿਊਰੋ ਨਿਊਜ਼:** ਭਾਰਤੀ ਮੂਲ ਦੇ ਅਮਰੀਕੀ ਨਾਗਰਿਕ ਰਾਜਾ ਕ੍ਰਿਸ਼ਨਾਮੂਰਤੀ ਨੇ ਇਲਿਨੋਇ ਹਲਕੇ ਤੋਂ ਕਾਂਗਰਸ ਲਈ ਚੋਣ ਜਿੱਤ ਲਈ ਹੈ। ਉਸਨੇ ਰਿਪਬਲਿਕਨ ਉਮੀਦਵਾਰ ਤੇ ਐਮਹਰਸਟ ਦੇ ਸਾਬਕਾ ਮੇਅਰ ਪੀਟਰ ਡਿਕਿਆਨੀ ਨੂੰ ਹਰਾਇਆ। 43 ਸਾਲਾ ਉਮਰ ਦੇ ਕ੍ਰਿਸ਼ਨਾਮੂਰਤੀ ਨੇ 8ਵੇਂ ਡਿਸਟ੍ਰਿਕ ਲਈ ਸ਼ਿਕਾਗੋ ਇਲਾਕੇ ਤੋਂ ਅਮਰੀਕੀ ਕਾਂਗਰਸ ਦੇ ਹੇਠਲੇ ਸਦਨ

ਬਾਕੀ ਸਫ਼ਾ 35 'ਤੇ



'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਨੂੰ ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ

**ਲੱਖ ਲੱਖ ਵਧਾਈਆਂ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਸਬੰਧੀ ਯੂਬਾ ਸਿਟੀ ਦੇ ਸਾਲਾਨਾ ਨਗਰ ਕੀਰਤਨ ਸਬੰਧੀ ਖ਼ਬਰ ਅਤੇ ਫੋਟੋਆਂ ਅੰਦਰ ਸਫ਼ਾ 3 ਉੱਤੇ ਦੇਖੋ




# ਸਰਬੱਤ ਖ਼ਾਲਸਾ ਅਣਮਿੱਥੇ ਸਮੇਂ ਲਈ ਮੁਲਤਵੀ

**• ਰਾਜਸਥਾਨ ਦੇ ਬੁੱਢਾ ਜੌਹੜ ਵਿਚ ਹੋਵੇਗਾ ਅਗਲਾ ਐਲਾਨ • ਮਾਨ ਨੇ ਹਾਈ ਕੋਰਟ 'ਚ ਦਾਇਰ ਪਟੀਸ਼ਨ ਵਾਪਸ ਲਈ**

**ਚੰਡੀਗੜ੍ਹ/ਬਿਊਰੋ ਨਿਊਜ਼ :** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਯੂਨਾਈਟਡ ਅਕਾਲੀ ਦਲ ਨੇ ਨੇ 10 ਨਵੰਬਰ ਨੂੰ ਤਲਵੰਡੀ ਸਾਬੋ ਵਿਚ ਹੋਣ ਵਾਲੇ ਸਰਬੱਤ ਖ਼ਾਲਸਾ ਨੂੰ ਮੁਲਤਵੀ ਕਰ ਦਿੱਤਾ ਹੈ। ਇਹ ਫ਼ੈਸਲਾ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਜੀਤ ਸਿੰਘ ਮਾਨ, ਸੰਤ ਬਲਜੀਤ ਸਿੰਘ ਦਾਦੂਵਾਲ, ਸਰਬੱਤ ਖ਼ਾਲਸਾ ਵਲੋਂ ਐਲਾਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੇ ਹਰਿਆਣਾ ਵਿਚ ਕੀਤੀ ਗਈ ਗੁਪਤ ਮੀਟਿੰਗ ਵਿਚ ਲਿਆ। ਇਸ ਤੋਂ ਪਹਿਲਾਂ ਹਾਈ ਕੋਰਟ

ਬਾਕੀ ਸਫ਼ਾ 34 'ਤੇ

## ਅਦਾਲਤ ਦੇ ਕਹਿਣ 'ਤੇ ਵਾਪਸ ਲਈ ਪਟੀਸ਼ਨ

**ਚੰਡੀਗੜ੍ਹ :** ਸਰਬੱਤ ਖ਼ਾਲਸਾ ਦੇ ਪ੍ਰਬੰਧਕਾਂ ਨੂੰ ਹਾਈ ਕੋਰਟ ਵਿਚੋਂ ਕੋਈ ਰਾਹਤ ਨਹੀਂ ਮਿਲੀ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਸਰਬੱਤ ਖ਼ਾਲਸਾ ਸਬੰਧੀ ਆਗਿਆ ਨਾ ਦਿੱਤੇ ਜਾਣ ਵਿਰੁੱਧ ਦਾਇਰ ਕੀਤੀ ਪਟੀਸ਼ਨ ਅਦਾਲਤ ਦੇ ਕਹਿਣ 'ਤੇ ਵਾਪਸ ਲੈ ਲਈ ਗਈ, ਜਿਹੜੀ ਰੱਦ ਮੰਨੀ ਗਈ। ਇਸ ਤੋਂ ਇਲਾਵਾ ਸਰਬੱਤ ਖ਼ਾਲਸਾ ਨਾਲ

ਬਾਕੀ ਸਫ਼ਾ 34 'ਤੇ

## ਸੁਖਬੀਰ ਬਾਦਲ ਬੋਲੇ- ਕਿਸੇ ਨੂੰ ਵੀ ਮਾਹੌਲ ਖ਼ਰਾਬ ਨਹੀਂ ਕਰਨ ਦਿਆਂਗੇ

**ਬਠਿੰਡਾ :** ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ 'ਸਰਬੱਤ ਖ਼ਾਲਸਾ' ਦੇ ਪ੍ਰਬੰਧਕਾਂ ਵੱਲ ਇਸ਼ਾਰਾ ਕਰਦਿਆਂ ਆਖਿਆ ਕਿ ਪੰਜਾਬ ਵਿੱਚ ਕਿਸੇ ਨੂੰ ਵੀ ਧਰਮ ਦੇ ਨਾਮ 'ਤੇ ਅਮਨ-ਸ਼ਾਂਤੀ ਨਾਲ ਖਿਲਵਾੜ ਨਹੀਂ ਕਰਨ ਦਿੱਤਾ ਜਾਵੇਗਾ। ਉਨ੍ਹਾਂ ਆਖਿਆ ਕਿ ਕੁਝ ਲੋਕ ਧਰਮ ਦੇ ਨਾਮ 'ਤੇ ਸਿਆਸਤ ਨਾਲ ਮਾਹੌਲ ਖ਼ਰਾਬ ਕਰਨਾ ਚਾਹੁੰਦੇ ਹਨ, ਪਰ ਸਰਕਾਰ ਅਜਿਹਾ ਨਹੀਂ ਹੋਣ ਦੇਵੇਗੀ।

## ਮੋਦੀ ਸਰਕਾਰ ਦਾ ਕਾਲਾ ਧਨ ਕਢਾਉਣ ਦਾ ਨਵਾਂ ਜੁਮਲਾ

### 500-1000 ਦੇ ਨੋਟ ਰਾਤੋ-ਰਾਤ ਬੰਦ



**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਰਾਸ਼ਟਰ ਦੇ ਨਾਂ ਸੰਬੋਧਨ ਕਰਦਿਆਂ 500-1000 ਦੇ ਨੋਟਾਂ 'ਤੇ ਰਾਤੋ-ਰਾਤ ਪਾਬੰਦੀ ਲਾ ਦਿੱਤੀ। ਅਚਾਨਕ ਟੀ.ਵੀ. ਚੈਨਲਾਂ ਦੇ ਮੂਹਰੇ ਆਉਂਦਿਆਂ ਮੋਦੀ ਨੇ ਐਲਾਨ ਕੀਤਾ ਕਿ ਅੱਧੀ ਰਾਤ ਤੋਂ ਇਹ ਨੋਟ ਬੰਦ ਹੋ ਜਾਣਗੇ। ਅਜਿਹਾ ਭ੍ਰਿਸ਼ਟਾਚਾਰ ਤੇ ਬਲੈਕ ਮਨੀ ਰੋਕਣ ਲਈ ਕੀਤਾ ਗਿਆ ਹੈ। ਦੇਸ਼ ਵਿਚ ਇਸ 'ਤੇ ਪਾਬੰਦੀ

ਬਾਕੀ ਸਫ਼ਾ 35 'ਤੇ



















**ILLINOIS**
AMC Barrington 30 with IMAX (South Barrington)
Regal Cantera Stadium 17 (Warrenville)
Century Stratford Square 16 (Bloomingdale)
Movie Max Cinemas (Niles)

**MICHIGAN**
Regal Commerce Center Township 14 (Walled Lake)
Cinemark Movies 16 (Warren)
Celebration Crossroads 15 (Portage)
Celebration Woodland 14 (Grand Rapids)

**OHIO**
Regal Deerfield Towne Center Stadium 16 (Mason)
Carmike Solon Cinemas 16 (Solon)

**WISCONSIN**
AMC Mayfair 18 with IMAX (Wauwatosa)
Marcus Showtime Cinema 12 (Franklin)

**INDIANA**
Cinemark Greenwood 8 (Indianapolis)

*For more details please contact :*
**Harbir Virk** (847-942-9046) or **Gurmukh Bhullar** (708-288-2426)

# ਯੂਬਾ ਸਿਟੀ ਦੇ ਨਗਰ ਕੀਰਤਨ ਵਿਚ ਆਇਆ ਸੰਗਤਾਂ ਦਾ ਹੜ੍ਹ








## ਭਾਰੀ ਦੀਵਾਨ ਸਜੇ ਤੇ ਆਤਿਸ਼ਬਾਜ਼ੀ ਹੋਈ

**ਯੂਬਾ ਸਿਟੀ/ਹੁਸਨ ਲੜੋਆ ਬੰਗਾ :** ਯੂਬਾ ਸਿਟੀ ਦੇ ਸਿੱਖ ਟੈਂਪਲ ਵਿਚ ਕੱਢਿਆ ਜਾਣ ਵਾਲਾ ਵਿਸ਼ਵ ਪ੍ਰਸਿੱਧ ਨਗਰ ਕੀਰਤਨ ਪੂਰੇ ਜਾਹੋ ਜਲਾਅ ਨਾਲ ਕੱਢਿਆ ਗਿਆ। ਇਸ ਵਿੱਚ ਐਤਕੀਂ ਇੱਕ ਲੱਖ ਦੇ ਕਰੀਬ ਸੰਗਤਾਂ ਨੇ ਸ਼ਮੂਲੀਅਤ ਕੀਤੀ। ਗੁਰਤਾ ਗੱਦੀ 'ਤੇ ਕੱਢੇ ਜਾਂਦੇ ਇਸ ਨਗਰ ਕੀਰਤਨ ਵਿੱਚ ਕਈ ਸੁਧਾਰ ਵੀ ਕੀਤੇ ਗਏ ਜੋ ਸ਼ਾਂਤੀ ਨਾਲ ਨੇਪੜੇ ਚੜ੍ਹੇ। ਇਸ ਨਗਰ ਕੀਰਤਨ ਦੀਆਂ ਤਿਆਰੀਆਂ ਕਰੀਬ ਇਕ ਮਹੀਨੇ ਤੋਂ ਨਵੀਂ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਕੀਤੀਆਂ ਜਾ ਰਹੀਆਂ ਸਨ। ਚੋਣ ਜਿੱਤਣ ਤੋਂ ਬਾਅਦ ਹੀ ਪ੍ਰਬੰਧਕੀ ਕਮੇਟੀ ਨੇ ਕੰਮ ਸ਼ੁਰੂ ਕਰ ਦਿੱਤਾ ਸੀ। ਅਖੀਰਲੇ ਦਿਨ ਕੱਢੇ ਗਏ ਵਿਸ਼ਾਲ ਨਗਰ ਕੀਰਤਨ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਹਜ਼ਾਰਾਂ ਸੰਗਤਾਂ ਨੇ ਸ਼ਬਦ ਗਾਇਨ ਕੀਤਾ। ਵੱਖ ਵੱਖ ਰਾਗੀ ਜਥਿਆਂ ਨੇ ਮਨੋਹਰ ਬਾਣੀ ਦਾ ਕੀਰਤਨ ਕੀਤਾ। ਇਸ 37ਵੇਂ ਨਗਰ ਕੀਰਤਨ ਦੇ ਬਾਨੀ ਸ. ਦੀਦਾਰ ਸਿੰਘ ਬੈਂਸ ਨੇ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਖੁੱਲ੍ਹੀ ਕਾਰ ਵਿਚ ਸਵਾਰ ਹੋ ਕੇ ਸ਼ਮੂਲੀਅਤ ਕੀਤੀ ਤੇ ਸੰਗਤਾਂ ਨੂੰ ਮਿਲੇ।

ਇਸ ਤੋਂ ਇਲਾਵਾ ਵੱਖ ਵੱਖ ਹੋਰ ਫਲੋਟਾਂ ਵਿੱਚ ਸਿੱਖ ਇਤਿਹਾਸ ਨਾਲ ਸਬੰਧਤ ਝਾਕੀਆਂ ਕੱਢੀਆਂ ਗਈਆਂ। ਮਲਕ ਭਾਗੋ ਨਾਲ ਗੁਰੂ ਨਾਨਕ ਸਾਹਿਬ ਵਾਲਾ ਬਿਰਤਾਂਤ, ਅਮਰੀਕਨ ਰੈੱਡ ਕਰਾਸ ਦਾ ਫਲੋਟ, ਅਸੈਂਬਲੀ ਹਾਲ ਲੰਡਨ ਦਾ ਫਲੋਟ, ਗੋਲਡਨ ਟੈਂਪਲ ਦਾ ਫਲੋਟ, ਸ੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰਨ ਵਾਲੇ ਫਲੋਟ ਤੋਂ ਇਲਾਵਾ ਵੱਖ ਵੱਖ ਸ਼ਹਿਰਾਂ ਦੇ ਵੱਖ ਵੱਖ ਗੁਰਦੁਅਰਾ ਸਾਹਿਬਾਨਾਂ ਦੇ ਫਲੋਟਾਂ ਨੇ ਨਗਰ ਕੀਰਤਨ ਦੀ ਸ਼ੋਭਾ ਵਧਾਈ। ਇਸ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਸਟਾਲ 'ਤੇ ਕਾਫੀ ਗਹਿਮਾ ਗਹਿਮੀ ਦੇਖੀ ਗਈ। ਗੁਰੂ ਘਰ ਦੇ ਪ੍ਰਬੰਧਕ ਸਰਬਜੀਤ ਥਿਆੜਾ ਤੇ ਯੂਨੀਅਰ ਥਿਆੜਾ ਵਲੋਂ ਹੈਲੀਕਾਪਟਰ ਨਾਲ ਫੁੱਲਾਂ ਦੀ ਵਰਖਾ ਕੀਤੀ ਗਈ।

ਨਗਰ ਕੀਰਤਨ ਤੋਂ ਕਈ ਦਿਨ ਪਹਿਲਾਂ ਹੀ ਸ੍ਰੀ ਅਖੰਡ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ ਸੀ। ਇਸ ਦੌਰਾਨ ਵਿਸ਼ੇਸ਼ ਕਵੀ ਦਰਬਾਰ, ਬੱਚਿਆਂ ਦਾ ਕੀਰਤਨ ਦਰਬਾਰ, ਢਾਡੀ ਦਰਬਾਰ, ਅਮ੍ਰਿਤ ਸੰਚਾਰ, ਨਿਸ਼ਾਨ ਸਾਹਿਬ ਦੇ ਚੋਲੇ ਬਦਲਣਾ ਤੇ ਸੈਮੀਨਾਰ ਇਸ ਨਗਰ ਕੀਰਤਨ ਦਾ ਅਭਿੰਨ ਹਿੱਸਾ ਰਹੇ। ਕਈ ਦਿਨਾਂ ਤੋਂ ਕੀਰਤਨ ਦਰਬਾਰ ਸੱਜ ਰਹੇ ਸਨ ਜਿਨ੍ਹਾਂ ਵਿਚ ਭਾਈ ਗਗਨਦੀਪ ਸਿੰਘ ਜੀ ਗੰਗਾ ਨਗਰ ਵਾਲੇ, ਭਾਈ ਉਂਕਾਰ ਸਿੰਘ ਜੀ ਊਨਾ ਵਾਲੇ, ਭਾਈ ਗੁਰਨਿਮਿਤ ਸਿੰਘ ਜੀ ਰਾਜ ਰੰਗੀਲਾ, ਭਾਈ ਹਰਨਾਮ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮਿਤਸਰ, ਭਾਈ ਗੁਰਪ੍ਰੀਤ ਸਿੰਘ ਜੀ ਬਲੱੜਵਾਲ ਜਲੰਧਰ, ਢਾਡੀ ਚੰਚਲ ਕੌਰ ਜੱਥਾ, ਕਵੀਸ਼ਰ ਗੁਰਦੇਵ ਸਿੰਘ ਸ਼ਾਹੋਕੇ ਚੜਿਕ, ਢਾਡੀ ਨਾਭੇ ਵਾਲੀਆਂ ਬੀਬੀਆਂ ਦਾ ਜੱਥਾ, ਢਾਡੀ ਪਾਰਸ

**ਬਾਕੀ ਸਫ਼ਾ 34 'ਤੇ**

## ਗੁਰਦੁਆਰਾ ਸਾਹਿਬ ਸਿੰਘ ਸਭਾ, ਮਿਲਪੀਟਸ ਦੇ ਨਿਤਨੇਮ ਪ੍ਰੋਗਰਾਮਾਂ ਦਾ ਸਮਾਂ ਤਬਦੀਲ

### ਡਾ. ਗੁਰਨਾਮ ਸਿੰਘ 12 ਨਵੰਬਰ ਨੂੰ ਮਹੀਨਾਵਾਰ ਕੀਰਤਨ ਦਰਬਾਰ ਦਾ ਉਦਘਾਟਨ ਕਰਨਗੇ

**ਮਿਲਪੀਟਸ/ਬਿਊਰੋ ਨਿਊਜ਼ :** ਸਮੇਂ ਵਿਚ ਆਈ ਤਬਦੀਲੀ ਕਾਰਨ ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ (680 E. Calaveras Blvd. Milpitas CA -95035) ਦੇ ਨਿਤਨੇਮ ਪ੍ਰੋਗਰਾਮਾਂ ਦਾ ਸਮਾਂ ਵੀ ਬਦਲ ਗਿਆ ਹੈ। ਅੰਮ੍ਰਿਤ ਵੇਲਾ ਹੁਣ ਸਵੇਰੇ 6:00 ਵਜੇ 7:30 ਵਜੇ ਤੱਕ ਹੋਵੇਗਾ। ਸ਼ਾਮ ਨੂੰ ਨਿਤਨੇਮ ਦਾ ਸਮਾਂ ਸ਼ਾਮ 6:00 ਵਜੇ ਤੋਂ 7:00 ਵਜੇ ਤਕ ਹੋਵੇਗਾ। ਸੁਖ ਆਸਨ ਸੇਵਾ ਰਾਤ 8 :00 ਵਜੇ ਹੋਵੇਗੀ। ਇਸੇ ਦੌਰਾਨ ਇੰਸਟੀਚਿਊਟ ਆਫ਼ ਗੁਰਮਤਿ ਗਿਆਨ ਆਨ ਲਾਈਨ ਸਟੱਡੀ ਸੈਂਟਰ ਮਿਲਪੀਟਸ ਅਤੇ ਬੇ-ਏਰੀਏ ਦੇ ਬੱਚਿਆਂ ਵਲੋਂ ਮਹੀਨਾਵਾਰ ਕੀਰਤਨ ਦਰਬਾਰ ਕੀਤਾ ਜਾਵੇਗਾ। ਇਸ ਦਾ ਉਦਘਾਟਨ 12 ਨਵੰਬਰ, ਦਿਨ ਸ਼ਨਿੱਚਰਵਾਰ ਨੂੰ ਸ਼ਾਮ 6:00 ਵਜੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡੀਨ ਡਾ. ਗੁਰਨਾਮ ਸਿੰਘ ਵਲੋਂ ਕੀਤਾ ਜਾਵੇਗਾ। ਡਾ. ਗੁਰਨਾਮ ਸਿੰਘ 12 ਨਵੰਬਰ ਤੋਂ 17 ਨਵੰਬਰ, ਦਿਨ ਵੀਰਵਾਰ ਤੱਕ ਰੋਜ਼ਾਨਾ ਸ਼ਾਮ ਨੂੰ ਗੁਰਮਤਿ ਰਾਗਾਂ ਵਿਚ ਗੁਰਬਾਣੀ ਕੀਰਤਨ ਕਰਨਗੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਮੌਕੇ ਸ਼ਾਮ 6:00 ਵਜੇ ਤੋਂ ਰਾਤ 8 :00 ਵਜੇ ਤਕ ਵਿਸ਼ੇਸ਼ ਕੀਰਤਨ ਦਰਬਾਰ ਹੋਵੇਗਾ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵਲੋਂ ਸਾਧ ਸੰਗਤ ਨੂੰ ਨਵਾਂ ਸਮਾਂ ਨੋਟ ਕਰਨ ਅਤੇ ਇਨ੍ਹਾਂ ਪ੍ਰੋਗਰਾਮਾਂ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਹੈ। ਵਧੇਰੇ ਜਾਣਕਾਰੀ ਲੈਣ ਲਈ 408-898-7056, 408-205-1663, 408-406-0156 'ਤੇ ਸੰਪਰਕ ਕੀਤਾ ਜਾ ਸਕਦਾ ਹੈ।




Mortgage Rates ਇਤਿਹਾਸਕ Low ਹਨ
Residential and Commerical
No Tax Returns
Credit Score as low as 500
ਇਕ ਤੋਂ ਵੱਧ Lenders ਦੇ rates ਲਵੋ
Self Employed - No W2 - Stated Income Loans available
ਇਕ ਸਾਲ ਦੇ Tax returns ਨਾਲ ਆਪਣਾ Loan approve ਕਰਵਾਓ।
3% down payment ਦੇ ਨਾਲ ਆਪਣਾ ਨਵਾਂ ਘਰ ਖਰੀਦੋ, ਕੋਈ PMI ਨਹੀਂ
Foreign National Loans available
ratebeat MORTGAGE
RateBeat LLC (NMLS ID: 1267188)
(877) 877-7575
Gas Stations - Hotels/Motels
Multi-Family-Retail
Warehouse- Self-Storage
Auto Service
ਅੱਜ ਹੀ ਕਾਲ ਕਰੋ
Nirmal Singh Mann
(NMLS 357314)
EQUAL HOUSING LENDER
(877) 877-7575, www.ratebeat.com

# CHAAT BHAVAN®

CHAAT BHAVAN RESTAURANT

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

*Catering*
FULL SERVICE CATERING FOR YOUR SPECIAL EVENT
from 50 to upto 10,000 guests.
*Setup a Tasting Appointment Today!*

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜ਼ਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ,
ਜਿਹਨਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਉਹਨਾਂ ਲੱਖ ਮੁਸੀਬਤਾਂ ਝੱਲੀਆਂ ਨੇ

# Shaheed Kartar Singh Sarabha Martyrdom Memorial Ceremony

# ਸ਼ਹੀਦ ਕਰਤਾਰ ਸਿੰਘ ਸਰਾਭਾ

## ਸ਼ਹੀਦੀ ਯਾਦਗਾਰੀ ਸਮਾਗਮ

**ਮਿਤੀ 12 ਨਵੰਬਰ 2016 ਦਿਨ ਸ਼ਨਿੱਚਰਵਾਰ ਨੂੰ**

ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ
ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਕੈਲੇਫੋਰਨੀਆਂ ਸੈਕਰਾਮੈਂਟੋ
ਇੰਡੋ ਅਮੈਰਿਕਨ ਦੇਸ਼ ਭਗਤ ਫਾਊਂਡੇਸ਼ਨ ਬੇ ਏਰੀਆ

ਵਲੋਂ ਗਦਰ ਪਾਰਟੀ ਦੇ ਮੁੱਢਲੇ ਦਫਤਰ 5 Wood Street, San Francisco
ਵਿਖੇ ਦੁਪਿਹਰ 12 ਵਜੇ ਤੋਂ 4 ਵਜੇ ਤੱਕ ਸਮੂਹ ਸਾਥੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ



**ਸਮੂਹ ਭਾਰਤੀ ਭਾਈਚਾਰੇ ਨੂੰ ਇਸ ਸਮਾਗਮ ਵਿਚ
ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ**

## ਹੋਰ ਜਾਣਕਾਰੀ ਲਈ ਸੰਪਰਕ

ਸੁਰਿੰਦਰ ਸਿੰਘ ਮੰਢਾਲੀ 559-473-9269, ਨਵਦੀਪ ਸਿੰਘ ਧਾਲੀਵਾਲ 559-287-0822,
ਬਲਵੀਰ ਸਿੰਘ ਜੌਹਲ 408-592-4044, ਪੰਕਜ ਆਂਸਲ 408-515-3178,
ਕੁਲਦੀਪ ਸਿੰਘ ਅਟਵਾਲ 209-769-4784

## ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ 12 ਨਵੰਬਰ ਸਾਨ ਫਰਾਂਸਿਸਕੋ ਤੇ 20 ਨਵੰਬਰ ਨੂੰ ਫਰਿਜ਼ਨੋ ਵਿਚ

**ਫਰਿਜ਼ਨੋਂ/ਬਿਊਰੋ ਨਿਊਜ਼ :**
ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿਚ ਅਹਿਮ ਯੋਗਦਾਨ ਪਾ ਕੇ ਆਪਣੀ ਜਾਨ ਕੁਰਬਾਨ ਕਰ ਦੇਣ ਵਾਲੇ ਛੋਟੀ ਉਮਰ ਦੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਨ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ, ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਕੈਲੀਫੋਰਨੀਆ ਸੈਕਰਾਮੈਂਟੋ, ਇੰਡੋ ਅਮੈਰਿਕਨ ਦੇਸ਼ ਭਗਤ ਫਾਊਂਡੇਸ਼ਨ ਬੇ ਏਰੀਆ ਅਤੇ ਸਮੂਹ ਗਦਰੀ ਬਾਬਿਆਂ ਨੂੰ ਸਮਰਪਿਤ ਸੰਸਥਾਵਾਂ ਦੇ ਸਹਿਯੋਗ ਨਾਲ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸੰਸਥਾ ਦੇ ਅਹੁਦੇਦਾਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਹਿਲਾ ਪ੍ਰੋਗਰਾਮ 12 ਨਵੰਬਰ ਨੂੰ ਯੁਗਾਂਤਰ ਆਸ਼ਰਮ ਸਾਨ ਫਰਾਂਸਿਸਕੋ ਵਿਖੇ ਮਨਾਇਆ ਜਾਵੇਗਾ ਜਿਥੇ ਵਿਸ਼ੇਸ਼ ਤੌਰ 'ਤੇ ਇੰਡੀਅਨ ਕੌਂਸਲੇਟ ਜਨਰਲ ਵੀ ਸ਼ਾਮਲ ਹੋਣਗੇ ਜਦਕਿ ਦੂਜਾ ਸਮਾਗਮ 20 ਨਵੰਬਰ ਨੂੰ ਫਰਿਜ਼ਨੋਂ ਵਿਖੇ ਇੰਡੀਆ ਓਵਨ ਰੇਸਟੋਰੈਂਟ ਦੇ ਹਾਲ ਵਿਚ ਮਨਾਇਆ ਜਾਵੇਗਾ। ਇਸ ਮੌਕੇ ਉਚ ਕੋਟੀ ਦੇ ਬੁਲਾਰੇ ਪਹੁੰਚ ਕੇ ਸ਼ਹੀਦਾਂ ਪ੍ਰਤੀ ਆਪਣੇ ਵਿਚਾਰ ਪੇਸ਼ ਕਰਨਗੇ ਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।
ਪ੍ਰਬੰਧਕਾਂ ਨੇ ਇਹ ਵੀ ਜਾਣਕਾਰੀ ਦਿੱਤੀ ਕਿ ਬੱਚਿਆਂ ਨੂੰ ਇਨ੍ਹਾਂ ਸਮਗਾਮਾਂ ਨਾਲ ਜੋੜ ਕੇ ਇਤਿਹਾਸ ਪ੍ਰਤੀ ਸੁਚੇਤ ਕਰਨ ਲਈ ਸੰਸਥਾ ਵਲੋਂ ਬੱਚਿਆਂ ਦੀਆਂ ਪੇਸ਼ਕਾਰੀਆਂ ਨੂੰ ਵੀ ਅਹਿਮੀਅਤ ਦਿੱਤੀ ਜਾਵੇਗੀ।
ਪ੍ਰਬੰਧਕਾਂ ਨੇ ਦੱਸਿਆ ਕਿ ਬੱਚਿਆਂ ਵਲੋਂ ਦੇਸ਼ ਭਗਤੀ ਦੀ ਆਈਟਮ ਨੂੰ ਪੇਸ਼ ਕਰਨ ਲਈ ਪਹਿਲ ਦਿੱਤੀ ਜਾਵੇਗੀ। ਬੱਚਿਆਂ ਦੀਆਂ ਆਈਟਮਾਂ ਦੀ ਪੇਸ਼ਕਾਰੀ ਲਈ ਸਮਾਂ ਲੈਣ ਵਾਸਤੇ ਸੰਸਥਾ ਨਾਲ 559-618-0 156 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸ੍ਰੀ ਗੁਰੂ ਸਿੰਘ ਸਭਾ ਵਾਲਨਟ ਵਿਖੇ ਪ੍ਰਕਾਸ਼ ਪੁਰਬ ਸਬੰਧੀ ਧਾਰਮਿਕ ਸਮਾਰੋਹ 14 ਨਵੰਬਰ, ਸੋਮਵਾਰ ਨੂੰ

ਵਾਲਨਟ/ਬਿਊਰੋ ਨਿਊਜ਼ : ਸ੍ਰੀ ਗੁਰੂ ਸਿੰਘ ਸਭਾ, ਵਾਲਨਟ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ 547ਵਾਂ ਪ੍ਰਕਾਸ਼ ਪੁਰਬ 14 ਨਵੰਬਰ, ਦਿਨ ਸੋਮਵਾਰ ਨੂੰ 2001, ਵਾਲਨਟ ਡਰਾਈਵ ਸਾਊਥ, ਵਾਲਨਟ, ਕੈਲੀਫੋਰਨੀਆ 91789 ਵਿਖੇ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਸ਼ਾਮ 6 :00 ਵਜੇ ਪਾਏ ਜਾਣਗੇ। ਰਹਿਰਾਸ ਸਾਹਿਬ ਦਾ ਪਾਠ ਸ਼ਾਮ 6 :00 ਵਜੇ ਤੋਂ 6 : 30 ਵਜੇ ਤੱਕ ਹੋਵੇਗਾ। ਇਸ ਤੋਂ ਬਾਅਦ ਭਾਈ ਰਘਬੀਰ ਸਿੰਘ ਅਤੇ ਭਾਈ ਸੁਖਦੇਵ ਸਿੰਘ ਦੇ ਰਾਗੀ ਜਥੇ ਵਲੋਂ ਸ਼ਾਮ 6: 30 ਵਜੇ ਤੋਂ ਰਾਤ 8 :30 ਵਜੇ ਤੱਕ ਕੀਰਤਨ ਸਰਵਨ ਕਰਵਾਇਆ ਜਾਵੇਗਾ। ਸ੍ਰੀ ਆਖੰਡ ਪਾਠ ਅਤੇ ਗੁਰੂ ਕੇ ਲੰਗਰ ਦੀ ਸੇਵਾ ਪਰਮਜੀਤ ਸਿੰਘ ਗਰੁੱਪ ਅਤੇ ਪਰਿਵਾਰਾਂ ਵਲੋਂ ਕੀਤੀ ਜਾਵੇਗੀ। ਪਕੌੜੇ ਅਤੇ ਬਾਦਾਮ ਮਿਲਕ ਦਾ ਵੀ ਲੰਗਰ ਲਾਇਆ ਜਾਵੇਗਾ। ਸਾਧ ਸੰਗਤ ਨੂੰ ਮਠਿਆਈਆਂ ਲਿਆਉਣ ਦੀ ਅਪੀਲ ਕੀਤੀ ਗਈ ਹੈ। ਵਧੇਰੇ ਜਾਣਕਾਰੀ ਲੈਣ ਲਈ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਸਵਰਨ ਸਿੰਘ ਦਬਗੋਤਰਾ (909) 861-20202, ਸਾਹਿਬ ਸਿੰਘ ਭੁੱਲਰ (626)893-2314, ਗੁਰਚਰਨ ਸਿੰਘ ਆਨੰਦ (626)298-9960, ਸੋਹਨ ਸਿੰਘ ਗਿੱਲ (562)569-2702, ਹਨਵੰਤ ਬੀਰ ਸਿੰਘ ਸਾਹਨੀ (626)369-3305 ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਕੀਰਤਨ ਅਤੇ ਹੋਰ ਜਾਣਕਾਰੀ ਲਈ ਤੁਸੀਂ ਹਨਵੰਤ ਬੀਰ ਸਿੰਘ ਸਾਹਨੀ (626)369-3305 ਜਾਂ ਭਾਈ ਰਘਬੀਰ ਸਿੰਘ ਨਾਲ (626)833-8240 ਨਾਲ ਸੰਪਰਕ ਕਰ ਸਕਦੇ ਹੋ।

# ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਗੁਰਦੁਆਰਾ ਨਾਨਕ ਸਦਨ ਵਿਖੇ ਸਮਾਰੋਹ 11 ਤੋਂ 14 ਨਵੰਬਰ ਤੱਕ

**ਲਾਸ ਏਂਜਲਸ/ਬਿਊਰੋ ਨਿਊਜ਼:** ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਨਾਨਕ ਸਦਨ ਵਿਖੇ 11 ਤੋਂ 14 ਨਵੰਬਰ ਤੱਕ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ ਤੱਪਦੀ ਹੋਈ ਸਮੁੱਚੀ ਲੋਕਾਈ ਨੂੰ ਤਾਰਨ ਵਾਲੇ ਸੱਚੇ ਪਾਤਸ਼ਾਹ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸਮੂਹ ਸਾਧ ਸੰਗਤ ਅਤੇ ਮੈਨਜਮੈਂਟ ਦੇ ਸਹਿਯੋਗ ਨਾਲ 11 ਤੋਂ 14 ਨਵੰਬਰ ਤੱਕ ਗੁਰਦੁਆਰਾ ਨਾਨਕ ਸਦਨ, ਨੌਰਡਆਫ ਸਟਰੀਟ, ਨੌਰਥ ਹਿਲਜ, ਕੈਲੀਫੋਰਨੀਆ ਵਿਖੇ ਬੜੇ ਉਤਸ਼ਾਹ ਅਤੇ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਗੱਲ ਦਾ ਪ੍ਰਗਟਾਵਾ ਹਫ਼ਤਾਵਾਰੀ ਮੀਟਿੰਗ ਉਪਰੰਤ ਮੌਖਸਿੰਦਰ ਸਿੰਘ ਮੁੱਖ ਸੇਵਾਦਾਰ ਅਤੇ ਗਜਿੰਦਰ ਸ਼ਾਹ ਸਿੰਘ ਸੈਕਟਰੀ ਨੇ ਕੀਤਾ। ਮੀਟਿੰਗ ਉਪਰੰਤ ਉਨ੍ਹਾਂ ਕਿਹਾ ਕਿ ਵਿਸ਼ੇਸ਼ ਤੌਰ ਉਤੇ ਸ੍ਰੀ ਆਖੰਡ ਪਾਠ ਸਾਹਿਬ 11 ਨਵੰਬਰ ਸ਼ੁੱਕਰਵਾਰ ਨੂੰ ਸਵੇਰੇ 10:00 ਵਜੇ ਅਰੰਭ ਹੋਣਗੇ ਜਿਨ੍ਹਾਂ ਦੀ ਸਮਾਪਤੀ 13 ਨਵੰਬਰ ਐਤਵਾਰ ਨੂੰ ਸਵੇਰੇ 10:00 ਵਜੇ ਹੋਵੇਗੀ ਉਪਰੰਤ ਸਵੇਰੇ 10:30 ਵਜੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਹੋਣਗੇ। ਸੁਖਮਨੀ ਸਾਹਿਬ ਦੇ ਪਾਠ ਤੋਂ ਉਪਰੰਤ ਕਥਾ ਅਤੇ ਕੀਰਤਨ ਦੇ ਪ੍ਰਵਾਹ ਬਾਅਦ ਦੁਪਹਿਰ 1.15 ਵਜੇ ਤੱਕ ਚੱਲਣਗੇ ਜਿਸ ਵਿਚ ਡਾ. ਕੁਲਦੀਪ ਸਿੰਘ ਜੀ ਕਥਾ ਅਤੇ ਭਾਈ ਗਗਨਦੀਪ ਸਿੰਘ ਜੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲੇ ਰਸਭਿੰਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਤੋਂ ਇਲਾਵਾ ਲਸ਼ਮਣ ਚੇਲਾ ਰਾਮ ਜੀ ਵਿਸ਼ੇਸ਼ ਤੌਰ ਤੇ ਕੀਰਤਨ ਦੀ ਹਾਜ਼ਰੀ ਭਰਨਗੇ। ਇਸੇ ਹੀ ਦਿਨ ਲਗਾਤਾਰ 40 ਦਿਨਾਂ ਤੋਂ ਚੱਲ ਰਹੀ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੀ ਸਮਾਪਤੀ ਅਤੇ ਪ੍ਰਭਾਤ ਫੇਰੀਆਂ ਦੀ ਅਰਦਾਸ ਵੀ ਹੋਵੇਗੀ। ਇਨ੍ਹਾਂ ਸਮਾਗਮਾਂ ਵਿਚ ਆਖੰਡ ਪਾਠ ਦੀ ਸੇਵਾ ਬੀਬੀ ਨਾਨਕੀ ਸੁਖਮਨੀ ਸਾਹਿਬ ਸੋਸਾਇਟੀ ਦੇ ਸਮੂਹ ਮੈਂਬਰਾਂ ਅਤੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਕੀਤੀ ਜਾ ਰਹੀ ਹੈ। ਲੰਗਰਾਂ ਦੀ ਸੇਵਾ ਸਮੂਹ ਸਿੰਧੀ ਪਰਿਵਾਰਾਂ ਵੱਲੋਂ ਵਿਸ਼ੇਸ਼ ਤੌਰ ਤੇ ਕੀਤੀ ਜਾ ਰਹੀ ਹੈ।
ਪ੍ਰਕਸ਼ ਪੂਰਬ ਨੂੰ ਹੀ ਸਮਰਪਿਤ 14 ਨਵੰਬਰ ਸੋਮਵਾਰ ਨੂੰ ਸ਼ਾਮ ਦੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ, ਜਿਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਫਲਸਫੇ ਅਤੇ ਬਾਣੀ ਸਬੰਧੀ ਵਿਸ਼ੇਸ਼ ਕਥਾ ਅਤੇ ਰਸਭਿੰਨੇ ਕੀਰਤਨ ਹੋਣਗੇ।
ਪ੍ਰਬੰਧਕਾਂ ਵਲੋਂ ਸਰਬਤ ਸੰਗਤਾਂ ਇਨ੍ਹਾਂ ਵਿਸ਼ੇਸ਼ ਸਮਾਗਮਾਂ ਵਿਚ ਤਨ, ਮਨ ਅਤੇ ਧੰਨ ਨਾਲ ਸੇਵਾ ਕਰਕੇ ਗੁਰੂ ਨਾਨਕ ਪਾਤਸ਼ਾਹ ਜੀ ਦੀਆਂ ਖੁਸ਼ੀਆਂ ਦੇ ਪਾਤਰ ਬਣਨ ਦੀ ਬੇਨਤੀ ਕੀਤੀ ਗਈ ਹੈ।
ਗੁਰਪੁਰਬ ਸਬੰਧੀ ਧਾਰਮਿਕ ਸਮਾਰੋਹਾਂ ਦੀਆਂ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਹੋਈ ਮੀਟਿੰਗ ਮੌਕੇ ਕਮੇਟੀ ਦੇ ਸਮੂਹ ਮੈਂਬਰ ਸਹਿਬਾਨ ਅਰਵਿੰਦਰ ਸਿੰਘ, ਸੁਰਜੀ ਕੋਹਲੀ, ਰਜਿੰਦਰ ਮਾਹਲ, ਸਤਵੰਤ ਦਿਓਲ, ਵਿੰਮੀ ਸ਼ਾਹ, ਖਿਵਨ ਸੇਠੀ, ਜੋਗਿੰਦਰ ਸ਼ਾਹ ਸਿੰਘ, ਗੁਰਮੀਤ ਸਿੰਘ, ਭੁਪਿੰਦਰ ਸਿੰਘ, ਸਿਮਰ ਕੌਰ, ਜੈਸ਼ਨੀ ਕੌਰ, ਕੰਵਰਜੀਤ ਸਿੰਘ, ਗੁਰਪ੍ਰੀਤ ਸਿੰਘ, ਅਮਰੀਕ ਸਿੰਘ, ਇਕਬਾਲ ਸਿੰਘ, ਜਗਦੀਪ ਕੌਰ, ਕਮਲਜੀਤ ਕੌਰ ਅਤੇ ਲਖਵੀਰ ਸਿੰਘ ਹਾਜ਼ਰ ਸਨ।

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ

Pardeep S. Grewal
Attorney At Law
Bankruptcy
Chapter 7 & 13 Bankruptcy
Protect Your Assets- Home, Etc..
Start Fresh- Clear
Family Law • Divorce
Immigration Law
Deportation Cases- BIA Appeals
Ninth Circuit Appeals
Adjustment of Status (Green Card)
Visa Petitions, NVC
ਇਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

SFO/LAX to DELHI

FARE as LOW as
Starting from
695 to 895
With Senior Citizens & Students Discount
(including taxes)
Flights to Amritsar available at higher airfare
INFINITY TRAVEL (408-245-8444)
Low season fare subject to availability
Restrictions apply (cst# 1007726-10)

SINGH EXPRESS INC
• ਸਾਨੂੰ ਔਕਲੈਂਡ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਦੀ ਲੋੜ ਹੈ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰਕੇ ਮਹੀਨੇ ਦਾ $4500 ਤੋਂ $5000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਅਰਾਮਦਾਇਕ ਮਾਹੌਲ
• ਰੋਜ਼ਾਨਾ ਸ਼ਾਮ ਨੂੰ ਘਰ ਜਾਓ
• ਅਸੀਂ ਸਾਲਾਨਾ ਬੋਨਸ ਵੀ ਦਿੰਦੇ ਹਾਂ
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।

ਹੋਰ ਜਾਣਕਾਰੀ ਲਈ ਹੇਠ ਲਿਖੇ ਫੋਨ ਨੰਬਰਾਂ 'ਤੇ ਸੰਪਰਕ ਕਰੋ
ਸਤਨਾਮ ਸਿੰਘ (510) 543-3778, ਕੰਵਲਜੀਤ ਸਿੰਘ (510) 598-7345, (510) 415-9901

# ਭਾਈ ਗੁਰਜੀਤ ਸਿੰਘ ਬਰਾੜ ਨੂੰ ਸਦਮਾ

## ਪਤਨੀ ਬੀਬੀ ਬਲਵੰਤ ਕੌਰ ਦਾ ਅਕਾਲ ਚਲਾਣਾ

### *ਸਸਕਾਰ ਤੇ ਅੰਤਮ ਅਰਦਾਸ 11 ਨਵੰਬਰ ਸ਼ੁਕਰਵਾਰ ਨੂੰ*

**ਫਰੀਮਾਂਟ/ਬਿਊਰੋ ਨਿਊਜ਼:** ਸਿੱਖ ਭਾਈਚਾਰੇ ਦੇ ਪਤਵੰਤੇ ਭਾਈ ਗੁਰਜੀਤ ਸਿੰਘ ਬਰਾੜ ਨੂੰ ਗਹਿਰਾ ਸਦਮਾ ਲੱਗਾ ਜਿਨ੍ਹਾਂ ਦੀ ਜਵਨ ਸਾਥਣ ਪਤਨੀ ਬੀਬੀ ਬਲਵੰਤ ਕੌਰ ਬੀਤੇ ਦਿਨ ਅਕਾਲ ਚਲਾਣਾ ਕਰ ਗਏ। ਇਸਤੋਂ ਵੀ ਭਾਰੀ ਦੁੱਖ ਦੀ ਗੱਲ ਇਹ ਕਿ ਇਹ ਭਾਣਾ ਉਸ ਸਮੇਂ ਵਾਪਰਿਆ ਜਦੋਂ ਉਨ੍ਹਾਂ ਦੇ ਪੁੱਤਰ ਦੀ ਸ਼ਾਦੀ ਇਸ ਹਫ਼ਤੇ ਦੇ ਅਖ਼ੀਰ ਉੱਤੇ ਹੋਣੀ ਤਹਿ ਸੀ। ਇਹ ਸ਼ਾਦੀ ਹੁਣ ਪਿੱਛੇ ਪਾ ਦਿੱਤੀ ਗਈ ਹੈ।



ਬੀਬੀ ਬਲਵੰਤ ਕੌਰ ਦਾ ਸਸਕਾਰ 11 ਨਵੰਬਰ ਸ਼ੁਕਰਵਾਰ ਨੂੰ ਦੁਪਹਿਰ 12:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ਚੈਪਲ ਆਫ਼ ਚਾਈਮਜ ਹੇਵਰਡ (Chapel of the Chimes, Hayward) ਵਿਖੇ ਕੀਤਾ ਜਾਵੇਗਾ। ਅੰਤਮ ਅਰਦਾਸ ਬਾਅਦ ਦੁਪਹਿਰ 4:00 ਵਜੇ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹੋਵੇਗੀ।

ਬਰਾੜ ਪਰਿਵਾਰ ਦਾ ਘਰ ਦਾ ਪਤਾ ਹੈ : 33871 Mello Way, Fremont

# ਸਰਬੱਤ ਖਾਲਸਾ 2016 ਲਈ ਪ੍ਰਵਾਸੀ ਸਿੱਖਾਂ ਦੇ ਸੁਝਾਅ

### #FreeAkalTakht ਸੰਸਥਾ ਵਲੋਂ ਲੰਮੇ ਵਿਚਾਰ ਵਟਾਂਦਰੇ ਬਾਅਦ ਅਹਿਮ ਨੁਕਤੇ ਪੇਸ਼

**ਨਿਊ ਯਾਰਕ/ਬਿਊਰੋ ਨਿਊਜ਼:** ਪੰਜਾਬ ਵਿੱਚ 10 ਨਵੰਬਰ 2016 ਵੀਰਵਾਰ ਨੂੰ ਹੋਣ ਵਾਲੇ ਸਰਬੱਤ ਖਾਲਸਾ ਤੋਂ ਪਹਿਲਾਂ #FreeAkalTakht ਨੇ ਲਗਭਗ 12 ਮਹੀਨਿਆਂ ਦੇ ਸਮੇ ਦੌਰਾਨ ਗਲੋਬਲ ਪੱਧਰ ਤੇ ਮਸ਼ਵਰੇ ਦੀ ਪ੍ਰਕਿਰਿਆ ਤੋਂ ਬਾਅਦ ਸੁਝਾਵਾਂ ਦਾ ਸੈੱਟ ਪ੍ਰਕਾਸ਼ਿਤ ਕੀਤਾ ਹੈ, ਜਿਸ ਵਿੱਚ ਹੇਠ ਲਿਖੇ ਅਹਿਮ ਨੁਕਤੇ ਉਭਾਰੇ ਗਏ ਹਨ:

ਜਥੇਦਾਰ ਦੀ ਚੋਣ ਦੇ ਮਾਪਦੰਡ 'ਤੇ 7 ਪ੍ਰਸਤਾਵ ਅਤੇ ਸਰਬੱਤ ਖਾਲਸਾ ਵਿਧੀ-ਵਿਧਾਨ' ਤੇ 7 ਪ੍ਰਸਤਾਵ (www.freeakaltakht.com/short_term_proposals) ਅਮਰੀਕਾ, ਕੈਨੇਡਾ, ਬ੍ਰਿਟੇਨ ਅਤੇ ਮਲੇਸ਼ੀਆ ਵਿੱਚ ਜੋ ਚਾਰ ਮਾਡਲ ਖੇਤਰੀ ਸਰਬੱਤ ਖਾਲਸਾ ਕੀਤੇ ਗਏ, ਉਹਨਾਂ ਦੇ ਨਤੀਜੇ ਅਤੇ ਵਿਧੀ-ਵਿਧਾਨ, ਇਸ ਸਬੰਧੀ ਹੋਰ ਜਾਣਕਾਰੀ ਸੰਖੇਪ ਇੱਥੇ (http://www.freeakaltakht.org/regional_sarbat_khalsa) ਵੇਖੀ ਜਾ ਸਕਦੀ ਹੈ। ਇਹ 14 ਪ੍ਰਸਤਾਵ ਮਾਰਚ 2016 ਵਿਚ ਆਸਟ੍ਰੇਲੀਆ ਵਿਚ ਵਿਸ਼ਵ ਸਿੱਖ ਕਾਨਫਰੰਸ 'ਤੇ ਸਹਿਮਤੀ ਨਾਲ ਉਭਰੇ ਸਨ।.

#FreeAkalTakht ਸੰਸਥਾ ਵਲੋਂ ਲਿਖਤੀ ਤੌਰ ਉੱਤੇ ਜਾਣਕਾਰੀ ਅਨੁਸਾਰ ਮਾਡਲ ਸਰਬੱਤ ਖਾਲਸਾ ਸਮਾਗਮ 'ਤੇ 300 ਜਰੂਰੀ ਗੁਰਦੁਆਰਿਆਂ ਅਤੇ ਸੰਗਠਨਾਂ ਦੇ ਨੁਮਾਇੰਦੇ, ਵਿਦਵਾਨ, ਕਾਰਕੁੰਨ, ਸਿਆਸਤਦਾਨ, ਮੀਡੀਆ

ਬਾਕੀ ਸਫ਼ਾ 34 'ਤੇ

# ਅਮਰੀਕੀ ਸਿੱਖ ਆਗੂ ਰੇਸ਼ਮ ਸਿੰਘ ਗ੍ਰਿਫ਼ਤਾਰ

**ਅੰਮ੍ਰਿਤਸਰ/ਬਿਊਰੋ ਨਿਊਜ਼ :**

'ਸਰਬੱਤ ਖਾਲਸਾ' ਵਿੱਚ ਹਿੱਸਾ ਲੈਣ ਆਏ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪਰਵਾਸੀ ਸਿੱਖ ਆਗੂ ਭਾਈ ਰੇਸ਼ਮ ਸਿੰਘ ਸੰਧੂ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰਨ ਮਗਰੋਂ ਇਥੇ ਅਦਾਲਤ ਵਿੱਚ ਪੇਸ਼ ਕਰ ਕੇ ਇਕ ਦਿਨ ਦਾ ਪੁਲੀਸ ਰਿਮਾਂਡ ਹਾਸਲ ਕੀਤਾ ਹੈ। ਇਸ ਦੌਰਾਨ 'ਸਰਬੱਤ ਖਾਲਸਾ' ਨਾਲ ਜੁੜੀਆਂ ਧਿਰਾਂ ਦੇ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੁਹਿੰਮ ਤਹਿਤ ਕਈ ਸਿੱਖ ਆਗੂਆਂ ਦੇ ਘਰਾਂ ਵਿੱਚ ਛਾਪੇ ਮਾਰੇ ਗਏ ਅਤੇ ਕੁਝ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਭਾਈ ਰੇਸ਼ਮ ਸਿੰਘ ਵਾਸੀ ਕੈਲਫੋਰਨੀਆ ਖ਼ਿਲਾਫ਼ ਪਿਛਲੇ ਸਾਲ ਚਾਟੀਵਿੰਡ ਪੁਲੀਸ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਸੀ। ਉਹ ਪਿਛਲੇ ਵਰ੍ਹੇ ਵੀ 'ਸਰਬੱਤ ਖਾਲਸਾ' ਵਿੱਚ ਸ਼ਾਮਲ ਹੋਣ ਲਈ ਇੱਥੇ ਆਇਆ ਸੀ। ਸਮਾਗਮ ਮਗਰੋਂ ਪੁਲੀਸ ਨੇ 'ਸਰਬੱਤ ਖਾਲਸਾ' ਨਾਲ ਸਬੰਧਤ ਲਗਪਗ 20 ਸਿੱਖ ਆਗੂਆਂ ਖ਼ਿਲਾਫ਼ ਦੇਸ਼ ਧਰੋਹ ਸਬੰਧੀ ਕੇਸ ਦਰਜ ਕੀਤਾ ਸੀ, ਜਿਨ੍ਹਾਂ ਵਿੱਚ ਰੇਸ਼ਮ ਸਿੰਘ ਵੀ ਸ਼ਾਮਲ ਸੀ। ਉਹ ਹੁਣ ਮੁੜ 10 ਨਵੰਬਰ ਨੂੰ ਹੋਣ ਵਾਲੇ 'ਸਰਬੱਤ ਖਾਲਸਾ' ਵਿੱਚ ਸ਼ਾਮਲ ਹੋਣ ਲਈ ਆਇਆ ਸੀ ਤੇ ਉਸ ਨੂੰ ਦਿੱਲੀ ਹਵਾਈ ਅੱਡੇ 'ਤੇ ਹੀ ਕਾਬੂ ਕਰ ਲਿਆ ਗਿਆ।

ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਜਰਨੈਲ ਸਿੰਘ ਸਖੀਰਾ, ਜੋ ਖ਼ੁਦ ਵੀ ਰੂਹਪੋਸ਼ ਹਨ, ਨੇ ਦੱਸਿਆ ਕਿ ਰੇਸ਼ਮ ਸਿੰਘ ਨੂੰ ਚਾਟੀਵਿੰਡ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਅਦਾਲਤ ਵਿੱਚ ਪੇਸ਼ ਕਰ ਕੇ ਇਕ ਦਿਨ ਦਾ ਪੁਲੀਸ ਰਿਮਾਂਡ ਲਿਆ ਗਿਆ ਹੈ।



ਪੁਲੀਸ ਵੱਲੋਂ ਉਨ੍ਹਾਂ ਸਮੇਤ ਕਈ ਹੋਰ ਸਿੱਖ ਆਗੂਆਂ ਦੇ ਘਰਾਂ 'ਤੇ ਵੀ ਛਾਪੇ ਮਾਰੇ ਜਾ ਰਹੇ ਸਨ, ਜਿਨ੍ਹਾਂ ਵਿੱਚ 'ਸਰਬੱਤ ਖਾਲਸਾ' ਪ੍ਰਬੰਧਕ ਭਾਈ ਮੋਹਕਮ ਸਿੰਘ, ਸਤਨਾਮ ਸਿੰਘ ਮਨਾਵਾ ਸ਼ਾਮਲ ਹਨ। ਉਨ੍ਹਾਂ ਆਖਿਆ ਕਿ ਸਰਕਾਰ 10 ਨਵੰਬਰ ਨੂੰ ਹੋਣ ਵਾਲੇ 'ਸਰਬੱਤ ਖਾਲਸਾ' ਨੂੰ ਰੋਕਣਾ ਚਾਹੁੰਦੀ ਹੈ। ਪੁਲੀਸ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਸ਼ਹਿਰੀ ਪੁਲੀਸ ਵੱਲੋਂ ਯੂਨਾਈਟਿਡ ਅਕਾਲੀ ਦਲ ਦੇ ਆਗੂ ਪਰਮਜੀਤ ਸਿੰਘ ਜਿਜੇਆਣੀ, ਅਕਾਲੀ ਦਲ ਅੰਮ੍ਰਿਤਸਰ ਦੀ ਗੁਰਦੀਪ ਕੌਰ ਅਤੇ ਸ਼ਰਨਜੀਤ ਸਿੰਘ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

# ਪੰਥਕ ਜਥੇਬੰਦੀਆਂ ਵਲੋਂ ਗ੍ਰਿਫ਼ਤਾਰੀ ਦੀ ਕਰੜੀ ਨਿਖੇਧੀ

**ਸਾਂਨ ਫਰਾਂਸਿਸਕੋ/ਬਿਊਰੋ ਨਿਊਜ਼:**

ਪੰਥਕ ਜਥੇਬੰਦੀਆਂ ਯੂਥ ਆਫ਼ ਅਮਰੀਕਾ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਰੀਕੀ ਸਿੱਖ ਆਗੂ ਭਾਈ ਰੇਸ਼ਮ ਸਿੰਘ ਦੀ ਪੰਜਾਬ ਵਿੱਚ ਕੀਤੀ ਗ੍ਰਿਫਤਾਰੀ ਦੀ ਕਰੜੀ ਨਿਖੇਧੀ ਕਰਦਿਆਂ ਇਸਨੂੰ ਸਿੱਖਾਂ ਨਾਲ ਸਰਕਾਰੀ ਜਬਰ ਦੀ ਇੱਕ ਹੋਰ ਕਾਰਵਾਈ ਕਰਾਰ ਦਿੱਤਾ ਹੈ। ਇਨ੍ਹਾਂ ਜਥੇਬੰਦੀਆਂ ਵਲੋਂ ਇੱਥੇ ਜਾਰੀ ਬਿਆਨਾਂ ਵਿੱਚ ਕਿਹਾ ਗਿਆ ਹੈ ਕਿ ਭਾਈ ਰੇਸ਼ਮ ਸਿੰਘ ਸਰਬਤ ਖਾਲਸਾ ਵਿੱਚ ਭਾਗ ਲੈਣ ਲਈ ਅਮਰੀਕੀ ਸਿੱਖਾਂ ਦੇ ਨੁਮਾਇੰਦੇ ਵਜੋਂ ਗਏ ਸਨ। ਇਸ ਲਈ ਸਰਕਾਰ ਦੀ ਇਹ ਕਾਰਵਾਈ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਉੱਤੇ ਕੀਤਾ ਘਿਣਾਉਣਾ ਵਾਰ ਹੈ।

ਭਾਈ ਰੇਸ਼ਮ ਸਿੰਘ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕਰਨ ਅਤੇ ਪੁਰਾਣੇ ਕੇਸ ਤੁਰੰਤ ਵਾਪਸ ਲੈਣ ਦੀ ਮੰਗ ਕਰਨ ਵਾਲਿਆਂ ਵਿੱਚ ਅਮਰੀਕੀ ਸਿੱਖ ਆਗੂ ਭਾਈ ਗੁਰਿੰਦਰਜੀਤ ਸਿੰਘ ਮਾਨਾ, ਭਾਈ ਮਨਜੀਤ ਸਿੰਘ ਬਰਾੜ, ਡਾ. ਪ੍ਰਿਤਪਾਲ ਸਿੰਘ, ਭਾਈ ਜਸਵੰਤ ਸਿੰਘ ਹੋਠੀ ਅਤੇ ਭਾਈ ਜਸਜੀਤ ਸਿੰਘ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਸਰਬਤ ਖਾਲਸਾ ਸਿੱਖਾਂ ਦਾ ਜਨਮ ਸਿੱਧ ਅਧਿਕਾਰ ਹੈ ਅਤੇ ਇਸ ਸਬੰਧੀ ਸਰਕਾਰ ਵਲੋਂ ਅੜਿਕੇ ਲਾਉਣੇ, ਗ੍ਰਿਫਤਾਰੀਆਂ ਅਤੇ ਪੁਲੀਸ ਕੇਸ ਅਤਿ ਨਿੰਦਣਯੋਗ ਹਨ। ਅਮਰੀਕੀ ਸਿੱਖ ਅਜਿਹੇ ਹਕੂਮਤੀ ਜੁਲਮਾਂ ਦਾ ਡੱਟ ਕੇ ਵਿਰੋਧ ਕਰਦੇ ਆ ਰਹੇ ਹਨ ਅਤੇ ਭਵਿੱਖ ਵਿੱਚ ਵੀ ਅਪਣੇ ਹੱਕਾਂ ਲਈ ਜਦੋ ਜਹਿਦ ਜਾਰੀ ਰੱਖਣਗੇ।

Hassle Free Buying and Selling!
Real EstateWe can Help to Buy and Sell Your Home.
CA DRE# 01929644
EXCEL REALTY AND MORTGAGE
For People Who Believe In Home!!!!
Real Estate, Loans
ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।
Kulwinder Kaur K.D.
Cell 916-212-0123
e-mail kdkaur9@yahoo.com





PMZ
REAL ESTATE
SINCE 1957
MLS
ਰੀਅਲ ਅਸਟੇਟ ਦੀਆਂ ਰਿਹਾਇਸ਼ੀ ਅਤੇ ਕਾਰੋਬਾਰੀ ਸਾਰੀਆਂ ਸੇਵਾਵਾਂ ਇਕੋ ਥਾਂ 'ਤੇ ਪ੍ਰਾਪਤ ਕਰੋ
ਅਸੀਂ ਤੁਹਾਡਾ ਮਨ-ਭਾਉਂਦਾ ਘਰ ਜਾਂ ਕਾਰੋਬਾਰ ਲੱਭਣਾ ਅਸਾਨ ਬਣਾਉਂਦੇ ਹੋਏ, ਤੁਹਾਨੂੰ ਹਰ ਕਦਮ 'ਤੇ ਮਦਦ ਮੁਹੱਈਆ ਕਰਵਾਉਣ ਲਈ ਵਚਨਬੱਧ ਹਾਂ
ਰੀਅਲ ਅਸਟੇਟ ਦੀ ਕਿਸੇ ਵੀ ਸੇਵਾ ਲਈ ਹਮੇਸ਼ਾ ਯਾਦ ਰੱਖੋ
ਫੋਨ: 510.557.6988
ਫੈਕਸ : 209.474.6988 ਈਮੇਲ : rsingh@PMZ.com
Ca BRE#01865635
www.rsingh.pmz.com
3516 Deer Park Dr., Suit A
Stockton, CA 95219
ਰਾਜਿੰਦਰ ਸਿੰਘ









When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮਿਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ 'ਰੇਡੀਓ ਪੰਜਾਬ' ਬੁੱਧਵਾਰ ਸ਼ਾਮ 4:00 ਵਜੇ ਤੋਂ 5:30 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ



# ਜੰਗ-ਏ-ਆਜ਼ਾਦੀ ਯਾਦਗਾਰ ਸਮਾਗਮ ਦੌਰਾਨ ਬਣਿਆ 'ਜੰਗ' ਦਾ ਮਾਹੌਲ

## ਬਾਦਲ ਨੇ ਫ਼ੌਜੀ ਪਰਿਵਾਰਾਂ ਲਈ ਨਾ ਕੀਤਾ ਕੋਈ ਐਲਾਨ, ਪਰਿਵਾਰਾਂ ਨੇ ਸਨਮਾਨ ਵਿੱਚ ਮਿਲੀਆਂ ਲੋਈਆਂ ਵੀ ਸੁੱਟੀਆਂ



**ਜਲੰਧਰ/ਬਿਊਰੋ ਨਿਊਜ਼ :** ਇੱਥੇ ਕਰਤਾਰਪੁਰ ਵਿੱਚ ਜੰਗ-ਏ-ਆਜ਼ਾਦੀ ਯਾਦਗਾਰ ਦੇ ਉਦਘਾਟਨੀ ਸਮਾਗਮ ਸਮੇਂ ਹੰਗਾਮੇ ਕਾਰਨ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ।ਸਮਾਗਮ ਵਿੱਚ ਬੈਠੇ ਸੁਤੰਤਰਤਾ ਸੈਨਾਨੀਆਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਸਾਰੇ ਬੁਲਾਰਿਆਂ ਦਾ ਇਕ-ਇਕ ਸ਼ਬਦ ਸੁਣਿਆ ਪਰ ਜਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਦੀਆਂ ਮੰਗਾਂ ਬਾਰੇ ਕੋਈ ਐਲਾਨ ਨਾ ਕੀਤਾ ਤਾਂ ਉਨ੍ਹਾਂ ਦੇ ਸਬਰ ਦਾ ਬੰਨ੍ਹ ਟੁੱਟ ਗਿਆ। ਮੁੱਖ ਮੰਤਰੀ ਦੇ ਵਤੀਰੇ ਤੋਂ ਭੜਕੇ ਸੁਤੰਤਰਤਾ ਸੈਨਾਨੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਆਪਣੇ ਲਈ ਬਣਾਈ ਵੱਖਰੀ ਸਟੇਜ ਤੋਂ ਹੀ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਕੁਝ ਸੁਤੰਤਰਤਾ ਸੈਨਾਨੀਆਂ ਦੇ ਪਰਿਵਾਰਾਂ ਨੇ ਸਨਮਾਨ ਵਿੱਚ ਮਿਲੀਆਂ ਲੋਈਆਂ ਵੀ ਵਗ੍ਹਾ ਕੇ ਮਾਰੀਆਂ। ਉਨ੍ਹਾਂ ਕੁਝ ਸਮੇਂ ਲਈ ਉਥੇ ਧਰਨਾ ਵੀ ਦਿੱਤਾ। ਡਿਪਟੀ ਕਮਿਸ਼ਨਰ ਕਮਲ ਕਿਸ਼ੋਰ ਯਾਦਵ ਉਨ੍ਹਾਂ ਨੂੰ ਮਨਾਉਣ ਲਈ ਵੀ ਆਏ ਪਰ ਇਨ੍ਹਾਂ ਪਰਿਵਾਰਾਂ ਨੇ ਕਿਹਾ ਕਿ ਜਿਹੜੇ ਲੋਕਾਂ ਦੀਆਂ ਸਿਫ਼ਤਾਂ ਮੁੱਖ ਮੰਤਰੀ ਕਰ ਰਹੇ ਹਨ, ਉਨ੍ਹਾਂ ਬਾਰੇ ਦੱਸਣ ਕਿ ਉਨ੍ਹਾਂ ਆਜ਼ਾਦੀ ਲਈ ਕੀਤਾ ਕੀ ਸੀ? ਜਿਹੜੀ ਇਹ ਯਾਦਗਾਰ 200 ਕਰੋੜ ਦੀ ਬਣਾਈ ਗਈ ਹੈ, ਉਸ ਦਾ ਸੁਤੰਤਰਤਾ ਸੈਨਾਨੀਆਂ ਜਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਕੀ ਲਾਭ ਹੋਵੇਗਾ?

ਪੰਜਾਬ ਪ੍ਰਦੇਸ਼ ਸੁਤੰਤਰਤਾ ਸੈਨਾਨੀ ਉਤਰਾਧਿਕਾਰੀ ਸੰਗਠਨ ਦੇ ਸੂਬਾਈ ਪ੍ਰਧਾਨ ਹਰਿੰਦਰਪਾਲ ਸਿੰਘ ਖਾਲਸਾ ਨੇ ਹੈਰਾਨੀ ਪ੍ਰਗਟਾਈ ਕਿ ਮੁੱਖ ਮੰਤਰੀ ਨਾਲ ਕੁਝ ਦਿਨ ਪਹਿਲਾਂ ਹੀ ਮੰਗਾਂ ਬਾਰੇ ਗੱਲਬਾਤ ਕੀਤੀ ਗਈ ਸੀ। ਉਨ੍ਹਾਂ ਭਰੋਸਾ ਦਿੱਤਾ ਸੀ ਕਿ ਉਹ ਯਾਦਗਾਰ ਦੇ ਉਦਘਾਟਨੀ ਸਮਾਗਮ ਵਿੱਚ ਮੰਗਾਂ ਮੰਨਣ ਦਾ ਐਲਾਨ ਕਰਨਗੇ। ਜਦੋਂ ਸੁਤੰਤਰਤਾ ਸੈਨਾਨੀਆਂ ਨੇ ਸਟੇਜ ਤੋਂ ਹੀ ਨਾਅਰੇਬਾਜ਼ੀ ਸ਼ੁਰੂ ਕੀਤੀ, ਉਦੋਂ ਮੁੱਖ ਮੰਤਰੀ ਪੰਡਾਲ ਵਿੱਚ ਹੀ ਸਨ। ਇਸ ਦੇ ਬਾਵਜੂਦ ਕੋਈ ਵੀ ਮੰਤਰੀ ਇਨ੍ਹਾਂ ਪਰਿਵਾਰਾਂ ਨੂੰ ਮਨਾਉਣ ਲਈ ਨਹੀਂ ਪਹੁੰਚਿਆ। ਮੰਗਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਸੁਤੰਤਰਤਾ ਸੈਨਾਨੀਆਂ ਦੇ ਪਰਿਵਾਰਾਂ ਲਈ ਮੁਫ਼ਤ ਬੱਸ ਪਾਸ ਦਿੱਤੇ ਜਾਣ, ਟੌਲ ਟੈਕਸ ਮੁਆਫ਼ ਕੀਤਾ ਜਾਵੇ, ਬਿਜਲੀ ਦੇ 500 ਯੂਨਿਟ ਮੁਫ਼ਤ ਦਿੱਤੇ ਜਾਣ, ਨੌਕਰੀਆਂ ਵਿੱਚ ਜਿਹੜਾ ਦੋ ਫੀਸਦੀ ਕੋਟਾ ਕੱਟ ਕੇ ਇਕ ਫੀਸਦੀ ਕੀਤਾ ਸੀ, ਉਸ ਨੂੰ ਦੋ ਫੀਸਦੀ ਕੀਤਾ ਜਾਵੇ, ਇਲਾਜ ਮੁਫ਼ਤ ਕੀਤਾ ਜਾਵੇ, ਪੰਜਾਬ ਸਰਕਾਰ ਵੱਲੋਂ 45 ਸਾਲ ਪੁਰਾਣੀ ਸੁਤੰਤਰਤਾ ਸੈਨਾਨੀ ਪੈਨਸ਼ਨ ਨੀਤੀ ਬਦਲੀ ਜਾਵੇ।

ਮੁਹਾਲੀ ਨੇੜਲੇ ਪਿੰਡ ਅਭੀਪੁਰ ਤੋਂ ਆਏ ਬਜ਼ੁਰਗ ਗੁਰਮੀਤ ਸਿੰਘ ਨੇ ਗੁੱਸੇ ਵਿੱਚ ਕਿਹਾ ਕਿ ਉਨ੍ਹਾਂ ਦੇ ਪਿਤਾ ਗੱਜਾ ਸਿੰਘ ਨੇ ਨੇਤਾਜੀ ਸੁਭਾਸ਼ ਚੰਦਰ ਬੋਸ ਨਾਲ ਆਈ.ਐਨ.ਏ. ਵਿੱਚ ਕੰਮ ਕੀਤਾ ਸੀ ਅਤੇ ਸਿੰਗਾਪੁਰ ਤੇ ਮਲੇਸ਼ੀਆ ਦੀਆਂ ਜੇਲ੍ਹਾਂ ਵਿੱਚ ਨੌਂ ਮਹੀਨੇ ਕੱਟੇ। ਕੇਂਦਰ ਸਰਕਾਰ ਨੇ 1950 ਵਿੱਚ ਚੱਪੜਚਿੜੀ ਵਿੱਚ 650 ਏਕੜ ਜ਼ਮੀਨ ਅਲਾਟ ਕੀਤੀ ਸੀ ਪਰ ਪੰਜਾਬ ਸਰਕਾਰ ਦੱਬ ਕੇ ਬੈਠੀ ਹੈ। ਇੱਥੇ ਸਨਮਾਨ ਕਰਨ ਬਹਾਨੇ ਉਨ੍ਹਾਂ ਦਾ ਅਪਮਾਨ ਕੀਤਾ ਗਿਆ। ਜੈਤੋਂ ਤੋਂ ਪੁੱਜੇ 63 ਸਾਲ ਰਾਮ ਰਾਜ ਸੇਵਕ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਮਾਸਟਰ ਕਰਤਾ ਰਾਮ ਨੇ ਜਿੱਥੇ ਨਾਭਾ ਜੇਲ੍ਹ ਵਿੱਚ ਸਜ਼ਾ ਕੱਟੀ, ਉਥੇ ਜੈਤੋ ਦੇ ਮੋਰਚੇ ਵਿੱਚ ਵੀ ਹਿੱਸਾ ਲਿਆ। ਸਮਾਗਮ ਵਿੱਚ ਉਹ ਸਵੇਰੇ 10 ਵਜੇ ਪਹੁੰਚੇ ਪਰ ਨਾ ਪੀਣ ਲਈ ਪਾਣੀ ਮਿਲਿਆ ਤੇ ਨਾ ਖਾਣਾ ਮਿਲਿਆ। ਉਸ ਦਾ ਕਹਿਣਾ ਸੀ ਕਿ ਉਹ ਇਸ ਉਮੀਦ ਨਾਲ ਆਇਆ ਸੀ ਕਿ ਸ਼ਾਇਦ ਮੁੱਖ ਮੰਤਰੀ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਬਾਰੇ ਕੋਈ ਐਲਾਨ ਕਰਨਗੇ।

# ਆਮ ਆਦਮੀ ਪਾਰਟੀ ਤੇ ਨਵਜੋਤ ਸਿੱਧੂ ਵਿਚਾਲੇ ਦੂਜੀ ਵਾਰ ਗੱਲਬਾਤ ਟੁੱਟੀ

**ਚੰਡੀਗੜ੍ਹ/ਬਿਊਰੋ ਨਿਊਜ਼ :**

ਆਮ ਆਦਮੀ ਪਾਰਟੀ (ਆਪ) ਅਤੇ ਆਵਾਜ਼-ਏ-ਪੰਜਾਬ ਦੇ ਮੋਢੀ ਨਵਜੋਤ ਸਿੰਘ ਸਿੱਧੂ ਵਿਚਕਾਰ ਚੱਲ ਰਹੀ ਗੱਲਬਾਤ ਦੂਜੀ ਵਾਰ ਟੁੱਟ ਗਈ ਹੈ। ਹੁਣ ਸਿੱਧੂ ਧੜੇ ਕੋਲ ਆਪਣਾ ਪੰਜਾਬ ਪਾਰਟੀ ਦੇ ਪ੍ਰਧਾਨ ਸੁੱਚਾ ਸਿੰਘ ਛੋਟੇਪੁਰ ਵੱਲ ਹੱਥ ਵਧਾਉਣ ਦਾ ਰਸਤਾ ਹੀ ਬਚਿਆ ਜਾਪਦਾ ਹੈ।

'ਆਪ' ਦੇ ਇਕ ਸੀਨੀਅਰ ਆਗੂ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਸ੍ਰੀ ਸਿੱਧੂ ਦਾ ਧੜਾ 30 ਸੀਟਾਂ, ਉਪ ਮੁੱਖ ਮੰਤਰੀ ਸਮੇਤ ਮੰਤਰੀਆਂ ਦੇ ਤਿੰਨ ਚਾਰ ਅਹੁਦੇ ਮੰਗ ਰਿਹਾ ਸੀ, ਜੋ 'ਆਪ' ਨੂੰ ਕਿਸੇ ਵੀ ਤਰ੍ਹਾਂ ਪ੍ਰਵਾਨ ਨਹੀਂ ਸੀ। ਇਸ ਕਾਰਨ ਗੱਲ ਟੁੱਟ ਗਈ। ਇਸ ਆਗੂ ਅਨੁਸਾਰ 'ਆਪ' ਪੰਜ ਸੀਟਾਂ ਦੇਣ ਲਈ ਤਿਆਰ ਸੀ ਪਰ ਸ੍ਰੀ ਸਿੱਧੂ ਦਾ ਧੜਾ ਸਹਿਮਤ ਨਹੀਂ ਹੋਇਆ। ਦੱਸਣਯੋਗ ਹੈ ਕਿ ਸ੍ਰੀ ਸਿੱਧੂ ਨਾਲ ਮੁੱਖ ਤੌਰ 'ਤੇ 'ਆਪ' ਦੇ ਕੌਮੀ ਜਥੇਬੰਦਕ ਆਗੂ ਦੁਰਗੇਸ਼ ਪਾਠਕ ਗੱਲ ਕਰ ਰਹੇ ਸਨ।

ਸ੍ਰੀ ਸਿੱਧੂ ਪਹਿਲਾਂ ਕਈ ਦਿਨ ਕਾਂਗਰਸ ਦੀ ਕੌਮੀ ਲੀਡਰਸ਼ਿਪ ਦੇ ਵੀ ਸੰਪਰਕ ਵਿੱਚ ਰਹੇ ਪਰ ਉਥੇ ਵੀ ਕੋਈ ਸਿਆਸੀ 'ਸੌਦੇਬਾਜ਼ੀ' ਨਾ ਹੋਣ ਕਾਰਨ ਉਨ੍ਹਾਂ ਮੁੜ 'ਆਪ' ਨਾਲ ਗੱਲ ਸ਼ੁਰੂ ਕੀਤੀ ਸੀ। ਸੂਤਰਾਂ ਅਨੁਸਾਰ ਸ੍ਰੀ ਸਿੱਧੂ ਨੇ ਪਿਛਲੇ ਦਿਨੀਂ ਕਾਂਗਰਸ ਦੇ ਨੀਤੀਘਾੜੇ ਪ੍ਰਸ਼ਾਂਤ ਕਿਸ਼ੋਰ ਨਾਲ ਵੀ ਮੀਟਿੰਗ ਕੀਤੀ ਸੀ ਪਰ ਗੱਲ ਸਿਰੇ ਨਹੀਂ ਚੜ੍ਹੀ। ਆਵਾਜ਼-ਏ-ਪੰਜਾਬ ਦੇ ਮੁੱਖ ਆਗੂ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ 'ਆਪ' ਵਾਲੇ ਖ਼ੁਦ ਵਾਰ ਵਾਰ ਵੱਖ ਵੱਖ ਤਜਵੀਜ਼ਾਂ ਲੈ ਕੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਵਿੱਚ ਕੋਈ ਸਚਾਈ ਨਹੀਂ ਹੈ ਕਿ ਉਨ੍ਹਾਂ 'ਆਪ' ਜਾਂ ਕਾਂਗਰਸ ਕੋਲੋਂ ਟਿਕਟਾਂ ਜਾਂ ਕਿਸੇ ਹੋਰ ਅਹੁਦੇ ਦੀ ਮੰਗ ਕੀਤੀ ਹੈ, ਉਹ ਤਾਂ ਇਨ੍ਹਾਂ ਦੋਵਾਂ ਪਾਰਟੀਆਂ ਦੀਆਂ ਤਜਵੀਜ਼ਾਂ ਸੁਣ ਰਹੇ ਹਨ। ਉਨ੍ਹਾਂ ਨੂੰ ਅਖ਼ਬਾਰਾਂ ਤੋਂ ਹੀ ਪਤਾ ਲੱਗ ਰਿਹਾ ਹੈ ਕਿ ਉਪ ਮੁੱਖ ਮੰਤਰੀ ਦਾ ਅਹੁਦਾ ਮੰਗਿਆ ਜਾ ਰਿਹਾ ਹੈ, ਜਦੋਂ ਕਿ ਇਸ ਵਿੱਚ ਕੋਈ ਸਚਾਈ ਨਹੀਂ ਹੈ।










ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਪੰਥਕ ਸਿਆਸਤ- ਚੋਣਾਂ ਨੂੰ ਦੇਖਦਿਆਂ 25 ਵਰ੍ਹਿਆਂ ਮਗਰੋਂ ਬਦਲੀ ਸ਼੍ਰੋਮਣੀ ਕਮੇਟੀ ਦੀ ਪੂਰੀ ਟੀਮ

## ਬਾਦਲ ਦੇ ਓ.ਐਸ.ਡੀ. ਰਹੇ ਪ੍ਰੋ. ਬੰਡੂਗਰ ਫੇਰ ਬਣੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ

### ਬੰਡੂਗਰ ਨੂੰ ਛੱਡ ਕੇ ਸਾਰੀ ਟੀਮ ਨਵੀਂ, ਟੌਹੜਾ ਦਾ ਗਰੁੱਪ ਸਫ਼ਾਇਆ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਓ.ਐਸ.ਡੀ. ਰਹੇ 76 ਸਾਲ ਦੇ ਪ੍ਰੋ. ਕਿਰਪਾਲ ਸਿੰਘ ਬੰਡੂਗਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 41ਵੇਂ ਪ੍ਰਧਾਨ ਚੁਣੇ ਗਏ। ਉਹ ਜਥੇਦਾਰ ਅਵਤਾਰ ਸਿੰਘ ਮੱਕੜ ਦੀ ਥਾਂ ਲੈਣਗੇ। ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਮੱਕੜ ਹੀ ਨਹੀਂ, ਸਿੱਖਾਂ ਦੀ ਮਿੰਨੀ ਪਾਰਲੀਮੈਂਟ ਦੀ ਪੂਰੀ ਕਾਰਜਕਾਰਨੀ ਹੀ ਬਦਲ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਅਜਿਹਾ 1991 ਵਿਚ ਹੋਇਆ ਸੀ, ਜਦੋਂ ਗੁਰਚਰਨ ਸਿੰਘ ਟੌਹੜਾ ਤੀਸਰੀ ਵਾਰ ਪ੍ਰਧਾਨ ਬਣੇ ਸਨ। ਪ੍ਰੋ. ਬੰਡੂਗਰ 2001 ਅਤੇ 2002 ਵਿਚ ਵੀ ਪ੍ਰਧਾਨ ਰਹੇ ਹਨ, ਪਰ ਉਦੋਂ ਟੌਹੜਾ ਨੂੰ ਪ੍ਰਧਆਨ ਬਣਾਉਣ ਲਈ ਸ. ਬਾਦਲ ਦੇ ਕਹਿਣ 'ਤੇ ਪ੍ਰੋ. ਬੰਡੂਗਰ ਨੂੰ ਅਹੁਦਾ ਛੱਡਣਾ ਪਿਆ ਸੀ। ਪ੍ਰੋ. ਬੰਡੂਗਰ ਦੇ ਨਾਲ ਹੀ ਬਲਦੇਵ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ, ਬਾਬਾ ਬੂਟਾ ਸਿੰਘ ਨੂੰ



ਜੂਨੀਅਰ ਮੀਤ ਪ੍ਰਧਾਨ ਅਤੇ ਅਮਰਜੀਤ ਸਿੰਘ ਚਾਵਲਾ ਨੂੰ ਜਨਰਲ ਸਕੱਤਰ ਚੁਣਿਆ ਗਿਆ।

ਖ਼ਬਰ ਨਾਲ ਸਬੰਧਤ ਸੰਪਾਦਕੀ ਸਫ਼ਾ 14 'ਤੇ ਪੜ੍ਹੋ

1973 ਵਿਚ ਅਕਾਲੀ ਦਲ ਵਿਚ ਸ਼ਾਮਲ ਹੋਣ ਵਾਲੇ ਪ੍ਰੋ. ਬੰਡੂਗਰ ਨੇ ਐਮਰਜੈਂਸੀ ਸਮੇਂ 1975 ਵਿਚ ਪਟਿਆਲਾ ਤੋਂ ਗ੍ਰਿਫ਼ਤਾਰੀ ਦੇਣ ਵਾਲੇ ਪਹਿਲੇ ਜੱਥੇ ਦੀ ਅਗਵਾਈ ਕੀਤੀ ਸੀ। ਸਵਾ ਸਾਲ ਜੇਲ੍ਹ ਵਿਚ ਵੀ ਰਹੇ। 1980 ਦੀਆਂ ਵਿਧਾਨ ਸਭਾ ਚੋਣਾਂ ਵਿਚ ਉਹ ਪਟਿਆਲਾ ਤੋਂ ਅਕਾਲੀ ਉਮੀਦਵਾਰ ਸਨ, ਪਰ ਹਾਰ ਗਏ। 1989 ਦੀਆਂ ਲੋਕ ਸਭਾ ਚੋਣਾਂ ਵਿਚ ਉਨ੍ਹਾਂ ਨੇ ਬਰਨਾਲਾ ਧੜੇ ਵਲੋਂ ਪਟਿਆਲਾ ਤੋਂ ਫੇਰ ਚੋਣ ਲੜੀ ਪਰ ਫੇਰ ਹਾਰ ਗਏ। ਉਸ ਤੋਂ ਬਾਅਦ ਉਹ ਫਿਰ ਬਾਦਲ ਨਾਲ ਆ ਗਏ।

## ਪ੍ਰਚਾਰ ਲਈ ਸੋਸ਼ਲ ਮੀਡੀਆ ਦਾ ਵੀ ਸਹਾਰਾ ਲਵਾਂਗੇ : ਪ੍ਰੋ. ਬੰਡੂਗਰ

**ਅੰਮ੍ਰਿਤਸਰ/ਬਿਊਰੋ ਨਿਊਜ਼ :**13 ਸਾਲ ਮਗਰੋਂ ਮੁੜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਜ਼ਿੰਮੇਵਾਰੀ ਸੰਭਾਲਣ ਵਾਲੇ ਪ੍ਰੋ. ਕਿਰਪਾਲ ਸਿੰਘ ਬੰਡੂਗਰ ਨੇ ਕੁਰਸੀ ਸੰਭਾਲਦੇ ਹੀ ਕਿਹਾ ਕਿ ਵਿਦੇਸ਼ਾਂ ਵਿਚ ਸਿੱਖਾਂ 'ਤੇ ਹੋਣ ਵਾਲੇ ਹਮਲੇ ਅਤੇ ਉਨ੍ਹਾਂ ਦੇ ਧਾਰਮਿਕ ਚਿੰਨ੍ਹਾਂ ਨੂੰ ਲੈ ਕੇ ਪੈਦਾ ਹੋਈ ਦੁਵਿਧਾ ਨੂੰ ਦੂਰ ਕਰਨ ਲਈ ਪਹਿਲ ਦੇ ਆਧਾਰ 'ਤੇ ਕੰਮ ਕਰਨਗੇ। ਇਸ ਲਈ ਸੋਸ਼ਲ ਮੀਡੀਆ ਰਾਹੀਂ ਧਰਮ ਪ੍ਰਚਾਰ 'ਤੇ ਜ਼ੋਰ ਦੇਣਗੇ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਲਈ ਕਮੇਟੀ ਦੀ ਪੂਰੀ ਆਈ.ਟੀ. ਟੀਮ ਕੰਮ ਕਰੇਗੀ। ਇਸ ਵਿਚ ਸਿੱਖਾਂ ਦੇ ਧਾਰਮਿਕ ਚਿੰਨ੍ਹ, ਸਿੱਖੀ ਕੀ ਹੈ, ਸਿੱਖਾਂ ਦੀ ਦੇਸ਼-ਵਿਦੇਸ਼ ਵਿਚ ਭੂਮਿਕਾ ਤੇ ਉਨ੍ਹਾਂ ਦੀ ਅਹਿਮ ਪ੍ਰਾਪਤੀਆਂ ਨੂੰ ਇਸ ਜ਼ਰੀਏ ਪ੍ਰਚਾਰਤ ਕੀਤਾ ਜਾਵੇਗਾ ਅਤੇ ਲੋਕਾਂ ਨੂੰ ਦੱਸਿਆ ਜਾਵੇਗਾ ਕਿ ਸਿੱਖ ਵੱਖਰੀ ਤੇ ਸ਼ਾਂਤ ਅਤੇ ਆਪਸੀ ਭਾਈਚਾਰੇ ਵਾਲੀ ਕੌਮ ਹੈ। ਬੇਅਦਬੀ ਰੋਕਣ ਲਈ ਕੀਤੇ ਜਾਣ ਵਾਲੇ ਕੰਮਾਂ ਦੇ ਜਵਾਬ ਵਿਚ ਪ੍ਰੋ. ਬੰਡੂਗਰ ਨੇ ਕਿਹਾ ਕਿ ਇਹ ਮਾਮਲਾ ਚੁਣੌਤੀ ਜ਼ਰੂਰ ਹੈ ਪਰ ਮੁਸ਼ਕਲ ਨਹੀਂ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਲਈ ਕਮੇਟੀ ਆਪਣੇ ਤੌਰ 'ਤੇ ਤਾਂ ਕੰਮ ਕਰੇਗੀ ਹੀ ਬਲਕਿ ਸੰਗਤ ਨੂੰ ਨਾਲ ਕੇ ਚੱਲੇਗੀ। ਇਸ ਤਹਿਤ ਗੁਰਦੁਆਰਾ ਕਮੇਟੀਆਂ, ਸਿੱਖ ਸਭਾਵਾਂ, ਟਕਸਾਲਾਂ, ਨਿਹੰਗ ਜਥੇਬੰਦੀਆਂ ਨੂੰ ਜਾਗਰੂਕ ਕੀਤਾ ਜਾਵੇਗਾ ਕਿ ਉਹ ਜਿੱਥੇ ਵੀ ਪਾਵਨ ਸਰੂਪ ਹਨ, ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣ ਤਾਂ ਕਿ ਬੇਅਦਬੀ ਵਰਗੀਆਂ ਘਟਨਾਵਾਂ ਨਾ ਵਾਪਰਨ।

### ਨਾਨਕਸ਼ਾਹੀ ਕਲੰਡਰ ਪਾਸ ਕਰਵਾਉਣ ਵਾਲੇ ਨੂੰ ਪ੍ਰਧਾਨਗੀ...ਤਾਂ ਜੋ ਸਰਬੱਤ ਖ਼ਾਲਸਾ ਕਰਾਉਣ ਜਾ ਰਹੇ ਨਾਰਾਜ਼ ਪੰਥਕ ਨੇਤਾ ਵਾਪਸ ਆ ਸਕਣ-

ਚੰਡੀਗੜ੍ਹ : 10 ਨਵੰਬਰ ਨੂੰ ਸਰਬੱਤ ਖ਼ਾਲਸਾ ਹੋਣਾ ਹੈ। ਚੋਣਾਂ ਤੋਂ ਠੀਕ ਪਹਿਲਾਂ ਇਸ ਨੂੰ ਅਕਾਲੀ ਸਰਕਾਰ ਦੀ ਪੰਥਕ ਸਿਆਸਤ ਲਈ ਵੱਡਾ ਖ਼ਤਰਾ ਦੱਸਿਆ ਜਾ ਰਿਹਾ ਹੈ। ਦਰਅਸਲ, ਸਰਬੱਤ ਖ਼ਾਲਸਾ ਕਰਾਉਣ ਵਾਲੀਆਂ ਧਿਰਾਂ ਵਿਚ ਮੂਲ ਨਾਨਕਸ਼ਾਹੀ ਕਲੰਡਰ ਵਿਚ ਸੋਧ ਤੋਂ ਨਾਰਾਜ਼ ਹੋ ਕੇ ਗਏ ਨੇਤਾ ਵੀ ਸ਼ਾਮਲ ਹਨ। ਪ੍ਰੋ. ਬੰਡੂਗਰ ਨੇ ਹੀ ਮੂਲ ਨਾਨਕਸ਼ਾਹੀ ਕਲੰਡਰ ਜਾਰੀ ਕੀਤਾ ਸੀ। ਉਨ੍ਹਾਂ ਦੇ ਹਟਣ ਮਗਰੋਂ ਸੋਧ ਹੋਇਆ। ਇਸ ਲਈ ਉਨ੍ਹਾਂ ਰਾਹੀਂ ਨਾਰਾਜ਼ ਹੋਏ ਨੇਤਾਵਾਂ ਨੂੰ ਵਾਪਸ ਲਿਆਉਣ ਦੀ ਤਿਆਰੀ ਹੈ।

### ਪ੍ਰੋ. ਬੰਡੂਗਰ ਵੀ ਪਟਿਆਲਾ ਦੇ, ਕੈਪਟਨ ਨੂੰ ਘੇਰਨ ਦੀ ਤਿਆਰੀ

ਪ੍ਰੋ. ਬੰਡੂਗਰ ਪਟਿਆਲਾ ਦੇ ਹਨ। ਚੋਣ ਵੀ ਲੜਦੇ ਰਹੇ ਹਨ। ਇਸ ਲਈ ਸ. ਬਾਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਪਟਿਆਲਾ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਨ੍ਹਾਂ ਦੋ ਨਵੇਂ ਮੈਂਬਰਾਂ ਜੈਪਾਲ ਸਿੰਘ ਤੇ ਨਿਰਮਲ ਸਿੰਘ ਨੂੰ ਕਾਰਜਕਾਰਨੀ ਵਿਚ ਲਿਆ ਗਿਆ ਹੈ, ਉਹ ਵੀ ਪਟਿਆਲਾ ਜ਼ਿਲ੍ਹੇ ਤੋਂ ਹੀ ਹਨ।

### ਟੌਹੜਾ ਦੇ ਜਵਾਈ 'ਆਪ' ਵਿਚ ਗਏ ਤਾਂ ਉਨ੍ਹਾਂ ਦੇ ਸਮਰਥਕ ਹਟਾਏ

ਟੌਹੜਾ ਦੇ ਜਵਾਈ ਹਰਮੇਲ ਸਿੰਘ ਟੌਹੜਾ ਆਮ ਆਦਮੀ ਪਾਰਟੀ ਵਿਚ ਗਏ ਹਨ। ਸਨੌਰ ਤੋਂ ਚੋਣ ਲੜਨਾ ਚਾਹੁੰਦੇ ਹਨ। ਉਥੇ ਪ੍ਰੋ. ਬੰਡੂਗਰ ਦੀ ਬਿਰਾਦਰੀ ਦੇ 5-6 ਪਿੰਡ ਹਨ। ਦੂਸਰੇ ਪਾਸੇ ਟੌਹੜਾ ਗਰੁੱਪ ਦੇ ਸੁਖਦੇਵ ਭੌਰ ਪਹਿਲਾਂ ਹੀ ਸ਼੍ਰੋਮਣੀ ਅਕਾਲੀ ਦਲ ਛੱਡ ਚੁੱਕੇ ਹਨ। ਹੁਣ ਕਰਨੈਲ ਸਿੰਘ ਪੰਜੋਲੀ ਨੂੰ ਕਾਰਜਕਾਰਨੀ ਤੋਂ ਬਾਹਰ ਕਰ ਦਿੱਤਾ ਗਿਆ ਹੈ।

### ਪਛੜੇ ਵਰਗ ਦੀਆਂ 8-10 ਫ਼ੀਸਦੀ ਵੋਟਾਂ, ਫੈਸਲੇ ਦਾ ਕਾਰਨ ਇਹ ਵੀ

ਪ੍ਰੋ. ਕਿਰਪਾਲ ਸਿੰਘ ਬੰਡੂਗਰ ਨੂੰ ਚੁਣਨ ਦਾ ਇਕ ਸਿਆਸੀ ਨਜ਼ਰੀਆ ਇਹ ਵੀ ਹੈ ਕਿ ਉਹ ਪੱਛੜੇ ਵਰਗ ਤੋਂ ਆਉਂਦੇ ਹਨ। ਇਸ ਸਮੇਂ ਉਹ ਪੰਜਾਬ ਸਟੇਟ ਬੈਕਵਰਡ ਕਲਾਸ ਕਮਿਸ਼ਨ ਦੇ ਚੇਅਰਮੈਨ ਹਨ। ਸੂਬੇ ਵਿਚ 8 ਤੋਂ 10 ਫ਼ੀਸਦੀ ਵੋਟ ਪੱਛੜੇ ਵਰਗ ਦੀ ਹੈ।

**ਸਰਬੱਤ ਖ਼ਾਲਸਾ ਕਰਨ ਵਾਲੇ ਧੜੇ ਵਿਚ ਗਏ ਪੰਥਕ ਨੇਤਾਵਾਂ ਨੂੰ ਵਾਪਸ ਲਿਆ ਸਕਦੇ ਹਨ**

ਪ੍ਰੋ. ਬੰਡੂਗਰ ਦੀ ਪ੍ਰਧਾਨਗੀ ਵਿਚ ਹੀ ਮੂਲ ਨਾਨਕਸ਼ਾਹੀ ਕਲੰਡਰ ਜਾਰੀ ਹੋਇਆ ਸੀ। ਉਨ੍ਹਾਂ ਦੇ ਹਟਣ ਮਗਰੋਂ ਇਸ ਵਿਚ ਸੋਧ ਹੋਇਆ। ਇਸੇ ਕਾਰਨ ਇਕ ਵੱਡਾ ਧੜਾ ਵੱਖ ਸਰਬੱਤ ਖ਼ਾਲਸਾ ਕਰਨ ਵਾਲਿਆਂ ਨਾਲ ਚਲਿਆ ਗਿਆ ਸੀ। ਉਨ੍ਹਾਂ ਨੂੰ ਵਾਪਸ ਲਿਆਉਣ ਜਾਂ ਸ਼ਾਂਤ ਕਰਨ ਦਾ ਜ਼ਿੰਮਾ ਵੀ ਬੰਡੂਗਰ 'ਤੇ ਰਹੇਗਾ।

**ਡੇਰਾ ਮਾਮਲਾ ਤੇ ਬੇਅਦਬੀ ਕਾਂਡ :** ਡੇਰਾ ਸਿਰਸਾ ਮੁਖੀ ਨੂੰ ਮੁਆਫ਼ੀ ਦੇ ਮਾਮਲੇ ਵਿਚ ਤਖ਼ਤ ਸਾਹਿਬਾਨ ਘਿਰੇ ਹੋਏ ਹਨ। ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਲੈ ਕੇ ਸਰਕਾਰ ਘੇਰੇ ਵਿਚ ਹੈ। ਪਰ ਪ੍ਰੋ. ਬੰਡੂਗਰ ਦੀ ਦਿਖ ਸ਼ੁਰੂ ਤੋਂ ਸਾਫ਼ ਹੈ। ਸੇਵਾ ਸਿੰਘ ਸੇਖਵਾਂ ਵੀ ਦਾਅਵੇਦਾਰ ਸਨ, ਪਰ ਉਨ੍ਹਾਂ 'ਤੇ ਮੰਤਰੀ ਰਹਿੰਦਿਆਂ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਸਨ।

# ਸ਼੍ਰੋਮਣੀ ਕਮੇਟੀ ਦੀ ਟੀਮ ਬਦਲਣ ਦਾ ਜ਼ਿਆਦਾ ਨੇਤਾਵਾਂ ਨੇ ਕੀਤਾ ਵਿਰੋਧ

## ਫੇਰਬਦਲ ਦਾ ਚੋਣ ਲਾਭ ਨਹੀਂ ਮਿਲੇਗਾ, ਹੁਣ ਕਮੇਟੀ ਪੂਰੀ ਤਰ੍ਹਾਂ ਸਿਆਸਤ ਦੇ ਚੁੰਗਲ ਵਿਚ ਫਸੀ : ਕਲਕੱਤਾ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਅਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਿਚਾਲੇ ਖਿਚੋਤਾਣ ਅਤੇ ਸਮੇਂ ਸਮੇਂ 'ਤੇ ਮੱਕੜ 'ਤੇ ਲੱਗਣ ਵਾਲੇ ਦੋਸ਼ਾਂ ਤੋਂ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬਚਾਉਣ ਲਈ ਚੋਣਾਂ ਰਾਹੀਂ ਥੋੜ੍ਹੇ-ਬਹੁਤ ਬਦਲਾਅ ਦੀ ਕੋਸ਼ਿਸ਼ ਕੀਤੀਗਈ ਹੈ। ਲੋਕਾਂ ਦਾ ਗੁੱਸਾ ਸ਼ਾਂਤ ਹੋਵੇ ਜਾਂ ਨਾ ਹੋਵੇ ਪਰ ਇਸ ਦਾ ਚੋਣ ਲਾਭ ਨਹੀਂ ਮਿਲੇਗਾ। ਇਹ ਕਹਿਣਾ ਹੈ ਕਿ ਸੀਨੀਅਰ ਅਕਾਲੀ ਨੇਤਾ ਅਤੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਰਹੇ ਜਥੇਦਾਰ ਮਨਜੀਤ ਸਿੰਘ ਕਲੱਕਤਾ ਦਾ। ਕਲਕੱਤਾ ਨੇ ਨਵ-ਨਿਯੁਕਤ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬੰਡੂਗਰ ਨੂੰ ਮੱਕੜ ਨਾਲੋਂ ਬਿਹਤਰ ਦਸਦਿਆਂ ਕਿਹਾ ਕਿ ਉਹ ਹਾਂ-ਪੱਖੀ ਹਨ ਤੇ ਹਰੇਕ ਕਸੌਟੀ 'ਤੇ ਖਰੇ ਉਤਰਨਗੇ ਪਰ ਇਨ੍ਹਾਂ ਦਾ ਚੋਣਾਂ ਵਿਚ ਲਾਭ ਹੋਵੇ, ਅਜਿਹਾ ਨਹੀਂ ਲਗਦਾ। ਇਸ ਚੋਣ ਬਾਰੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਰਾਏ ਸੀ ਕਿ ਜ਼ਿਆਦਾ ਤਬਦੀਲੀ ਨਾ ਕੀਤੀ ਜਾਵੇ ਪਰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਪੂਰੀ ਤਰ੍ਹਾਂ ਨਾਲ ਤਬਦੀਲੀ ਚਾਹੁੰਦੇ ਸਨ। ਉਨ੍ਹਾਂ ਦੀ ਇਹੀ ਸੋਚ ਹੈ ਕਿ ਘੱਟੋ-ਘੱਟ ਬੇਅਦਬੀ ਨੂੰ ਲੈ ਕੇ ਲੋਕਾਂ ਦਾ ਕੁਝ ਗੁੱਸਾ ਸ਼ਾਂਤ ਹੋਵੇਗਾ। ਕਲਕੱਤਾ ਦਰਬਾਰ ਸਾਹਿਬ ਦੇ ਆਲੇ-ਦੁਆਲੇ ਹੋਏ ਸੁੰਦਰੀਕਰਨ ਤੇ ਪੰਜਾਬੀ ਸੂਬੇ ਦੀ ਵਰ੍ਹੇਗੰਢ ਸਮਾਗਮ ਨੂੰ ਵੀ ਇਸੇ ਕੜੀ ਦਾ ਹਿੱਸਾ ਮੰਨਦੇ ਹਨ। ਕਮੇਟੀ ਦੇ ਸਿਆਸੀਕਰਨ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਟੋਹੜਾ ਅਤੇ ਉਨ੍ਹਾਂ ਦੀ ਟੀਮ ਸੀ ਤਾਂ ਉਸ ਵਕਤ ਉਵੇਂ ਦਾ ਨਹੀਂ ਸੀ, ਪਰ ਉਨ੍ਹਾਂ ਦੇ ਜਾਣ ਮਗਰੋਂ ਕਮੇਟੀ ਪੂਰੀ ਤਰ੍ਹਾਂ ਸਿਆਸਤ ਦੇ ਚੁੰਗਲ ਵਿਚ ਫਸ ਗਈ ਹੈ। ਉਨ੍ਹਾਂ ਨੇ ਬੰਡੂਗਰ ਨੂੰ ਕਿਹਾ ਕਿ ਜੇਕਰ ਉਹ ਵੀ ਲੋਕਾਂ ਦਾ ਗੁੱਸਾ ਸ਼ਾਂਤ ਨਹੀਂ ਕਰ ਸਕਣਗੇ ਕਿਉਂਕਿ ਬੇਅਦਬੀ ਦੇ ਨਾਲ ਨਾਲ ਸੂਬੇ ਦੀ ਕਿਸਾਨੀ, ਨਸ਼ੇ ਵਰਗੇ ਮੁੱਦੇ ਸਰਕਾਰ 'ਤੇ ਭਾਰੀ ਪੈਣਗੇ। ਉਹ ਨਾਨਕਸ਼ਾਹੀ ਕਲੰਡਰ ਦਾ ਸਿਹਰਾ ਪ੍ਰੋ. ਬੰਡੂਗਰ ਨੂੰ ਦਿੰਦੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਹਾਲਾਂਕਿ ਇਸ ਦੇ ਨਿਰਮਾਣ ਦਾ ਕੰਮ ਟੋਹੜਾ ਦੇ ਕਾਰਜਕਾਲ ਦੌਰਾਨ ਹੋਣਾ ਸ਼ੁਰੂ ਹੋਇਆ ਸੀ, ਪਰ ਬੰਡੂਗਰ ਨੇ ਉਸ ਨੂੰ ਜਾਰੀ ਕਰ ਕੇ ਪੰਥ ਵਿਚ ਉਮੀਦ ਜਗਾਈ। ਬਾਅਦ ਵਿਚ ਮੱਕੜ ਨੇ ਉਸ ਵਿਚ ਬਾਦਲਾਂ ਦੇ ਇਸ਼ਾਰੇ 'ਤੇ ਅਤੇ ਆਰ.ਐਸ.ਐਸ. ਦੇ ਦਬਾਅ ਵਿਚ ਆ ਕੇ ਤਬਦੀਲੀਆਂ ਕਰਵਾ ਦਿੱਤੀਆਂ। ਉਹ ਇਹ ਵੀ ਕਹਿੰਦੇ ਹਨ ਕਿ ਬੰਡੂਗਰ ਫੇਰ ਵੀ ਪੁਰਾਣੀ ਸ਼ਕਲ ਦੇ ਸਕਣਗੇ, ਇਹ ਸੰਭਵ ਨਹੀਂ ਲਗਦਾ।

### ਭੌਰ ਨੇ ਕਿਹਾ-ਸੁਖਬੀਰ ਤੋਂ ਕੁਝ ਨਹੀਂ ਹੋਇਆ ਕਮੇਟੀ ਕੀ ਕਰ ਲਏਗੀ :

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਤੇ ਸੀਨੀਅਰ ਅਕਾਲੀ ਨੇਤਾ ਸੁਖਦੇਵ ਸਿੰਘ ਭੌਰ ਨੇ ਦੋਸ਼ ਲਾਇਆ ਕਿ ਸੂਬਾ ਸਰਕਾਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਰੋਕਣ ਅਤੇ ਦੋਸ਼ੀਆਂ ਨੂੰ ਫੜਨ ਵਿਚ ਨਾਕਾਮ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸੁਖਬੀਰ ਸਿੰਘ ਬਾਦਲ ਕੋਲ ਸੂਬੇ ਦਾ ਗ੍ਰਹਿ ਮੰਤਰਾਲੇ ਵੀ ਹੈ ਤੇ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਕਿ ਕਾਨੂੰਨ ਵਿਵਸਥਾ ਬਣਾ ਕੇ ਰੱਖਣ ਪਰ ਉਹ ਬੇਅਦਬੀ ਮਾਮਲੇ ਵਿਚ ਪੂਰੀ ਤਰ੍ਹਾਂ ਅਸਫਲ ਰਹੇ। ਫਿਰ ਉਨ੍ਹਾਂ ਵਲੋਂ ਤੈਅ ਕੀਤੀ ਗਈ ਟੀਮ ਸਿੱਖੀ ਸਿਧਾਂਤਾਂ ਤੇ ਗੁਰ ਮਰਿਆਦਾ ਕਾਇਮ ਰੱਖਣ ਵਿਚ ਕਿਵੇਂ ਸਫਲ ਹੋਵੇਗੀ।

### ਬੈਂਸ ਨੇ ਕਿਹਾ-ਬੰਡੂਗਰ ਵੀ ਬਾਦਲਾਂ ਦੀ ਕਠਪੁਤਲੀ :

ਲੁਧਿਆਣਾ ਦੱਖਣੀ ਦੇ ਵਿਧਾਇਕ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਬਲਵਿੰਦਰ ਸਿੰਘ ਬੈਂਸ ਨੇ ਜਨਰਲ ਇਜਲਾਸ ਦੌਰਾਨ ਚੋਣ ਕਰਵਾ ਰਹੇ ਤਰਨਤਾਰਨ ਦੇ ਡੀ.ਸੀ. ਬਲਵਿੰਦਰ ਸਿੰਘ ਧਾਲੀਵਾਲ 'ਤੇ ਇਤਰਾਜ਼ ਜ਼ਾਹਰ ਕੀਤਾ। ਉਨ੍ਹਾਂ ਨੇ ਡੀ.ਸੀ. ਦੇ ਸਾਹਮਣੇ ਕਿਹਾ ਕਿ ਉਹ ਨਾ ਤਾਂ ਸਿੱਖ ਹਨ ਤੇ ਨਾ ਹੀ ਸਹਿਜਧਾਰੀ ਬਲਕਿ ਉਹ ਪਤਿਤ ਹਨ ਕਿਉਂਕਿ ਇਨ੍ਹਾਂ ਨੇ ਦਾੜ੍ਹੀ ਕਰਵਾਈ ਤੇ ਰੰਗਵਾਈ ਹੈ, ਪਰ ਉਨ੍ਹਾਂ ਦੀ ਕਿਸੇ ਨੇ ਨਹੀਂ ਸੁਣੀ। ਉਨ੍ਹਾਂ ਕਿਹਾ ਕਿ ਪਹਿਲੇ ਪ੍ਰਧਾਨ ਮੱਕੜ ਵੀ ਬਾਦਲਾਂ ਦੇ ਹੱਥਾਂ ਦੀ ਕਠਪੁਤਲੀ ਸਨ ਤੇ ਬੰਡੂਗਰ ਵੀ ਹਨ।

### ਇਸ ਨੂੰ ਚੋਣ ਕਹਿਣਾ ਚੋਣ ਸ਼ਬਦ ਦਾ ਅਪਮਾਨ : ਭੱਠਲ

ਲੁਧਿਆਣਾ : ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਉਹੀ ਬਣਦਾ ਹੈ, ਜਿਸ 'ਤੇ ਬਾਦਲ ਆਪਣੀ ਮੋਹਰ ਲਾ ਦੇਣ। ਇਸ ਨੂੰ ਚੋਣ ਕਹਿਣਾ ਚੋਣ ਸ਼ਬਦ ਦਾ ਸਰਾਸਰ ਅਪਮਾਨ ਹੈ। ਸਿੱਖਾਂ ਦੀ ਸਰਵਉੱਚ ਸੰਸਥਾ 'ਤੇ ਵੀ ਸਿਆਸਤ ਕੀਤੀ ਜਾ ਰਹੀ ਹੈ। ਇਹ ਕਹਿਣਾ ਹੈ ਕਿ ਸਾਬਕਾ ਮੁੱਖ ਮੰਤਰੀ ਰਾਜਿੰਦਰ ਕੌਰ ਭੱਠਲ ਦਾ।

ਉਹ ਇਥੇ ਚੋਣ ਮੈਨੀਫੈਸਟੋ ਨੂੰ ਲੈ ਕੇ ਮੀਟਿੰਗ ਕਰਨ ਪਹੁੰਚੇ ਸਨ। ਇਸ ਮੀਟਿੰਗ ਵਿਚ ਉਨ੍ਹਾਂ ਨਾਲ ਮਨਪ੍ਰੀਤ ਸਿੰਘ ਬਾਦਲ ਵੀ ਮੌਜੂਦ ਸਨ। ਚੋਣ ਮੈਨੀਫੈਸਟੋ ਵਿਚ ਆਪਣੀ ਰਾਏ ਦੇਣ ਲਈ ਪੰਜਾਬ ਆੜ੍ਹਤੀ ਐਸੋਸੀਏਸ਼ਨ ਪ੍ਰਧਾਨ ਵਿਜੈ ਕਾਲੜਾ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਬੰਦ ਕਮਰੇ ਵਿਚ ਲਗਭਗ ਇਕ ਘੰਟੇ ਤਕ ਦੋਵੇਂ ਧਿਰਾਂ ਨੇ ਆਪਣੇ ਵਿਚਾਰ ਰੱਖੇ। ਰਾਜਿੰਦਰ ਕੌਰ ਭੱਠਲ ਨੇ ਕਿਹਾ ਕਿ ਇਹ ਚੋਣ ਮੈਨੀਫੈਸਟੋ ਦਾ ਆਖ਼ਰੀ ਗੇੜ ਹੈ, ਇਸ ਨੂੰ ਪਾਰਟੀ ਹਾਈ ਕਮਾਂਡ ਜਾਰੀ ਕਰੇਗੀ।

### ਗੁਰਦੀਪ ਕੌਰ ਟੌਹੜਾ ਬੋਲੇ- ਪੰਥਕ ਸੋਚ ਗਿਰਵੀ ਰੱਖ ਦਿੱਤੀ :

ਅੰਮ੍ਰਿਤਸਰ : ਸਾਬਕਾ ਪ੍ਰਧਾਨ ਗੁਰਚਰਨ ਸਿੰਘ ਟੋਹੜਾ ਦੀ ਬੇਟੀ ਗੁਰਦੀਪ ਕੌਰ ਟੌਹੜਾ ਨੇ ਭੌਰ ਦੇ ਬਿਆਨ ਦਾ ਸਮਰਥਨ ਕਰਦਿਆਂ ਕਿਹਾ ਕਿ ਜਦੋਂ ਸੁਖਬੀਰ ਨੇ ਸਾਰੇ ਮੈਂਬਰਾਂ ਨਾਲ ਮੀਟਿੰਗ ਕੀਤੀ ਤਾਂ ਕਿਸੇ ਨੇ ਵੀ ਬੇਅਦਬੀ ਦਾ ਮਾਮਲਾ ਨਹੀਂ ਚੁੱਕਿਆ ਤੇ ਨਾ ਹੀ ਜਨਰਲ ਇਜਲਾਸ ਵਿਚ। ਇਸ ਤੋਂ ਸਿੱਧ ਹੁੰਦਾ ਹੈ ਕਿ ਇਨ੍ਹਾਂ ਲੋਕਾਂ ਨੇ ਸਿਆਸਤ ਦੇ ਹੱਥਾਂ ਵਿਚ ਸਾਰੀ ਪੰਥਕ ਸੋਚ ਗਿਰਵੀ ਰੱਖ ਦਿੱਤੀ ਹੈ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# ਹਰਿਆਣਾ ਖੇਡ ਕੋਟੇ ਤਹਿਤ ਨੌਕਰੀਆਂ ਤੇ ਨਕਦ ਇਨਾਮ ਦੇ ਕੇ ਪੰਜਾਬ ਨੂੰ ਦੇ ਰਿਹੈ ਮਾਤ

**ਆਪਣੇ ਖਿਡਾਰੀਆਂ ਨੂੰ ਨੌਕਰੀਆਂ ਅਤੇ ਆਕਰਸ਼ਕ ਇਨਾਮਾਂ ਨਾਲ ਨਿਵਾਜ ਕੇ ਹਰਿਆਣਾ ਸਰਕਾਰ ਜਿੱਥੇ ਉਨਾਂ ਦੀ ਹੌਸਲਾ-ਅਫ਼ਜ਼ਾਈ ਕਰ ਰਹੀ ਹੈ, ਉਥੇ ਉਨਾਂ ਨੂੰ ਹੋਰ ਮੱਲਾਂ ਮਾਰਨ ਲਈ ਹੱਲਾਸ਼ੇਰੀ ਵੀ ਦੇ ਰਹੀ ਹੈ। ਤੇ ਇਸ ਸਾਰੇ ਵਰਤਾਰੇ ਤੋਂ ਪੰਜਾਬ ਨੂੰ ਹਰਿਆਣਾ ਤੋਂ ਸਬਕ ਲੈਣ ਦੀ ਲੋੜ ਹੈ। ਭਾਵੇਂ ਇਸ ਨੇ ਹਾਕੀ ਦੇ ਮਾਮਲੇ ਵਿਚ ਆਪਣਾ ਮਾਣ ਮੁੜ ਬਹਾਲ ਕੀਤਾ ਹੈ ਪਰ ਅਥੈਲਿਟਕਸ ਹਾਲੇ ਵੀ ਦੂਰ ਦਾ ਸੁਪਨਾ ਬਣੀ ਹੋਈ ਹੈ। ਹਰਿਆਣਾ ਨੇ ਜ਼ਮੀਨੀ ਪੱਧਰ ’ਤੇ ਖੇਡਾਂ ਨੂੰ ਸਹੂਲਤਾਂ ਦੇਣ ਲਈ ਆਪਣਾ ਧਿਆਨ ਕੇਂਦਰਤ ਕੀਤਾ ਹੈ। ਉਸ ਨੇ ਸਿਰਫ਼ ਜੇਤੂ ਖਿਡਾਰੀਆਂ ਨੂੰ ਇਨਾਮਾਂ-ਸਨਮਾਨਾਂ ਨਾਲ ਹੀ ਨਹੀਂ ਨਿਵਾਜਿਆ, ਬਲਕਿ ਖਿਡਾਰੀਆਂ ਨੂੰ ਬਿਹਤਰੀਨ ਸਿਖਲਾਈ ਵੀ ਦਿੱਤੀ ਜਾ ਰਹੀ ਹੈ। ਇਸ ਸਬੰਧੀ ‘ਹਿੰਦੂਸਤਾਨ ਟਾਈਮਜ਼’ ਦੇ ਸੀਨੀਅਰ ਪੱਤਰਕਾਰ ਸੌਰਭ ਦੁੱਗਲ ਦੀ ਰਿਪੋਰਟ ਪੇਸ਼ ਹੈ।**



## ਪੰਜਾਬ ਦੇ ਖਿਡਾਰੀਆਂ ਨੂੰ ਹੱਲਾਸ਼ੇਰੀ ਦੀ ਲੋੜ

ਇਕ ਦਹਾਕਾ ਪਹਿਲਾਂ ਪੰਜਾਬ ਨੇ ਭਾਰਤ ਦੀਆਂ ਖੇਡਾਂ ਦੀ ਅਗਵਾਈ ਕੀਤੀ ਹੈ।2008 ਵਿਚ ਬੀਜਿੰਗ ਓਲੰਪਿਕ ਨੇ ਇਹ ਪਾਸਾ ਉਲਟ ਦਿੱਤਾ ਜਦੋਂ ਹਰਿਆਣਾ ਦੇ ਖਿਡਾਰੀਆਂ ਨੇ, ਖ਼ਾਸ ਤੌਰ ’ਤੇ ਪਹਿਲਵਾਨਾਂ ਤੇ ਬਾਕਸਰਾਂ ਨੇ ਆਪਣੀ ਸ਼ਾਨਦਾਰ ਹਾਜ਼ਰੀ ਲਵਾਈ। ਅਗਸਤ ਵਿਚ ਰੀਓ ਓਲੰਪਿਕ ਦੌਰਾਨ ਪੰਜਾਬ ਤੋਂ ਮਹਿਜ਼ 14 ਖਿਡਾਰੀ ਭਾਰਤੀ ਦਲ ਦਾ ਹਿੱਸਾ ਸਨ, ਜਦਕਿ ਹਰਿਆਣਾ ਨੇ ਆਪਣੇ 20 ਖਿਡਾਰੀ ਭੇਜੇ। ਇਸ ਦੇ ਉਲਟ 1968 ਦੀ ਮੈਕਸੀਕੋ ਓਲੰਪਿਕ ਵਿਚ ਭਾਰਤ ਦੇ 25 ਮੈਂਬਰੀ ਦਲ ਵਿਚ ਪੰਜਾਬ ਦੇ 13 ਖਿਡਾਰੀ ਸਨ, ਜਿਨਾਂ ਵਿਚ ਇਕ ਸ਼ੂਟਰ, ਦੋ ਪਹਿਲਵਾਨ ਤੇ ਇਕ ਐਥਲੀਟ ਸ਼ਾਮਲ ਸੀ। ਜਦਕਿ ਮਹਿਜ਼ ਦੋ ਵਰੇ ਪਹਿਲਾਂ ਹੀ 1966 ਵਿਚ ਪੰਜਾਬੀ ਸੂਬਾ ਹੋਂਦ ਵਿਚ ਆਇਆ ਸੀ। ਦੂਜੇ ਪਾਸੇ ਨਵ-ਨਿਰਮਾਣ ਹਰਿਆਣਾ ਮਹਿਜ਼ ਦੋ ਖਿਡਾਰੀ ਹੀ ਭੇਜ ਸਕਿਆ ਸੀ। ਭਾਵੇਂ ਪੰਜਾਬ ਹਾਲੇ ਵੀ ਖੇਡ ਖੇਤਰ ਵਿਚ ਆਪਣੀ ਤਾਕਤ ਰੱਖਦਾ ਹੈ ਪਰ ਹਰਿਆਣਾ ਨੇ ਖੇਡਾਂ ਵਿਚ ਬਿਹਤਰੀਨ ਪ੍ਰਦਰਸ਼ਨ ਕਰਨ ਵਾਲੇ ਆਪਣੇ ਖਿਡਾਰੀਆਂ ਨੂੰ ਖੇਡ ਕੋਟੇ ਰਾਹੀਂ ਆਕਰਸ਼ਕ ਇਨਾਮ ਤੇ ਨੌਕਰੀਆਂ ਦੇਣ ਦੀ ਸ਼ੁਰੂਆਤ ਕੀਤੀ ਹੈ।

### ਕਿਵੇਂ ਆਇਆ ਬਦਲਾਅ :

ਇਕ ਸਮਾਂ ਸੀ ਜਦੋਂ ਹਰਿਆਣਾ ਦੇ ਖ਼ਿਾਰੀ ਨੌਕਰੀਆਂ ਵਾਸਤੇ ਪੰਜਾਬ ਵੱਲ ਦੇਖਦੇ ਸਨ। ਪੰਜਾਬ ਪੁਲੀਸ ਨੇ ਖੇਡਾਂ ਨੂੰ ਸੂਬੇ ਵਿਚ ਅਹਿਮ ਥਾਂ ਦਿਵਾਉਣ ਵਿਚ ਪ੍ਰੇਰਣਾ ਦਾ ਕੰਮ ਕੀਤਾ ਹੈ। ਅਰਜੁਨ ਐਵਾਰਡ ਜੇਤੂ ਅਤੇ ਸਾਬਕਾ ਭਾਰਤੀ ਵਾਲੀਬਾਲ ਕਪਤਾਨ ਅਮੀਰ ਸਿੰਘ ਦਾ ਕਹਿਣਾ ਹੈ, “90ਵਿਆਂ ਵਿਚ ਪੰਜਾਬ ਸਿਖ਼ਰ ’ਤੇ ਸੀ। ਇਸ ਦਾ ਕਾਰਨ ਸੀ ਕਿ ਪੰਜਾਬ ਪੁਲੀਸ ਵਿਚ ਨੌਕਰੀਆਂ ਸਨ। ਇਸ ਦਾ ਲਾਭ ਨਾ ਸਿਰਫ਼ ਪੰਜਾਬ ਦੇ ਖਿਡਾਰੀਆਂ ਨੂੰ ਮਿਲਿਆ ਸਗੋਂ ਹਰਿਆਣਾ ਦੇ ਖਿਡਾਰੀਆਂ ਨੂੰ ਵੀ ਇਸ ਨੇ ਆਪਣਾ ਭਵਿੱਖ ਸੁਰੱਖਿਅਤ ਰੱਖਣ ਲਈ ਉਤਸ਼ਾਹਤ ਕੀਤਾ।ਮੈਂ ਹਰਿਆਣਾ ਤੋਂ ਸੀ ਪਰ 1993 ਵਿਚ ਆਪਣੇ ਬਿਹਤਰ ਭਵਿੱਖ ਲਈ ਮੈਂ ਪੰਜਾਬ ਪੁਲੀਸ ਵਿਚ ਭਰਤੀ ਹੋ ਗਿਆ। ਖੇਡਾਂ ਨੂੰ ਅਲਵਿਦਾ ਕਹਿਣ ਤੋਂ ਪਹਿਲਾਂ 1998 ਵਿਚ ਮੈਂ ਇੰਸਪੈਕਟਰ ਬਣ ਗਿਆ ਸੀ। ਉਸ ਸਮੇਂ ਦੌਰਾਨ ਪੰਜਾਬ ਨੇ ਪੰਜ ਸਾਲਾਂ ਵਿਚ ਰਾਸ਼ਟਰੀ ਵਾਲੀਬਾਲ ਦਾ ਦੋ ਵਾਰ ਖ਼ਿਤਾਬ ਜਿੱਤਿਆ।” ਅਮੀਰ ਸਿੰਘ ਨੇ ਦੱਸਿਆ, “2000 ਤੋਂ ਬਾਅਦ ਹਰਿਆਣਾ ਨੇ ਖੇਡਾਂ ਦੇ ਖੇਤਰ ਵਿਚ ਆਪਣੀ ਪੁਜੀਸ਼ਨ ਸਹੀ ਕਰਨ ਲਈ ਖਿਡਾਰੀਆਂ ਨੂੰ ਨੌਕਰੀਆਂ ਦੇਣੀਆਂ ਸ਼ੁਰੂ ਕੀਤੀਆਂ।” ਅਮੀਰ ਸਿੰਘ ਨੇ 2001 ਤੋਂ 2011 ਦੌਰਾਨ ਹਰਿਆਣਾ ਸਟੇਟ ਇਨਫਰਾਸਟਰਕਚਰ ਐਂਡ ਇੰਡਸਟਰੀਅਲ ਡਿਵੈਲਪਮੈਂਟ ਕਾਰਪੋਰੇਸ਼ਨ ਵਿਚ ਕੰਮ ਵੀ ਕੀਤਾ। ਮੈਡਲਾਂ ਦੀ ਸੂਚੀ ਵਿਚ ਹਰਿਆਣਾ ਜਿੱਥੇ ਪੰਜਾਬ ਨਾਲੋਂ ਪਿਛੇ ਸੀ, ਹੁਣ ਤਿੰਨ ਸਾਲਾਂ 2007, 2011 ਤੇ 2015 ਤੋਂ ਪੰਜਾਬ ਨੂੰ ਪਿਛੇ ਛੱਡ ਦਿੱਤਾ ਹੈ।

### ਚੁਣੌਤੀਆਂ ਅਤੇ ਵਿਰਾਸਤ :

ਨੈਸ਼ਨਲ ਤੇ ਇੰਟਰਨੈਸ਼ਨਲ ਮੈਡਲਾਂ ਲਈ ਨਕਦ ਇਨਾਮ ਦੇਣ ਵਿਚ ਪੰਜਾਬ ਹਾਲੇ ਵੀ ਪਛੜਿਆ ਹੋਇਆ ਹੈ। ਵਰਿਆਂ ਤੋਂ ਖੇਡ ਕੋਟੇ ਤਹਿਤ ਨੌਕਰੀਆਂ ਦਿੱਤੀਆਂ ਹੀ ਨਹੀਂ ਗਈਆਂ। ਸੂਬਾ ਸਰਕਾਰ ਨੇ ਪੰਜਾਬ ਪੁਲੀਸ ਵਿਚ ਖੇਡ ਕੋਟੇ ਤਹਿਤ 125 ਨੌਕਰੀਆਂ ਦਾ ਐਲਾਨ ਕੀਤਾ ਸੀ ਪਰ ਹਾਲੇ ਤਕ ਨਿਯੁਕਤੀਆਂ ਨਹੀਂ ਹੋਈਆਂ।



### *ਪੰਜਾਬ ਬਾਸਕਿਟਬਾਲ ਐਸੋਸੀਏਸ਼ਨ ਸਕੱਤਰ ਤੇਜਾ ਸਿੰਘ ਧਾਲੀਵਾਲ*



*“ਇਕ ਖਿਡਾਰੀ ਦੀ ਜ਼ਿੰਦਗੀ ਸੀਮਤ ਹੁੰਦੀ ਹੈ। ਜੇਕਰ ਅਸੀਂ ਉਸ ਨੂੰ ਸਮੇਂ ਸਿਰ ਜਾਬ ਸਕਿਊਰਟੀ ਨਹੀਂ ਦਿੰਦੇ ਤਾਂ ਅਸੀਂ ਉਸ ਦਾ ਖੇਡ ਕਰੀਅਰ ਵਿਚ ਹੀ ਖ਼ਤਮ ਕਰ ਦਿੰਦੇ ਹਾਂ। ਪੰਜਾਬ ਵਿਚ ਖੇਡ ਕੋਟੇ ਤਹਿਤ ਸਰਕਾਰੀ ਨੌਕਰੀਆਂ ਦੀ ਘਾਟ ਕਾਰਨ ਕਈ ਚੰਗੇ ਖਿਡਾਰੀ ਬਾਹਰ ਹੋ ਜਾਂਦੇ ਹਨ। ਇਹ ਇਕ ਅਹਿਮ ਕਾਰਨ ਹੈ ਕਿ ਪੰਜਾਬ, ਜੋ ਕਿ ਕਿਸੇ ਵੇਲੇ ਖੇਡਾਂ ਵਿਚ ਮੋਹਰੀ ਹੁੰਦਾ ਸੀ, ਹੁਣ ਹਰਿਆਣਾ ਤੋਂ ਵੀ ਪਛੜਦਾ ਜਾ ਰਿਹਾ ਹੈ।” ਉਨਾਂ ਕਿਹਾ ਕਿ ਸਰਕਾਰ ਨੂੰ ਜ਼ਮੀਨੀ ਪੱਧਰ ’ਤੇ ਖੇਡਾਂ ਨੂੰ ਬਰਕਰਾਰ ਰੱਖਣ ਤੇ ਹੋਰ ਉਤਸ਼ਾਹਤ ਕਰਨ ਦੀ ਲੋੜ ਹੈ।*

### *ਸਾਬਕਾ ਸਪੋਰਟ ਡਾਇਰੈਕਟਰ ਅਤੇ ਹਾਕੀ ਓਲੰਪੀਅਨ ਪਰਗਟ ਸਿੰਘ*



*“ਪੰਜਾਬੀਆਂ ਦੀ ਲਾਪ੍ਰਵਾਹ ਜੀਵਨਸ਼ੈਲੀ ਉਨ੍ਹਾਂ ਨੂੰ ਬਿਮਾਰ ਬਣਾਉਂਦੀ ਜਾ ਰਹੀ ਹੈ। ਸਿਹਤ ਦਾ ਸਿੱਧਾ ਅਸਰ ਖੇਡਾਂ ’ਤੇ ਪੈਂਦਾ ਹੈ। ਇਹੀ ਕਾਰਨ ਹੈ ਕਿ ਅਸੀਂ ਪਿਛੇ ਪੈਂਦੇ ਜਾ ਰਹੇ ਹਨ। ਬੱਚਿਆਂ ਨੂੰ ਸਕੂਲਾਂ ਵਿਚ ਖੇਡਾਂ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਸਿੱਖਿਆ ਵਿਭਾਗ ਖੇਡਾਂ ਦੇ ਬੁਨਿਆਦੀ ਢਾਂਚੇ ਨੂੰ ਕਾਇਮ ਰੱਖਣ ਵਿਚ ਅਸਫਲ ਰਿਹਾ ਹੈ। ਇਹ ਖੇਡ ਨੀਤੀ ਦਾ ਇਕ ਅਹਿਮ ਹਿੱਸਾ ਹੈ। ਜੇਕਰ ਸਾਡੇ ਕੋਲ ਚੰਗਾ ਆਧਾਰ ਹੀ ਨਹੀਂ ਤਾਂ ਸਟੇਡੀਅਮਾਂ ਦੀ ਕੀ ਲੋੜ ਹੈ?”*



**ਪੰਜਾਬ ਦੇ ਉਸ ਵੇਲੇ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਭਾਰਤੀ ਹਾਕੀ ਟੀਮ ਦੇ ਕਪਤਾਨ ਅਜੀਤ ਪਾਲ ਸਿੰਘ ਤੇ ਮੈਨੇਜਰ ਬਲਬੀਰ ਸਿੰਘ ਸੀਨੀਅਰ ਦਾ ਸਵਾਗਤ ਕਰਦੇ ਹੋਏ ਜਦੋਂ ਮਾਰਚ 1975 ਵਿਚ ਨਵੀਂ ਦਿੱਲੀ ਸਥਿਤੀ ਟੀਮ ਨੇ ਵਿਸ਼ਵ ਕੱਪ ਜਿੱਤਿਆ ਸੀ।**

### ਹਰਿਆਣਾ : ਸਰਕਾਰੀ ਨਹੀਂ, ਨਿੱਜੀ ਯਤਨਾਂ ਨੇ ਦਿਵਾਏ ਮੈਡਲ

2008 ਤੋਂ ਹਰਿਆਣਾ ਭਾਰਤ ਦੇ ਖੇਡ ਮਹਾਂਸ਼ਕਤੀ ਵਜੋਂ ਉਭਰਦਾ ਜਾ ਰਿਹਾ ਹੈ। ਭਾਵੇਂ ਓਲੰਪਿਕ ਹੋਣ ਜਾਂ ਏਸ਼ੀਅਨ ਖੇਡਾਂ ਤੇ ਜਾਂ ਕਾਮਨਵੈਲਥ ਖੇਡਾਂ ਹਰਿਆਣਾ ਦੇ ਖਿਡਾਰੀ ਦੇਸ਼ ਦੀ ਸਫਲਤਾ ਵਿਚ ਹਿੱਸਾ ਪਾਉਂਦੇ ਆ ਰਹੇ ਹਨ। ਬੀਜਿੰਗ ਓਲੰਪਿਕਸ ਤਾਂ ਹਰਿਆਣਾ ਲਈ ਦਿਸ਼ਾ ਬਦਲ ਦੇਣ ਵਾਲੀਆਂ ਸਿੱਧ ਹੋਈਆਂ। ਇਹ ਪਹਿਲੀ ਵਾਰ ਸੀ ਜਦੋਂ ਹਰਿਆਣਾ ਨੇ ਸਭ ਤੋਂ ਵੱਧ ਖਿਡਾਰੀ ਦੇਸ਼ ਦੇ ਓਲੰਪਿਕ ਦਲ ਵਿਚ ਭੇਜੇ। 55 ਮੈਂਬਰੀ ਦਲ ਵਿਚ 9 ਖਿਡਾਰੀ ਸਿਰਫ਼ ਹਰਿਆਣਾ ਤੋਂ ਹੀ ਸਨ। ਖੇਡਾਂ ਦੇ ਦੋ ਅਗਲੇ ਮੁਕਾਮਾਂ (20 12 ਲੰਡਨ ਅਤੇ 2016 ਰੀਓ) ਹਰਿਆਣਾ ਨੇ ਨਾ ਸਿਰਫ਼ ਭਾਰਤ ਦੀ ਪ੍ਰਤੀਨਿਧਤਾ ਲਈ ਸਭ ਤੋਂ ਵੱਧ ਖਿਡਾਰੀ ਭੇਜੇ, ਸਗੋਂ ਤਗ਼ਮੇ ਵੀ ਜਿੱਤੇ। ਮੁੱਕੇਬਾਜ਼ ਵਿਜੇਂਦਰ ਸਿੰਘ ਨੇ ਬੀਜਿੰਗ ਵਿਚ ਕਾਂਸੀ ਦਾ ਤਗ਼ਮਾ ਜਿੱਤਿਆ। ਯੋਗੇਸ਼ਵਰ ਦੱਤ ਤੇ ਸਾਕਸ਼ੀ ਮਲਿਕ ਨੇ ਲੰਡਨ ਤੇ ਰੀਓ ਓਲੰਪਿਕ ਵਿਚ ਕ੍ਰਮਵਾਰ ਚਾਂਦੀ ਤੇ ਕਾਂਸੀ ਦੇ ਤਗ਼ਮਿਆਂ ਨਾਲ ਵਾਪਸੀ ਕੀਤੀ। ਸਾਕਸ਼ੀ ਓਲੰਪਿਕ ਮੈਡਲ ਜਿੱਤਣ ਵਾਲੀ ਦੇਸ਼ ਦੀ ਪਹਿਲਾ ਮਹਿਲਾ ਬਣੀ। ਵਿਜੇਂਦਰ ਸਿੰਘ ਦਾ ਕਹਿਣਾ ਹੈ, “ਹਰਿਆਣਾ ਵਿਚ ਖੇਡਾਂ ਕਿੱਤਾ ਬਣ ਗਈਆਂ ਹਨ। ਨਗਦ ਇਨਾਮ ਅਤੇ ਜਾਬ ਸਕਿਊਰਟੀ ਨੇ ਨੌਜਵਾਨਾਂ ਦਾ ਖੇਡਾਂ ਵੱਲ ਧਿਆਨ ਖਿੱਚਿਆ ਹੈ। ਇਹੀ ਕਾਰਨ ਹੈ ਕਿ ਹਰਿਆਣਾ ਦੇਸ਼ ਦਾ ਮੋਹਰੀ ਸੂਬਾ ਬਣਦਾ ਜਾ ਰਿਹਾ ਹੈ।”



ਭਾਰਤੀ ਕ੍ਰਿਕਟਰ ਕਪਿਲ ਦੇਵ ਜੂਨ 1983 ਵਿਚ ਲੰਡਨ 'ਚ ਵਿਸ਼ਵ ਕੱਪ ਨਾਲ, ਨਾਲ ਹਨ ਮੋਹਿੰਦਰ ਅਮਰਨਾਥ

# ਹਰਿਆਣਾ ਲਈ ਬਿਹਤਰੀਨ ਸ਼ੁਰੂਆਤ

ਹਰਿਆਣਾ ਪਹਿਲੀ ਨਵੰਬਰ 1966 ਵਿਚ ਪੰਜਾਬ ਤੋਂ ਵੱਖ ਹੋ ਗਿਆ ਸੀ। ਪੰਜ ਦਿਨਾਂ ਬਾਅਦ ਭਿਵਾਨੀ ਤੋਂ ਐਥਲੀਟ ਭੀਮ ਸਿੰਘ ਏਸ਼ਿਆਈ ਖੇਡਾਂ ਦੌਰਾਨ ਸੋਨੇ ਦਾ ਤਗ਼ਮਾ ਜਿੱਤਣ ਵਾਲਾ ਸੂਬੇ ਦਾ ਪਹਿਲਾ ਖਿਡਾਰੀ ਸੀ। ਭੀਮ ਸਿੰਘ ਨੇ 2.05 ਮੀਟਰ ਦੇ ਹਾਈ ਜੰਪ ਨਾਲ ਰਿਕਾਰਡ ਬਣਾਇਆ। ਹਫ਼ਤੇ ਬਾਅਦ ਹੈਵੀਵੇਟ ਮੁੱਕੇਬਾਜ਼ ਹਵਾ ਸਿੰਘ ਨੇ ਸੋਨੇ ਦਾ ਤਗ਼ਮਾ ਜਿੱਤਿਆ। 1968 ਦੀਆਂ ਮੈਕਸੀਕੋ ਓਲੰਪਿਕ ਵਿਚ 25 ਮੈਂਬਰੀ ਭਾਰਤੀ ਦਲ ਵਿਚ ਹਰਿਆਣਾ ਤੋਂ ਸਿਰਫ਼ ਦੋ ਮੈਂਬਰ ਭੀਮ ਸਿੰਘ (ਅਥਲੈਕਿਟਕਸ) ਤੇ ਉਦੇ ਚੰਦ (ਪਹਿਲਵਾਨ) ਹੀ ਸਨ। ਖੇਡਾਂ ਵਿਚ ਹਰਿਆਣਾ ਨੇ 2008 ਵਿਚ ਪੰਜਾਬ ਨੂੰ ਪਛਾੜਦਿਆਂ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਇਆ। ਇਸ ਵਰ੍ਹੇ ਉਸ ਨੇ ਰੀਓ ਓਲੰਪਿਕ ਲਈ 20 ਖਿਡਾਰੀ ਭੇਜੇ। ਕਿਸੇ ਵੀ ਸੂਬੇ ਨਾਲੋਂ ਇਹ ਸੰਖਿਆ ਸਭ ਤੋਂ ਵੱਧ ਸੀ।

**ਖੇਡ ਸਭਿਆਚਾਰ :** ਖੇਡਾਂ, ਖ਼ਾਸ ਤੌਰ 'ਤੇ ਕੁਸ਼ਤੀ, ਕਬੱਡੀ ਤੇ ਮੁੱਕੇਬਾਜ਼ੀ ਹਰਿਆਣਾ ਦੇ ਦਿਹਾਤੀ ਸਭਿਆਚਾਰ ਦਾ ਹਿੱਸਾ ਹਨ। ਇਥੇ ਖਿਡਾਰੀਆਂ ਦਾ ਮੁਕਾਬਲਤਨ ਜ਼ਿਆਦਾ ਮਾਣ-ਸਨਮਾਨ ਹੁੰਦਾ ਹੈ। ਇਥੇ ਪਹਿਲਵਾਨ ਹੋਣ ਬੜੇ ਵਾਲੀ ਗੱਲ ਹੈ। ਜਦੋਂ ਕਿਤੇ ਕੋਈ ਖਿਡਾਰੀ ਵਿਦੇਸ਼ਾਂ ਤੋਂ ਸਫਲਤਾ ਨਾਲ ਮੁੜਦਾ ਹੈ ਤਾਂ ਪੂਰਾ ਪਿੰਡ ਆਪਣੇ ਨਾਇਕ ਖਿਡਾਰੀ ਦਾ ਮਾਣ-ਤਾਣ ਕਰਨ ਲਈ ਉਮੜ ਪੈਂਦਾ ਹੈ। ਇਹ ਜਲੌਅ ਦੇਖਣ ਵਾਲਾ ਹੁੰਦਾ ਹੈ। ਜਦੋਂ ਸਾਕਸ਼ੀ ਆਪਣੇ ਪਿੰਡ ਮੋਖਰਾ (ਰੋਹਤਕ) ਪੁੱਜੀ ਸੀ ਤਾਂ ਉਸ ਦਾ ਕਿਸੇ ਰਾਕਸਟਾਰ ਵਾਂਗ ਸਵਾਗਤ ਹੋਇਆ। ਕਿਸੇ ਸਿਆਸੀ ਆਗੂ ਨਾਲੋਂ ਇਹ ਮਾਣ-ਸਨਮਾਨ ਕਿਤੇ ਜ਼ਿਆਦਾ ਸੀ। ਸਾਕਸ਼ੀ ਦਾ ਕਹਿਣਾ ਹੈ, "ਇਹ ਬਹੁਤ ਵੱਡੀ ਗੱਲ ਹੈ ਕਿ ਸੂਬਾ ਸਰਕਾਰ ਤਗ਼ਮਾ ਜੇਤੂਆਂ ਨੂੰ ਨਗਦ ਇਨਾਮ ਦਿੰਦੀ ਹੈ ਪਰ ਜ਼ਮੀਨੀ ਪੱਧਰ 'ਤੇ ਵੀ ਸਹੂਲਤਾਂ ਮੁਹੱਈਆ ਕਰਵਾਉਣ ਵੱਲ ਧਿਆਨ ਕੇਂਦਰਤ ਹੋਣਾ ਚਾਹੀਦਾ ਹੈ।" ਸਾਕਸ਼ੀ ਦੀ ਅਕੈਡਮੀ ਉਨਾਂ ਦੀਆਂ ਕਾਰਗੁਜਾਰੀਆਂ 'ਤੇ ਮੁੜ ਵਿਚਾਰ ਕਰਨ ਦੇ ਸਬੰਧ ਵਿਚ ਦੋ ਸਾਲ ਲਈ ਬੰਦ ਰਹੀ। ਸਾਕਸ਼ੀ ਨੂੰ ਕਿਤੋਂ ਹੋਰ ਸਿਖਲਾਈ ਲੈਣੀ ਪਈ। ਹੋਰਨਾਂ ਅਕੈਡਮੀਆਂ ਦੀ ਹਾਲਤ ਵੀ ਇਹੋ ਜਿਹੀ ਹੈ। ਪਿਛਲੇ ਵਰ੍ਹੇ ਸ਼ਾਹਬਾਦ ਦੀਆਂ 40 ਕੁੜੀਆਂ ਨੂੰ ਪੰਜਾਬ ਦੇ ਫਤਿਹਗੜ੍ਹ ਸਾਹਿਬ ਸਥਿਤ ਅਕੈਡਮੀ ਵਿਚ ਭੇਜ ਦਿੱਤਾ ਗਿਆ ਸੀ ਕਿਉਂਕਿ ਖੇਡ ਵਿਭਾਗ ਨੇ ਉਨਾਂ ਦੀ ਹਾਕੀ ਅਕੈਡਮੀ ਬੰਦ ਕਰ ਦਿੱਤੀ ਸੀ। ਦਰੋਣਾਚਾਰੀਆ ਐਵਾਰਡੀ ਹਾਕੀ ਕੋਚ ਬਲਦੇਵ ਸਿੰਘ ਦਾ ਕਹਿਣਾ ਹੈ, "ਨਗਦ ਇਨਾਮ ਬੇਸ਼ੱਕ ਖਿਡਾਰੀਆਂ ਨੂੰ ਪ੍ਰੇਰਤ ਕਰਦੇ ਹਨ ਪਰ ਸਾਡੇ ਕੋਲ ਬੁਨਿਆਦੀ ਲੋੜਾਂ ਦੀ ਘਾਟ ਹੈ। ਹਰਿਆਣਾ ਦੇ ਖਿਡਾਰੀ ਅੱਜ ਜੋ ਪ੍ਰਾਪਤੀਆਂ ਕਰ ਰਹੇ ਹਨ, ਉਹਦੇ ਵਿਚ ਉਨਾਂ ਦੇ ਨਿੱਜੀ ਯਤਨ ਸ਼ਾਮਲ ਹਨ ਨਾ ਕਿ ਸੂਬਾ ਸਰਕਾਰ ਦਾ ਕੋਈ ਯੋਗਦਾਨ ਹੈ।" ਰੀਓ ਓਲੰਪਿਕ ਲਈ ਸੂਬਾ ਸਰਕਾਰ ਨੇ ਸੋਨ ਤਗ਼ਮਾ ਜੇਤੂਆਂ ਲਈ 6 ਕਰੋੜ, ਚਾਂਦੀ ਤਗ਼ਮਾ ਜੇਤੂਆਂ ਲਈ 4 ਕਰੋੜ ਰੁਪਏ ਅਤੇ ਕਾਂਸੀ ਤਗ਼ਮਾ ਜੇਤੂਆਂ ਲਈ 2.5 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਸੀ। ਇਕੱਲੀ ਹਰਿਆਣਾ ਸਰਕਾਰ ਹੀ ਹੈ ਜੋ ਪੈਰਾ ਐਥਲੀਟਾਂ (ਅਪਾਹਜਾਂ ਐਥਲੀਟ) ਲਈ ਨਗਦ ਇਨਾਮ ਦਿੰਦੀ ਹੈ। ਰੀਓ ਪੈਰਾ ਓਲੰਪਿਕ ਵਿਚ ਚਾਂਦੀ ਦਾ ਤਗ਼ਮਾ ਜਿੱਤਣ ਵਾਲੀ ਦੀਪਾ ਮਲਿਕ ਨੂੰ ਪਹਿਲੀ ਨਵੰਬਰ ਨੂੰ ਗੁਰੂਗਰਾਮ ਵਿਖੇ ਗੋਲਡਨ ਜੁਬਲੀ ਸਮਾਰੋਹ ਦੌਰਾਨ 4 ਕਰੋੜ ਰੁਪਏ ਦਿੱਤੇ ਗਏ। ਨਗਦ ਇਨਾਮ ਦੇਣ ਦੀ ਰਵਾਇਤ 2000 ਵਿਚ ਸਿਡਨੀ ਓਲੰਪਿਕ ਦੌਰਾਨ ਹੋਈ, ਜਦੋਂ ਉਸ ਵੇਲੇ ਦੀ ਸਰਕਾਰ ਨੇ ਸੋਨ ਤਗ਼ਮਾ ਜਿੱਤਣ ਵਾਲੇ ਲਈ 1 ਕਰੋੜ, ਚਾਂਦੀ ਜੇਤੂ ਲਈ 50 ਲੱਖ ਤੇ ਕਾਂਸੀ ਤਗ਼ਮਾ ਜਿੱਤਣ ਵਾਲੇ ਲਈ 25 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਸੀ।

# ਭਗਤ ਸਿੰਘ ਦਾ ਪਿਸਤੌਲ ਬੀਐਸਐਫ ਦੇ ਇੰਦੌਰ ਸਥਿਤ ਮਿਊਜ਼ੀਅਮ ਵਿਚੋਂ ਮਿਲਿਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਭਾਰਤ ਦੀ ਆਜ਼ਾਦੀ ਦੇ ਘੋਲ ਦੌਰਾਨ ਭਗਤ ਸਿੰਘ ਵੱਲੋਂ 17 ਦਸੰਬਰ, 1928 ਨੂੰ ਲਾਹੌਰ ਵਿੱਚ ਸਹਾਇਕ ਪੁਲੀਸ ਸੁਪਰਡੈਂਟ ਜੌਹਨ ਸਾਂਡਰਸ ਦੀ ਜਿਹੜੇ ਪਿਸਤੌਲ ਨਾਲ ਹੱਤਿਆ ਕੀਤੀ ਗਈ ਸੀ, ਉਹ ਇੰਦੌਰ ਵਿੱਚ ਬੀਐਸਐਫ ਦੇ ਸੈਂਟਰਲ ਸਕੂਲ ਆਫ ਵੈਪਨ ਐਂਡ ਟੈਕਟਿਕਸ (ਸੀਐਸਡਬਲਿਊਟੀ) ਮਿਊਜ਼ੀਅਮ ਵਿਚੋਂ ਸੁਰੱਖਿਅਤ ਮਿਲ ਗਿਆ ਹੈ। ਅਫ਼ਸੋਸ ਦੀ ਗੱਲ ਹੈ ਕਿ ਇਹ ਪਿਸਤੌਲ ਇਸ ਨਾਲ ਜੁੜੀ ਅਮੀਰ ਵਿਰਾਸਤ ਬਾਰੇ ਜਾਣਕਾਰੀ ਦਿੱਤੇ ਬਿਨਾਂ ਹੀ ਅਜਾਇਬਘਰ ਵਿੱਚ ਪ੍ਰਦਰਸ਼ਤ ਕੀਤਾ ਗਿਆ ਸੀ। ਇਤਿਹਾਸਕਾਰ ਅਤੇ ਖੋਜਕਾਰਾਂ ਵੱਲੋਂ ਲਾਪਤਾ ਪਿਸਤੌਲ ਬਾਰੇ ਸਮੇਂ ਸਮੇਂ ਆਵਾਜ਼ ਉਠਾਈ ਜਾਂਦੀ ਰਹੀ ਹੈ। ਜ਼ਿਕਰਯੋਗ ਹੈ ਕਿ 'ਦਿ ਟ੍ਰਿਬਿਊਨ' ਗਰੁੱਪ ਵੱਲੋਂ ਲਾਹੌਰ ਸਾਜ਼ਿਸ਼ ਕੇਸ ਅਤੇ ਲਾਪਤਾ ਪਿਸਤੌਲ ਬਾਰੇ ਜਾਣਕਾਰੀ ਪ੍ਰਕਾਸ਼ਤ ਕੀਤੀ ਗਈ ਸੀ।

'ਟ੍ਰਿਬਿਊਨ' ਦੀ ਪੜਤਾਲ ਦੌਰਾਨ ਪਤਾ ਲੱਗਾ ਸੀ ਕਿ ਇਹ ਪਿਸਤੌਲ 1969 ਤੱਕ ਪੰਜਾਬ ਪੁਲੀਸ ਅਕੈਡਮੀ, ਫਿਲੌਰ ਵਿੱਚ ਸੀ ਅਤੇ ਹੁਣ ਇਹ ਇਤਿਹਾਸਕ ਹਥਿਆਰ ਬੀਐਸਐਫ ਦੇ ਇੰਦੌਰ ਸਥਿਤ ਸੀਐਸਡਬਲਿਊਟੀ ਵਿਚੋਂ ਮਿਲਿਆ ਹੈ। ਸੀਐਸਡਬਲਿਊਟੀ ਦੇ ਆਈਜੀ ਅਤੇ ਕਮਾਂਡੈਂਟ ਪੰਕਜ ਨੇ ਦੱਸਿਆ ਕਿ ਅਮਰੀਕਾ ਦੇ ਬਣੇ ਕੋਲਟ.32 ਬੋਰ ਆਟੋਮੈਟਿਕ ਪਿਸਤੌਲ ਦਾ ਬੱਟ ਨੰਬਰ 460-ਐਮ ਅਤੇ ਬਾਡੀ ਨੰ- 168896 ਨਾਲ ਰਿਕਾਰਡ ਵਿਚ ਦਰਜ ਇਕ ਪਿਸਤੌਲ ਮੇਲ ਖਾਂਦਾ ਹੈ। ਪੰਜਾਬ ਪੁਲੀਸ ਅਕੈਡਮੀ, ਫਿਲੌਰ ਦੀਆਂ ਫਾਈਲਾਂ ਵਿਚੋਂ ਇਸ ਪਿਸਤੌਲ ਬਾਰੇ ਮਿਲੇ ਵੇਰਵੇ ਆਈਜੀ ਦੇ ਸਹਾਇਕ ਅਧਿਕਾਰੀਆਂ ਨੂੰ ਭੇਜੇ ਗਏ ਸਨ, ਜਿਨ੍ਹਾਂ ਕਿਹਾ ਸੀ ਕਿ ਅਜਿਹਾ ਕੋਈ ਰਿਕਾਰਡ ਨਹੀਂ ਲੱਭਾ ਹੈ।

ਪੰਕਜ ਨੇ ਖ਼ੁਸ਼ ਹੁੰਦਿਆਂ ਕਿਹਾ, 'ਅਸੀਂ ਲੱਭ ਲਿਆ ਹੈ। ਅਸੀਂ ਕੁੱਝ ਪੁਰਾਣੇ ਮੁਲਾਜ਼ਮਾਂ ਦੇ ਸੰਪਰਕ ਵਿੱਚ ਸੀ, ਜਿਨ੍ਹਾਂ ਨੇ ਦੱਸਿਆ ਕਿ ਇਹ ਹਥਿਆਰ ਇਥੇ ਹੈ। ਪਿਸਤੌਲ ਦੇ ਨੰਬਰ ਮੇਲ ਖਾ ਗਏ ਹਨ। ਹੁਣ ਇਸ ਨੂੰ ਸ਼ਹੀਦ ਦੇ ਨਾਂ ਨਾਲ ਪ੍ਰਦਰਸ਼ਤ ਕੀਤਾ ਜਾਵੇਗਾ।' ਪੰਜਾਬ ਪੁਰਾਲੇਖ, ਲਾਹੌਰ ਵਿੱਚ ਪਈਆਂ ਲਾਹੌਰ ਸਾਜ਼ਿਸ਼ ਕੇਸ ਦੀਆਂ ਫਾਈਲਾਂ ਤਕ ਪਹਿਲੀ ਵਾਰ ਪਹੁੰਚ ਕਰਨ ਵਾਲੀ ਖੋਜਾਰਥੀ ਅਪਰਨਾ ਵੈਦਿਕ ਵੱਲੋਂ ਦਿੱਤੀ ਜਾਣਕਾਰੀ ਦੇ ਆਧਾਰ ਕਿਸ਼ਤਾਂ ਵਿੱਚ ਸ਼ਹੀਦ ਬਾਰੇ ਜਾਣਕਾਰੀ ਪ੍ਰਕਾਸ਼ਤ ਕੀਤੀ ਗਈ ਸੀ। ਪੁਲੀਸ ਅਕੈਡਮੀ, ਫਿਲੌਰ ਤੋਂ 7 ਅਕਤੂਬਰ, 1969 ਨੂੰ ਸੀਐਸਡਬਲਿਊਟੀ, ਇੰਦੌਰ ਨੂੰ ਸੱਤ ਹੋਰ ਹਥਿਆਰਾਂ ਸਮੇਤ ਇਹ ਪਿਸਤੌਲ ਤਬਦੀਲ ਕੀਤਾ ਗਿਆ ਸੀ। ਇਤਫਾਕਨ 39 ਸਾਲ ਪਹਿਲਾਂ ਇਸੇ ਦਿਨ ਤਿੰਨ ਜੱਜਾਂ ਦੇ ਵਿਸ਼ੇਸ਼ ਟ੍ਰਿਬਿਊਨਲ ਨੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਮੌਤ ਦੀ ਸਜ਼ਾ ਸੁਣਾਈ ਸੀ।

ਜੱਜ ਨੇ ਜਿਸ ਪੈੱਨ ਨਾਲ ਮੌਤ ਦੀ ਸਜ਼ਾ 'ਤੇ ਹਸਤਾਖ਼ਰ ਕੀਤੇ ਸਨ, ਉਹ ਵੀ ਪੁਲੀਸ ਅਕੈਡਮੀ ਤੋਂ ਪੰਜਾਬ ਸਭਿਆਚਾਰਕ ਵਿਭਾਗ ਅਤੇ ਬਾਅਦ ਵਿੱਚ ਭਗਤ ਸਿੰਘ ਦੀ ਯਾਦ ਵਿੱਚ ਉਸ ਦੇ ਪਿੰਡ ਖਟਕੜ ਕਲਾਂ ਵਿੱਚ ਬਣੇ ਅਜਾਇਬਘਰ ਲਈ ਤਬਦੀਲ ਕਰ ਦਿੱਤਾ ਸੀ। ਪਰ ਇਹ ਪਿਸਤੌਲ, ਜਿਸ ਦੀ ਪੰਜਾਬ ਵਿੱਚ ਵੱਡੀ ਇਤਿਹਾਸਕ ਅਤੇ ਭਾਵਨਾਤਮਕ ਮਹੱਤਤਾ ਹੈ, ਕਈ ਦਹਾਕਿਆਂ ਬਾਅਦ ਹੁਣ ਮਿਲਿਆ ਹੈ।

# ਐਨਡੀਟੀਵੀ ਖ਼ਿਲਾਫ਼ ਲਾਈ ਪਾਬੰਦੀ ਦੇ ਹੁਕਮਾਂ 'ਤੇ ਫ਼ਿਲਹਾਲ ਰੋਕ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਚੌਤਰਫ਼ਾ ਵਿਰੋਧ ਅਤੇ ਚੈਨਲ ਵੱਲੋਂ ਸੁਪਰੀਮ ਕੋਰਟ ਦਾ ਕੁੰਡਾ ਖੜਕਾਉਣ ਤੋਂ ਬਾਅਦ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੇ ਐਨਡੀਟੀਵੀ ਇੰਡੀਆ ਖ਼ਿਲਾਫ਼ ਇਕ ਦਿਨ ਦੀ ਲਾਈ ਪਾਬੰਦੀ ਦੇ ਹੁਕਮਾਂ ਨੂੰ ਫਿਲਹਾਲ ਰੋਕ ਲਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਚੈਨਲ ਵੱਲੋਂ ਹੁਕਮਾਂ 'ਤੇ ਨਜ਼ਰਸਾਨੀ ਕੀਤੇ ਜਾਣ ਦੀ ਅਪੀਲ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ ਹੈ। ਸੂਤਰਾਂ ਮੁਤਾਬਕ ਐਨਡੀਟੀਵੀ ਦੇ ਸਹਿ ਚੇਅਰਮੈਨ ਪ੍ਰਨੋਏ ਰਾਇ ਨੇ ਸੂਚਨਾ ਅਤੇ ਪ੍ਰਸਾਰਨ ਮੰਤਰੀ ਐਮ ਵੈਂਕਈਆ ਨਾਇਡੂ ਨਾਲ ਮੁਲਾਕਾਤ ਕਰ ਕੇ ਇਸ ਮੁੱਦੇ 'ਤੇ ਵਿਚਾਰ ਵਟਾਂਦਰਾ ਕੀਤਾ। ਸੂਤਰਾਂ ਨੇ ਕਿਹਾ ਕਿ ਸ੍ਰੀ ਰਾਇ ਨੇ ਦਲੀਲ ਦਿੱਤੀ ਕਿ ਐਨਡੀਟੀਵੀ ਦੇ ਪੱਖ ਨੂੰ ਸ਼ਾਇਦ ਪੂਰੀ ਤਰ੍ਹਾਂ ਨਾਲ ਸਮਝਿਆ ਨਹੀਂ ਗਿਆ। ਸੀਨੀਅਰ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਫ਼ੈਸਲੇ ਦੀ ਨਜ਼ਰਸਾਨੀ ਕਰਨ ਲਈ ਆਖਿਆ ਸੀ। ਸ੍ਰੀ ਨਾਇਡੂ ਨੇ ਬੇਨਤੀ ਨੂੰ ਸਵੀਕਾਰ ਕਰ ਲਿਆ ਹੈ। ਉਧਰ 9 ਨਵੰਬਰ ਨੂੰ ਚੈਨਲ ਦੇ ਪ੍ਰਸਾਰਨ ਖ਼ਿਲਾਫ਼ ਲਾਈ ਗਈ ਪਾਬੰਦੀ ਦੇ ਵਿਰੋਧ ਵਿਚ ਐਨਡੀਟੀਵੀ ਇੰਡੀਆ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਖ਼ਲ ਕਰ ਦਿੱਤੀ ਹੈ। ਚੈਨਲ ਨੇ ਕਿਹਾ ਹੈ ਕਿ ਉਨ੍ਹਾਂ ਪਟੀਸ਼ਨ ਵਿਚ ਸਰਕਾਰੀ ਹੁਕਮਾਂ ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦਿੱਤੀ ਹੈ। ਐਨਡੀਟੀਵੀ ਲਿਮਟਿਡ ਨੇ ਦੋਸ਼ਾਂ ਤੋਂ ਇਨਕਾਰ ਕਰਦਿਆਂ ਕਿਹਾ ਹੈ ਕਿ ਹੋਰ ਚੈਨਲਾਂ ਅਤੇ ਅਖ਼ਬਾਰਾਂ ਨੇ ਵੀ ਉਹੋ ਕੁਝ ਨਸ਼ਰ ਕੀਤਾ ਸੀ, ਜਿਸ ਦਾ ਉਨ੍ਹਾਂ ਪ੍ਰਸਾਰਨ ਕੀਤਾ ਹੈ। ਉਧਰ ਪਣਜੀ ਵਿਚ ਭਾਜਪਾ ਦੇ ਕੌਮੀ ਸਕੱਤਰ ਸ਼੍ਰੀਕਾਂਤ ਸ਼ਰਮਾ ਨੇ ਕਿਹਾ ਕਿ ਐਮਰਜੈਂਸੀ ਅਤੇ ਐਨਡੀਟੀਵੀ ਇੰਡੀਆ ਦੇ ਦੋ ਵੱਖੋ ਵੱਖਰੇ ਮਾਮਲੇ ਹਨ। ਉਨ੍ਹਾਂ ਕਿਹਾ ਕਿ ਰਾਸ਼ਟਰ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਚੈਨਲ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ। ਸ੍ਰੀ ਸ਼ਰਮਾ ਨੇ ਰਾਹੁਲ ਗਾਂਧੀ ਦੇ ਬਿਆਨ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਜਿਹੜੇ ਲੋਕਾਂ ਨੇ ਆਪਣੇ ਨਿੱਜੀ ਹਉਮੈ ਲਈ ਐਮਰਜੈਂਸੀ ਲਾਈ, ਉਨ੍ਹਾਂ ਨੂੰ ਜਮਹੂਰੀਅਤ ਬਾਰੇ ਬੋਲਣ ਦਾ ਕੋਈ ਹੱਕ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਜਪਾ ਪ੍ਰੈੱਸ ਦੀ ਆਜ਼ਾਦੀ ਦਾ ਪੂਰੀ ਤਰ੍ਹਾਂ ਨਾਲ ਸਤਿਕਾਰ ਕਰਦੀ ਹੈ।

## ਪਟੀਸ਼ਨ 'ਤੇ ਸੁਣਵਾਈ 5 ਦਸੰਬਰ ਨੂੰ

ਨਵੀਂ ਦਿੱਲੀ : ਸਰਕਾਰ ਵੱਲੋਂ ਐਨਡੀਟੀਵੀ ਦੇ ਪ੍ਰਸਾਰਨ 'ਤੇ ਇੱਕ ਦਿਨ ਦੀ ਰੋਕ ਲਾਏ ਜਾਣ ਦੇ ਫ਼ੈਸਲੇ ਵਿਰੁੱਧ ਇਸ ਚੈਨਲ ਵੱਲੋਂ ਸੁਪਰੀਮ ਕੋਰਟ ਵਿੱਚ ਦਾਇਰ ਪਟੀਸ਼ਨ ਦੀ ਸੁਣਵਾਈ ਅਗਲੇ ਮਹੀਨੇ ਪੰਜ ਦਸੰਬਰ ਨੂੰ ਹੋਵੇਗੀ। ਐਨਡੀਟੀਵੀ ਦੇ ਵਕੀਲ ਐਫ.ਐਸ. ਨਰੀਮਨ ਅਤੇ ਅਟਾਰਨੀ ਜਨਰਲ ਮੁਕੁਲ ਰੋਹਤਗੀ ਨੇ ਸਰਬਉੱਚ ਅਦਾਲਤ ਨੂੰ ਦੱਸਿਆ ਕਿ ਇਸ ਮਾਮਲੇ ਸਬੰਧੀ ਹਾਲ ਦੀ ਘੜੀ ਕੋਈ ਕਾਹਲ ਨਹੀਂ ਹੈ ਕਿਉਂਕਿ ਚੈਨਲ ਦੇ ਪ੍ਰਸਾਰਨ 'ਤੇ ਇੱਕ ਦਿਨ (9 ਨਵੰਬਰ) ਦੀ ਰੋਕ ਲਾਉਣ ਦੇ ਫ਼ੈਸਲੇ ਨੂੰ ਸਰਕਾਰ ਨੇ ਖ਼ੁਦ ਹੀ ਰੋਕ ਲਿਆ ਹੈ। ਇਸ ਤੋਂ ਬਾਅਦ ਅਦਾਲਤ ਨੇ ਇਸ ਪਟੀਸ਼ਨ ਦੀ ਸੁਣਵਾਈ ਅਗਲੇ ਮਹੀਨੇ ਪੰਜ ਦਸੰਬਰ 'ਤੇ ਪਾ ਦਿੱਤੀ। ਜਸਟਿਸ ਏ.ਕੇ. ਸੀਕਰੀ ਅਤੇ ਐਨ.ਵੀ. ਰਮਨ ਦੇ ਬੈਂਚ ਨੂੰ ਅਟਾਰਨੀ ਜਨਰਲ ਵੱਲੋਂ ਦੱਸਿਆ ਗਿਆ ਕਿ ਐਨਡੀਟੀਵੀ ਨੂੰ ਅੰਤਰ-ਮੰਤਰਾਲਾ ਕਮੇਟੀ ਅੱਗੇ ਸੁਣਵਾਈ ਦਾ ਮੌਕਾ ਦਿੱਤਾ ਜਾਵੇਗਾ। ਇਸ ਕਮੇਟੀ ਨੂੰ ਚੈਨਲ ਨੇ ਪਠਾਨਕੋਟ ਦਹਿਸ਼ਤੀ ਹਮਲੇ ਵੇਲੇ ਪ੍ਰਸਾਰਨ ਨਿਯਮਾਂ ਦੀ ਉਲੰਘਣਾ ਦੇ ਦੋਸ਼ ਹੇਠ ਰੋਕ ਲਾਉਣ ਦੇ ਫ਼ੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ ਕੀਤੀ ਸੀ। ਚੈਨਲ ਨੇ ਕੇਬਲ ਟੀਵੀ ਨੈੱਟਵਰਕ (ਰੈਗੂਲੇਸ਼ਨ) ਐਕਟ ਦੀ ਸੰਵਿਧਾਨਕ ਵੈਧਤਾ ਨੂੰ ਵੀ ਚੁਣੌਤੀ ਦਿੱਤੀ ਹੈ। ਐਨਡੀਟੀਵੀ ਦੇ ਨੁਮਾਇੰਦਿਆਂ ਵੱਲੋਂ ਸੂਚਨਾ ਤੇ ਪ੍ਰਸਾਰਨ ਮੰਤਰੀ ਐਮ. ਵੈਂਕਈਆ ਨਾਇਡੂ ਨਾਲ ਮੁਲਾਕਾਤ ਤੋਂ ਬਾਅਦ ਸਰਕਾਰ ਨੇ ਆਪਣੇ ਫ਼ੈਸਲੇ 'ਤੇ ਹਾਲ ਦੀ ਘੜੀ ਰੋਕ ਲਾ ਦਿੱਤੀ ਹੈ।

# ਰੇਤ-ਬਜਰੀ ਤੇ ਸ਼ਰਾਬ ਮਗਰੋਂ ਹੁਣ ਅਕਾਲੀ ਦਲ ਬਣਿਆ ਕਲੱਬ ਮਾਫ਼ੀਆ : ਬੈਂਸ

**ਲੁਧਿਆਣਾ/ਬਿਊਰੋ ਨਿਊਜ਼ :**
ਸਤਲੁਜ ਕਲੱਬ ਵਿਚ ਸ਼ਰੇਆਮ ਜੂਆ ਖੇਡੇ ਜਾਣ ਦੇ ਮਾਮਲੇ ਨੇ ਹੁਣ ਸਿਆਸੀ ਰੂਪ ਲੈਣਾ ਸ਼ੁਰੂ ਕਰ ਦਿੱਤਾ ਹੈ। ਕਲੱਬ ਦੇ ਪ੍ਰਧਾਨ ਅਤੇ ਡਿਪਟੀ ਕਮਿਸ਼ਨਰ ਰਵੀ ਭਗਤ ਇਸ ਦੀ ਜਾਂਚ ਨੂੰ ਬੇਸ਼ੱਕ ਗੰਭੀਰ ਨਾ ਲੈਂਦੇ ਹੋਣ, ਪਰ ਸਿਆਸੀ ਪਾਰਟੀਆਂ ਦੇ ਨੇਤਾਵਾਂ ਨੇ ਇਸ ਮਾਮਲੇ ਵਿਚ ਨੋਟਿਸ ਲੈ ਕੇ ਅਕਾਲੀ ਦਲ ਖ਼ਿਲਾਫ਼ ਬਿਆਨਬਾਜ਼ੀ ਸ਼ੁਰੂ ਕਰ ਦਿੱਤੀ ਹੈ। ਆਜ਼ਾਦ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਦੱਸਿਆ ਕਿ ਬਾਦਲ ਸਰਕਾਰ ਰੇਤ, ਸ਼ਰਾਬ ਤੇ ਕੇਬਲ ਤੋਂ ਬਾਅਦ ਹੁਣ ਕਲੱਬ ਮਾਫ਼ੀਆ ਵੀ ਬਣ ਗਈ ਹੈ। ਕਿੰਨੀ ਸ਼ਰਮਨਾਕ ਗੱਲ ਹੈ ਕਿ ਜਿਸ ਕਲੱਬ ਦਾ ਪ੍ਰਧਾਨ ਜ਼ਿਲ੍ਹੇ ਦਾ ਡੀ.ਸੀ. ਹੋਵੇ ਤੇ ਉਸ ਦੀ ਅਗਵਾਈ ਵਿਚ ਹੀ ਸ਼ਰੇਆਮ ਜੂਆ ਖੇਡਿਆ ਜਾ ਰਿਹਾ ਹੋਵੇ। ਕਲੱਬ ਦੇ ਆਮ ਮੈਂਬਰਾਂ 'ਤੇ ਤਾਂ ਕਾਰਵਾਈ ਕੀਤੀ ਜਾ ਰਹੀ ਹੈ ਪਰ ਅਕਾਲੀ ਦਲ ਵਿਚ ਰਸੂਖ਼ ਰੱਖਣ ਵਾਲੇ ਕਲੱਬ ਦੇ ਮੈਂਬਰ, ਜਿਨ੍ਹਾਂ ਦੇ ਘਰ ਬਾਦਲ ਆ ਕੇ ਠਹਿਰਦੇ ਵੀ ਹਨ, ਉਨ੍ਹਾਂ ਨੂੰ ਕਲੱਬ ਦੇ ਅਹੁਦੇਦਾਰਾਂ ਨੇ ਜਾਂਚ ਅਫ਼ਸਰ ਨਾਲ ਮਿਲ ਕੇ ਸੀ.ਸੀ.ਟੀ.ਵੀ ਫੁਟੇਜ ਵਿਚ ਹੀ ਪਛਾਣਨ ਤੋਂ ਮਨ੍ਹਾ ਕਰ ਦਿੱਤਾ। ਇਨ੍ਹਾਂ 'ਤੇ ਕਾਰਵਾਈ ਨਹੀਂ ਕੀਤੀ ਜਾ ਰਹੀ।

# ਲਓ ! ਕਰ ਲੋ ਗੱਲ...

-ਕਮਲ ਦੁਸਾਂਝ




## ਤੁਹਾਡੇ ਪਿੰਡ ਦਾ ਨਾਂ ਹੁਣ 'ਪ੍ਰੇਮੀ' ਹੈ 'ਪ੍ਰੇਮੀ' !!

ਪ੍ਰੇਮੀ-ਓ ਮੂਰਖ਼ੋ ! ਥੋਨੂੰ ਪਤਾ ਨਹੀਂ, ਥੋਡੇ ਪਿੰਡ ਦਾ ਨਾਂ ਹੁਣ 'ਕੋਟਲੀ' ਨਹੀਂ 'ਪ੍ਰੇਮੀ' ਹੈ।

ਕੋਟਲੀ- 'ਪ੍ਰੇਮੀ' ! ਜੀ, ਇਹ ਕਦੋਂ ਤੋਂ ਹੋ ਗਿਆ....ਸਾਨੂੰ ਤਾਂ ਪਤਾ ਹੀ ਨਹੀਂ ਚੱਲਿਆ।

ਪ੍ਰੇਮੀ- ਮੂਰਖੋ, ਤੁਸੀਂ ਆਪ ਈ ਤਾਂ ਦਸਖ਼ਤ ਕੀਤੇ ਸੀ ਕਾਗਜ਼ਾਂ ਤੇ ਸਾਡੇ ਪਿੰਡ ਦਾ ਨਾਂ 'ਪ੍ਰੇਮੀ' ਧਰ ਦਿਓ।

ਕੋਟਲੀ- ਪਰ ਸਾਨੂੰ ਤਾਂ ਕੁਝ ਹੋਰ ਹੀ ਕਹਿ ਕੇ ਦਸਖ਼ਤ ਕਰਵਾਏ ਸੀ... ਪਰ ਇਹ ਕੀਤਾ ਕਿਉਂ ?

ਪ੍ਰੇਮੀ- ਮੂਰਖ਼ੋ ਥੋਨੂੰ ਪਤਾ ਨਹੀਂ ਇਹ ਵਿਧਾਨ ਸਭਾ ਹਲਕਾ ਮੌੜਮੰਡੀ ਦਾ ਪਿੰਡ ਐ...ਵੋਟਾਂ ਨੇੜੇ ਆ ਰਹੀਆਂ ਨੇ...ਤੇ ਕੈਬਨਿਟ ਮੰਤਰੀ ਜਨਮੇਜਾ ਸਿੰਘ ਸੇਖੋਂ ਬਹੁਤ ਫ਼ਿਕਰਮੰਦ ਨੇ...ਥੋਡਾ ਕੀ ਐ...ਤੁਸੀਂ ਤਾਂ ਕਿਸੇ ਨੂੰ ਵੀ ਵੋਟ ਪਾ ਦਿਓ ਪਰ ਮੰਤਰੀ ਸਾਹਿਬ ਆ 20 ਫ਼ੀਸਦੀ ਵੋਟਾਂ ਕਿਉਂ ਛੱਡਣ ? ਭਲਾ ਇਹ ਥੋੜ੍ਹੀਆਂ ਹੁੰਦੀਆਂ ਨੇ... ? ਭਾਈ ਇਕ ਇਕ ਵੋਟ ਦੀ ਕੀਮਤ ਹੁੰਦੀ ਐ।

ਕੋਟਲੀ- ਅੱਛਾ ! ਅੱਛਾ !! ਲਓ ਫੇਰ ਮੂਰਖ਼ਾਂ ਦੀ ਅਕਲਮੰਦੀ ਦੇਖ ਲਓ...ਆ ਚੁੱਕੋ 1800 ਬੰਦਿਆਂ ਦੇ ਦਸਖ਼ਤ...ਆ 400 ਬੰਦਾ ਡੇਰਾ ਪ੍ਰੇਮੀਆਂ ਦਾ ਐ ਨਾ...ਅਸੀਂ ਵੀ ਪਿੰਡ ਕੋਟਲੀ ਹੀ ਵਜਾ ਕੇ ਰਹਾਂਗੇ। ਤੁਸੀਂ ਜ਼ੋਰ ਲਾ ਲਓ ਜਿੰਨਾ ਮਰਜ਼ੀ, ਵੋਟ ਫੇਰ ਵੀ ਨੀਂ ਪੈਣੀ...। ਹੁਣ ਤਾਂ ਵੋਟਾਂ ਹੀ ਕਰਨਗੀਆਂ ਨਿਬੇੜਾ...।

## ਨਾ ਮੈਂ ਟਰੰਪ ਨਾ ਹਿਲੇਰੀ !!

ਕੈਪਟਨ ਅਮਰਿੰਦਰ ਸਿੰਘ ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਆਪਣੀ ਪੂਰੀ ਜਿੰਦ-ਜਾਨ ਲਾ ਰਹੇ ਹਨ। ਪ੍ਰਚਾਰ ਦੇ ਨਵੇਂ ਨਵੇਂ ਤਰੀਕੇ ਵੀ ਵਰਤ ਰਹੇ ਹਨ। ਪਰ ਉਹ ਅਮਰੀਕੀ ਰਾਸ਼ਟਰਪਤੀ ਚੋਣਾਂ ਦੇ ਦਾਅਵੇਦਾਰਾਂ ਡੋਨਾਲਡ ਟਰੰਪ ਤੇ ਹਿਲੇਰੀ ਕਲਿੰਟਨ ਵਾਂਗ ਦਾ ਬਿਲਕੁਲ ਹੀ ਬਹਿਸਣਾ ਨਹੀਂ ਚਾਹੁੰਦੇ। ਉਂਜ ਉਹ ਕਦੇ ਬਾਦਲ ਸਾਹਿਬ ਨੂੰ ਤੇ ਕਦੇ ਅਰਿਵੰਦ ਕੇਜਰੀਵਾਲ ਨੂੰ ਖੁੱਲ੍ਹੀ ਬਹਿਸ ਦਾ ਸੱਦਾ ਦਿੰਦੇ ਰਹਿੰਦੇ ਹਨ। ਭਲਾ ਉਨ੍ਹਾਂ ਨੂੰ ਟਰੰਪ ਤੇ ਹਿਲੇਰੀ ਵਾਂਗ ਬਹਿਸ ਤੋਂ ਕਿਉਂ ਡਰ ਲਗਦੈ ? ਉਨ੍ਹਾਂ ਨੂੰ ਇਹ ਡਰ ਤਾਂ ਨਹੀਂ ਕਿ ਜੇ ਟਰੰਪ ਵਾਂਗ ਉਨ੍ਹਾਂ ਦੀ ਵੀ 'ਰੌਣਕੀ ਤਬੀਅਤ' ਬਾਰੇ ਬਹਿਸ ਛਿੜ ਗਈ ਤਾਂ ਕਿਤੇ ਲੈਣੇ ਦੇ ਦੇਣੇ ਨਾ ਪੈ ਜਾਣ। ਭਲਾ ਏਸੇ 'ਚ ਐ, ਬੱਸ ਤੁਸੀਂ 'ਖੁੱਲ੍ਹੀ ਬਹਿਸ' 'ਖੁੱਲ੍ਹੀ ਬਹਿਸ' ਦਾ ਢੰਡੋਰਾ ਪਿਟੀ ਜਾਓ... ਓਨੇ ਨੂੰ ਚੋਣਾਂ ਦਾ ਸਮਾਂ ਆਜੂ'ਗਾ। ਐਵੇਂ ਟਰੰਪ ਤੇ ਹਿਲੇਰੀ ਬਣ ਕੇ ਕੀ ਲੈਣੈ ?!!



## ਆਓ ਜੀ ਆਓ !! ਥੋਡਾ ਵੀ ਸਵਾਗਤ ਐ !!



ਆਮ ਆਦਮੀ ਪਾਰਟੀ ਪੰਜਾਬ ਵਿਚ ਜਿੱਤ ਦੇ ਇਰਾਦੇ ਨਾਲ ਪੂਰੀ ਤਰ੍ਹਾਂ ਸਰਗਰਮ ਹੈ। ਉਹ ਅਜਿਹਾ ਕੋਈ ਵੀ ਸਿਆਸੀ ਪੈਂਤੜਾ ਨਹੀਂ ਛੱਡ ਰਹੀ, ਜਿਸ ਨਾਲ ਜਿੱਤ ਵਿਚ ਰੁਕਾਵਟ ਆਵੇ। ਉਹਨੂੰ ਤਾਂ ਨਸ਼ਿਆਂ ਦਾ ਤੇ ਕਿਸਾਨਾਂ ਦੀ ਖ਼ੁਦਕੁਸ਼ੀ ਤਾਂ ਤੱਤਾ ਤੱਤਾ ਮੁੱਦਾ ਤਾਂ ਚਾਂਦੀ ਦੀ ਥਾਲੀ ਵਿਚ ਪਰੋਸ ਕੇ ਮਿਲਿਆ ਹੈ। ਜਿੱਥੇ ਕਿਤੇ ਪਤਾ ਲੱਗੇ ਸਹੀ ਕਿ ਫਲਾਣਾ ਬੰਦਾ ਬਾਦਲ ਸਰਕਾਰ ਤੋਂ ਔਖੈ, 'ਆਪ' ਆਗੂ ਝੱਟ ਦੇਣੀ ਉਥੇ ਪਹੁੰਚ ਜਾਂਦੇ ਨੇ। ਨਸ਼ਿਆਂ ਖ਼ਿਲਾਫ਼ ਮੁਹਿੰਮ ਵਿੱਢੀ ਸੀ ਤਾਂ ਬੈਠੇ ਬਠਾਏ ਸ਼ਰਾਬ ਮਾਫ਼ੀਏ ਸ਼ਿਵ ਲਾਲ ਡੋਡਾ ਦਾ ਮੁੱਦਾ ਹੱਥ ਵਿਚ ਆ ਗਿਆ। ਸ਼ਰਾਬ ਮਾਫ਼ੀਏ ਹੱਥੋਂ ਮਾਰੇ ਗਏ ਨੌਜਵਾਨਾਂ ਦੇ ਪੀੜਤਾਂ ਨੂੰ ਹੌਸਲਾ ਦੇਣ ਪੁੱਜ ਗਏ 'ਆਪ' ਆਗੂ। ਬੜੀ ਹਮਦਰਦੀ ਜਤਾਈ ਤੇ ਭਰੋਸਾ ਦਿੱਤਾ ਕਿ ਸਰਕਾਰ ਆਉਣ 'ਤੇ ਦੋਸ਼ੀਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਂਜ ਵੀ 'ਆਪ' ਬਾਦਲ ਦੋਖੀਆਂ ਨੂੰ ਧੜਾ-ਧੜ ਆਪਣੀ ਪਾਰਟੀ ਵਿਚ ਸ਼ਾਮਲ ਕਰਨ 'ਤੇ ਲੱਗੀ ਹੋਈ ਹੈ, ਕਈ ਵਾਰ ਤਾਂ ਉਹਨੂੰ ਇਹ ਵੀ ਪਤਾ ਨਹੀਂ ਹੁੰਦਾ ਕਿ ਇਹ ਬਾਦਲ ਦੋਖੀ ਐ ਜਾਂ ਬਾਦਲ ਪ੍ਰੇਮੀ। ਤਾਜ਼ਾ ਤਾਜ਼ਾ ਕਾਰਵਾਈ ਹੀ ਸੁਣ ਲਓ। ਇਕ ਪਾਸੇ ਸ਼ਰਾਬ ਮਾਫ਼ੀਏ ਨੂੰ ਜੇਲ੍ਹ ਵਿਚ ਸੁੱਟਣ ਦੇ ਦਾਅਵੇ ਤੇ ਦੂਜੇ ਪਾਸੇ ਸ਼ਿਵ ਲਾਲ ਡੋਡਾ ਦੇ ਸਿਆਸੀ ਸਲਾਹਕਾਰ ਓਮ ਪ੍ਰਕਾਸ਼ ਕੌਸ਼ਿਕ ਨੂੰ ਪਾਰਟੀ ਵਿਚ ਸ਼ਾਮਲ ਕਰ ਲਿਆ। ਲਓ ਜੀ ! ਆ ਕੀ ਗੱਲ ਬਣੀ। ਸੱਤਾ ਵਿਚ ਆਏ ਤਾਂ ਭਲਾ ਸਜ਼ਾ ਕਿਹਨੂੰ ਦਿਓਂਗੇ...ਅਪਰਾਧੀਆਂ ਨੂੰ ਕਿ ਲੋਕਾਂ ਨੂੰ ? ਇਹ ਤਾਂ 'ਆਪ' ਵਾਲੇ ਹੀ ਦੱਸ ਸਕਦੇ ਨੇ...। ਉਂਜ ਚਾਰੇ ਪਾਸੇ ਕਿਰਕਰੀ ਹੋਣ 'ਤੇ ਨਾਲੋ-ਨਾਲ ਓਮ ਪ੍ਰਕਾਸ਼ ਕੌਸ਼ਿਕ ਨੂੰ ਪਾਰਟੀ 'ਚੋਂ ਮੁਅੱਤਲ ਵੀ ਕਰ ਦਿੱਤਾ ਗਿਆ। ਹੈ ਨਾ 'ਆਪ' ਦਾ ਕਮਾਲ !!!

## ਕੋਈ ਮਾਂ ਦਾ ਲਾਲ ਸਾਨੂੰ ਨਹੀਂ ਰੋਕ ਸਕਦਾ !!

ਭਾਰਤ ਵਿਚ ਇਨ੍ਹੀਂ ਦਿਨੀਂ ਐਮਰਜੈਂਸੀ ਵਰਗੇ ਤਾਂ ਹਾਲਾਤ ਨੇ...ਤਾਜ਼ਾ ਘਟਨਾ ਐਨ.ਡੀ.ਟੀ.ਵੀ 'ਤੇ ਪਾਬੰਦੀ ਲਾਉਣ ਦੀ ਹੈ। ਉਂਜ ਵੀ ਰੋਜ਼ ਹੀ ਕਦੇ ਗਊ ਰਕਸ਼ਕ ਤੇ ਭਗਵਾਂ ਭਗਤ ਸੜਕਾਂ 'ਤੇ ਹੜਦੁੰਗ ਮਚਾਉਂਦੇ ਫਿਰ ਰਹੇ ਹਨ... ਹੁਣ ਤਕ ਕਿਸੇ ਦੋਸ਼ੀ ਨੂੰ ਸਜ਼ਾ ਨਹੀਂ ਹੋਈ...ਵੱਕਾਰੀ ਅਹੁਦੇ ਵੀ



ਭਗਵਾਂ ਭਗਤਾਂ ਨੂੰ ਦਿੱਤੇ ਜਾ ਰਹੇ ਹਨ...ਕਾਲਾ ਧਨ ਵਾਪਸ ਨਹੀਂ ਆਇਆ... ਵਗੈਰਾ...ਵਗੈਰਾ....। ਪਰ ਹਿੰਮਤ ਤਾਂ ਦੇਖੋ ਕੇਂਦਰੀ ਮੰਤਰੀ ਰਾਜਨਾਥ ਸਿੰਘ ਦੀ। ਉਨ੍ਹਾਂ ਉਤਰ ਪ੍ਰਦੇਸ਼ ਦੀਆਂ ਅਗਾਮ ਚੋਣਾਂ ਦੇ ਮੱਦੇਨਜ਼ਰ ਇਕ ਹੋਰ ਜੁਮਲਾ ਛੱਡਿਆ ਹੈ-ਕਿਸੇ ਮਾਂ ਦੇ ਲਾਲ ਦੀ ਹਿੰਮਤ ਨਹੀਂ ਕਿ ਕਿਸੇ ਨੂੰ ਇਨਸਾਫ਼ ਲੈਣ ਤੋਂ ਰੋਕ ਸਕੇ !! ਲਗਦੈ, ਉਨ੍ਹਾਂ ਦੀ ਜ਼ੁਬਾਨ ਫਿਸਲ ਗਈ, ਉਹ ਸ਼ਾਇਦ ਕਹਿਣਾ ਚਾਹੁੰਦੇ ਸਨ ਕਿ ਕਿਹੜੀ ਮਾਂ ਦੇ ਲਾਲ ਵਿਚ ਏਨੀ ਹਿੰਮਤ ਹੈ ਜੋ ਸਾਨੂੰ ਰੋਕ ਸਕੇ !!!

## ਬਾਦਲਾਂ ਨੂੰ ਫ਼ਿਕਰ ਪਿਆ !!

ਪੰਜਾਬ ਵਿਧਾਨ ਸਭਾ ਚੋਣਾਂ ਵਿਚ ਇਸ ਵਾਰ ਸੱਤਾ ਵਿਰੋਧੀ ਲਹਿਰ ਸਾਫ਼ ਸਾਫ਼ ਦਿਖਾਈ ਦੇ ਰਹੀ ਹੈ, ਇਸੇ ਲਈ ਬਾਦਲਾਂ ਨੂੰ ਫ਼ਿਕਰ ਵੱਢ ਵੱਢ ਖਾ ਰਿਹੈ। ਹਾਲਤ ਪਤਲੀ ਹੋਣ ਦੇ ਡਰੋਂ, ਉਹ ਆਪਣੇ ਪਿੰਡ ਵਿਚ ਸਥਿਤੀ ਮਜ਼ਬੂਤ ਕਰਨ ਵਿਚ ਲੱਗੇ ਹੋਏ ਨੇ ਕਿ ਕਿਤੇ ਇਥੋਂ ਹੀ ਨਾ ਹਾਰ ਮਿਲ ਜਾਏ...ਦੇਖੋ, ਬਈ ਹੁਣ ਆਪਣੇ ਪਿੰਡ ਤਾਂ ਇੱਜ਼ਤ ਬਚਾ ਕੇ ਰੱਖਣੀ ਚਾਹੀਦੀ ਹੈ...ਇਹਦੇ ਲਈ ਭਾਵੇਂ ਕੁਝ ਵੀ ਕਰਨਾ ਪਵੇ। ਸੀਨਾ ਜ਼ੋਰੀ ਤਾਂ ਉਂਜ ਵੀ ਸੱਤਾਧਾਰੀਆਂ ਦਾ ਸ਼ੌਕ ਹੈ। ਆ ਬਾਦਲਾਂ ਨੂੰ ਹੀ ਦੇਖ ਲਓ...ਜਿਹੜੇ ਕਰੋੜਾਂ ਦੇ ਫ਼ੰਡ ਸ਼ਹਿਰੀ ਵਿਕਾਸ ਲਈ ਸਨ, ਉਹ ਉਨ੍ਹਾਂ ਪਿੰਡ 'ਤੇ ਲਾ ਧਰੇ, ਉਹ ਵੀ ਆਪਣੇ ਪਿੰਡ ਬਾਦਲ 'ਤੇ। ਭਲਾ ਸ਼ਹਿਰ ਆਲਿਆਂ ਦਾ ਕੀ ਭਰੋਸਾ ਵੋਟ ਪਾਉਣ ਜਾਂ ਨਾ, ਪਰ ਪਿੰਡ ਆਲੇ ਤਾਂ ਆਖ਼ਰ ਆਪਣੇ ਈ ਐ। 'ਕਰ ਭਲਾ...ਹੋ ਭਲਾ' !!! ਪਰ ਜੇ ਪਿੰਡ ਆਲਿਆਂ ਨੇ ਵੀ 'ਭਲਾ' ਨਾ ਕੀਤਾ...ਫ਼ੇਰ !!! ਫੇਰ ਕੀ, ਬਾਦਲ ਪਰਿਵਾਰ ਕੈਲੀਫੋਰਨੀਆ ਜਾ ਕੇ ਦਿਲ ਪਰਚਾ ਆਊ...ਹੋਰ ਕੀ...!!

## ਟੈਕਸ ਲਾਏ ਆ, ਹੁਣ ਗੰਦਗੀ ਵੀ ਲਓ...

ਇਨ੍ਹੀਂ ਦਿਨੀਂ ਦਿੱਲੀ ਵਿਚ ਪ੍ਰਦੂਸ਼ਣ ਨੇ ਅਤ ਕੀਤਾ ਹੋਇਆ ਹੈ ਤੇ ਸਿਆਸਤ ਵੀ ਅੱਤ ਹੀ ਕਰ ਰਹੀ ਹੈ। ਮਸਲੇ ਦੇ ਹੱਲ ਨਾਲੋਂ ਜ਼ਿਆਦਾ ਇਕ-ਦੂਜੇ 'ਤੇ ਦੂਸ਼ਣ ਲਾ ਕੇ ਮਾਹੌਲ ਨੂੰ ਗੰਧਲਾ ਕੀਤਾ ਜਾ ਰਿਹਾ ਹੈ। ਦਿੱਲੀ ਵਾਲਿਆਂ ਦਾ ਕਹਿਣਾ ਹੈ ਕਿ ਇਹ ਸਾਰਾ ਕਾਰਾ ਪੰਜਾਬ ਦਾ ਹੈ। ਇਹਨੇ ਪਰਾਲੀਆਂ ਨੂੰ ਅੱਗ ਲਾਈ ਇਸੇ ਲਈ ਦਿੱਲੀ ਵਿਚ ਏਨਾ ਧੂੰਆਂ ਹੋਇਆ। ਇਨ੍ਹਾਂ ਸਿਆਸਤਦਾਨਾਂ ਵਲੋਂ ਨਾ ਤਾਂ ਕਾਰਨ ਲੱਭੇ ਜਾਣੇ ਹਨ ਤੇ ਨਾ ਹੀ ਇਹਦੇ ਹੱਲ ਪਰ ਜ਼ਰਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਘੁਰਕੀ ਵੀ ਸੁਣਦੇ ਜਾਓ। ਬਾਦਲ ਸਾਹਿਬ ਨੇ ਦਬਕਾ ਮਾਰਿਆ ਹੈ-'ਅਸੀਂ ਤਾਂ ਨਹੀਂ ਕਿਹਾ ਕਿਸਾਨਾਂ ਨੂੰ ਬਈ ਤੁਸੀਂ ਪਰਾਲੀ ਫੂਕੋ...ਇਹ ਹਟਦੇ ਹੀ ਨਹੀਂ...ਉਨ੍ਹਾਂ ਦੇ ਖੇਤਾਂ ਵਿਚ ਏਨਾ ਧੂੰਆਂ ਉਠ ਵੀ ਰਿਹੈ ਤਾਂ ਫੇਰ ਕੀ...ਅਸੀਂ ਪੂਰੇ ਦੇਸ਼ ਨੂੰ ਅਨਾਜ ਵੀ ਤਾਂ ਦੇ ਰਹੇ ਹਾਂ।" ਲਓ ਜੀ ! ਖ਼ਬਰਦਾਰ ਜੇ ਤੁਸੀਂ ਪੰਜਾਬ ਸਿਰ ਪ੍ਰਦੂਸ਼ਣ ਮੜ੍ਹਿਆ...ਫ਼ੇਰ ਕੀ ਹੋਇਆ ਜੇ ਪੰਜਾਬ ਵਿਚ ਵੀ ਪ੍ਰਦੂਸ਼ਣ



ਨਾਲ 7 ਦਿਨਾਂ ਵਿਚ 37 ਮੌਤਾਂ ਹੋ ਗਈਆਂ...ਇਹਦੇ 'ਚ ਸਰਕਾਰ ਕੀ ਕਰੇ...ਸਰਕਾਰ ਤਾਂ ਟੈਕਸ ਲਾ ਸਕਦੀ ਐ...ਸਵੱਛ ਟੈਕਸ ਵੀ ਲਾਇਐ...ਰੋਡ ਟੈਕਸ ਦੇ ਨਾਲ ਨਾਲ ਪਲਾਜ਼ੇ ਵੀ ਛਿੱਲ ਲਾਹ ਰਹੇ ਨੇ...ਏਨਾ ਕੁਝ ਤਾਂ ਬਾਦਲ ਸਰਕਾਰ ਪੰਜਾਬੀਆਂ ਨੂੰ ਦੇ ਰਹੀ ਐ...ਹੁਣ ਗੰਦਗੀ ਵੀ ਝਲਣੀ ਪਊ !!!

# 'ਬੰਬ ਚਲਾ ਦੋ ਅੱਗ ਲਗਾ ਦੋ': ਪਾਕਿਸਤਾਨੀ ਡਾਕਟਰ ਨੇ ਕੀਤਾ ਮੋਦੀ ਦਾ ਇਲਾਜ

**ਸੈਨਹੋਜੇ ਤਰਲੋਚਨ ਸਿੰਘ ਦੁਪਾਲਪੁਰ**

ਜੀ ਹਾਂ, ਉੜਦੂ ਬੋਲਣ ਵਾਲੇ ਇਕ ਪਾਕਿਸਤਾਨੀ ਡਾਕਟਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦਾ ਇਲਾਜ ਕੀਤਾ। ਚਿੱਟਾ ਕੋਟ ਪਹਿਨੀ ਤੇ ਸਟੈਥੋਸਕੋਪ ਗਲ ਵਿਚ ਲਟਕਾਈ ਡਾਕਟਰ ਆਪਣੇ ਕਲੀਨਿਕ ਵਿਚ ਬੈਠਾ ਇਕ ਮਰੀਜ਼ ਲਈ ਦਵਾਈਆਂ ਲਿਖਣ ਵਿਚ ਮਸ਼ਰੂਫ ਹੈ। ਤਦੇ ਹੀ ਹੋ ਹੱਲਾ ਮਚਾਉਂਦੇ ਇਕ ਮਰੀਜ਼ ਨੂੰ ਦੋ ਬੰਦੇ ਫੜ ਕੇ ਕਲੀਨਿਕ ਵਿਚ ਲਿਆਉਂਦੇ ਨੇ ਜੋ 'ਬੰਬ ਚਲਾ ਦੋ--ਅੱਗ ਲਗਾ ਦੋ--ਮਾਰ ਦੋ' ਉੱਚੀ ਉੱਚੀ ਕਹਿੰਦਾ ਹੋਇਆ ਦੋਹਾਂ ਬੰਦਿਆਂ ਤੋਂ ਆਪਣੀਆਂ ਬਾਹਾਂ ਛੁਡਾਉਣ ਦੀ ਕੋਸ਼ਿਸ਼ ਕਰਦਾ ਹੈ। ਬੜੀ ਮੁਸ਼ਕਿਲ ਨਾਲ ਦੋਵੇ ਸਹਾਇਕ ਉਸ ਮਰੀਜ਼ ਨੂੰ ਕਾਬੂ ਕਰਕੇ ਡਾਕਟਰ ਦੇ ਮੇਜ ਲਾਗੇ ਡਹੀ ਕੁਰਸੀ 'ਤੇ ਬਿਠਾ ਦਿੰਦੇ ਨੇ। ਦੰਦੀਆਂ ਕਰੀਚ ਕਰੀਚ ਕੇ 'ਬੰਬ ਚਲਾ ਦੋ' ਦਾ ਰੌਲਾ ਪਾ ਰਹੇ ਮਰੀਜ਼ ਵੱਲ ਦੇਖ ਕੇ ਜਦੋਂ ਡਾਕਟਰ ਪੁੱਛਦਾ ਹੈ ਕਿ ਮੋਦੀ ਜੀ ਨੂੰ ਕੀ ਹੋ ਗਿਆ ਹੈ ? ਤਦ ਉਸ ਮਰੀਜ਼ ਦਾ ਚਿਹਰਾ ਮੋਹਰਾ ਅਤੇ ਜੈਕਟ ਦੇਖ ਕੇ ਪਤਾ ਲਗਦਾ ਹੈ ਕਿ ਇਹ ਤਾਂ ਸਾਡੇ ਪ੍ਰਧਾਨ ਮੰਤਰੀ ਜੀ ਹੀ ਹਨ।

ਜੀ ਬਿਲਕੁਲ ਸਹੀ ! ਇਹੀ ਸੀਨ ਹੈ ਇਕ 'ਵੀਡੀਓ ਕਲਿਪ' ਵਿਚਲਾ, ਜੋ ਕਿ ਇਕ ਪਾਕਿਸਤਾਨੀ ਟੀ ਵੀ ਚੈਨਲ ਵੱਲੋਂ ਬਣਾਈ ਗਈ ਹੈ ਅਤੇ ਇਨ੍ਹੀ ਦਿਨੀਂ ਸੋਸ਼ਲ ਸਾਈਟਾਂ 'ਤੇ ਖ਼ੂਬ ਪਸੰਦ ਕੀਤੀ ਜਾ ਰਹੀ ਹੈ। 'ਮੋਦੀ ਜੀ' ਨੂੰ ਬਾਹਾਂ ਤੋਂ ਫੜ ਕੇ ਲਿਆਉਣ ਵਾਲੇ ਦੋਵੇਂ ਸਹਾਇਕ, ਜਿਨ੍ਹਾਂ ਨੇ ਗਲਾਂ 'ਚ ਭਗਵੇਂ ਪਰਨੇ ਲਟਕਾਏ ਹੁੰਦੇ ਨੇ, ਡਾਕਟਰ ਨੂੰ ਆਜਜ਼ੀ ਨਾਲ ਕਹਿੰਦੇ ਨੇ ਕਿ ਮੋਦੀ ਜੀ ਜਦੋਂ ਵੀ ਅਮਨ ਅਮਾਨ ਦੇਖਦੇ ਨੇ ਤਾਂ ਇਸੇ ਤਰ੍ਹਾਂ 'ਬੰਬ ਚਲਾ ਦੋ- ਮਾਰ ਦੋ' ਦਾ ਸ਼ੋਰ ਮਚਾਉਣ ਲੱਗ ਜਾਂਦੇ ਹਨ। ਛੁਰੀ ਕ੍ਰਿਪਾਨ ਨਾਲ ਗਲਾ ਵੱਢਣ ਦਾ ਹੱਥ ਨਾਲ ਇਸ਼ਾਰਾ ਕਰ ਰਹੇ ਗੁੱਸੇ 'ਚ ਆਏ ਮੋਦੀ ਜੀ ਵੱਲ ਹੈਰਾਨੀ ਨਾਲ ਦੇਖਦਿਆਂ ਡਾਕਟਰ ਟੌਰਚ ਫੜ ਕੇ ਕਹਿੰਦਾ ਹੈ, ਕਿ ਮੋਦੀ ਜੀ, ਮੂੰਹ ਖੋਲ੍ਹੋ ? ਜਿਉਂ ਹੀ ਉਹ ਮੂੰਹ ਖੋਲ੍ਹਦੇ ਨੇ ਤਾਂ ਉਨ੍ਹਾਂ ਦੇ ਮੂੰਹ 'ਚ ਅੱਗ ਦਾ ਭਾਂਬੜ, ਭਬੂਕਾ ਬਣ ਕੇ ਨਿਕਲਦਾ ਹੈ। ਜਿਸ ਤੋਂ ਡਾਕਟਰ ਵੀ ਇਕ ਦਮ ਤ੍ਰਭਕ ਕੇ ਪਿੱਛੇ ਹਟਦਾ ਹੋਇਆ,



ਅੱਗ ਤੋਂ ਖ਼ੁਦ ਨੂੰ ਬਚਾਉਂਦਾ ਹੈ। ਜਦੋਂ ਡਾਕਟਰ ਬੜੀ ਗੰਭੀਰਤਾ ਨਾਲ ਮੋਦੀ ਜੀ ਦੇ ਚਿਹਰੇ ਵੱਲ ਦੇਖ ਰਿਹਾ ਹੁੰਦਾ ਹੈ ਤਾਂ ਮੋਦੀ ਜੀ ਹੜ ਬੜਾਂਏ ਹੋਏ ਦੋਹੀਂ ਪਾਸੀਂ ਖੜ੍ਹੇ ਆਪਣੇ ਸਹਾਇਕਾਂ ਨੂੰ ਝਿੜਕਦਿਆਂ ਕਹਿੰਦੇ ਨੇ ਓਏ ਤੁਸੀਂ ਖੜ੍ਹੇ ਖੜ੍ਹੇ ਕੀ ਕਰਦੇ ਹੋ ? ਜ਼ਰਾ ਲੜ ਕੇ ਦਿਖਾਉ ਨਾ, ਮੈਨੂੰ ਸਕੂਨ ਮਿਲ ਸਕੇ। ਮੈਂ ਸਮਝ ਗਿਆ ! ਕਹਿੰਦਾ ਹੋਇਆ ਡਾਕਟਰ ਫਟਾ ਫਟ ਪਰਚੀ 'ਤੇ ਦਵਾਈਆਂ ਲਿਖਦਾ ਹੈ ਤੇ ਦੋਹਾਂ ਸਹਾਇਕਾਂ ਨੂੰ

ਬਾਕੀ ਸਫ਼ਾ 34 'ਤੇ

# ਰੱਤ ਕਾ ਕੁੰਗੂ




**ਪ੍ਰਸਿੱਧ ਕਥਾਕਾਰ ਸ੍ਰੀਮਤੀ ਤਾਰਨ ਗੁਜਰਾਲ ਦੀ ਰਚਨਾ 'ਕਾਨਪੁਰ ਵਿਚ ਸਿੱਖਾਂ ਦੀ ਨਸਲਕੁਸ਼ੀ ਦੀ ਦਾਸਤਾਨ' ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਇਨਸਾਨ ਜਦੋਂ ਹਿੰਸਕ ਹੈਵਾਨ ਬਣਦਾ ਹੈ ਤਾਂ ਹੈਵਾਨਾਂ ਨੂੰ ਵੀ ਸ਼ਰਮਿੰਦਾ ਕਰ ਦਿੰਦਾ ਹੈ। ਇਹ ਕਰਤੂਤ ਉਹ ਵਾਰ ਵਾਰ ਕਰਦਾ ਹੈ। ਬਾਬੇ ਨਾਨਕ ਦੀ ਅਮਰ ਰਚਨਾ "ਬਾਬਰ ਬਾਣੀ" ਇਸ ਮਾਨਸਿਕਤਾ ਦੀ ਸਦੀਵੀ ਦਸਤਾਵੇਜ਼ ਹੈ। ਅਜੋਕੇ ਸਮੇਂ ਵਿਚ ਸੰਨ 47 ਅਤੇ ਸੰਨ 84 ਦੇ ਸ਼ਰਮਨਾਕ ਕਾਰਨਾਮੇ ਸਮੁੱਚੀ ਮਾਨਵਤਾ ਦੇ ਨਾਂ 'ਤੇ ਕਾਲੇ ਧੱਬੇ ਵਾਂਗ ਹਨ। 32 ਵਰ੍ਹਿਆਂ ਬਾਅਦ ਜਗਦੀਸ਼ ਟਾਈਟਲ, ਸੱਜਣ ਕੁਮਾਰ ਵਰਗੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਹੋ ਸਕੀਆਂ। ਜਗਦੀਸ਼ ਟਾਈਟਲਰ ਨੇ ਸਿੱਖ ਨਸਲਕੁਸ਼ੀ ਵੇਲੇ ਸ਼ਰੇਆਮ ਭੀੜ ਦੀ ਅਗਵਾਈ ਕਰਕੇ ਸੈਂਕੜੇ ਸਿੱਖਾਂ ਦਾ ਘਾਣ ਕਰਵਾਇਆ ਤੇ ਰਹਿੰਦਿਆਂ ਨੂੰ ਬੇਘਰ ਕੀਤਾ। ਬਹੁਤ ਸਾਰੇ ਚਸ਼ਮਦੀਦ ਗਵਾਹ ਸਵਰਗਵਾਸ ਹੋ ਗਏ ਤੇ ਕੁਝ ਅੱਗੇ-ਪਿਛੇ ਹੋ ਗਏ। ਐਹੋ ਜਿਹੇ ਕੇਸ ਵਿਚ ਐਨੀ ਲੰਮੀ ਢਿੱਲ ਵੀ ਕੀ ਇਕ ਸਾਜ਼ਿਸ਼ ਤੋਂ ਘੱਟ ਹੈ? ਇਸ ਦੇਸ਼ ਦੀ ਜੁਡੀਸ਼ਰੀ ਵਲੋਂ ਅਜਿਹੇ ਮਨੁੱਖਤਾ ਦੇ ਕਾਤਲਾਂ ਨੂੰ ਬਚਾਅ ਕੇ ਅਹੁਦੇਦਾਰਾਂ ਬਣਾਉਣਾ? ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਸ੍ਰੀਮਤੀ ਤਾਰਨ ਗੁਜਰਾਲ ਵਲੋਂ ਅੱਖੀਂ ਵੇਖੀ ਤੇ ਹੱਡੀ ਹੰਢਾਈ ਦਾਸਤਾਨ, ਜੋ ਕਿਤਾਬ 'ਰੱਤ ਕਾ ਕੁੰਗੂ' ਦੇ ਰੂਪ ਵਿਚ ਸਾਹਮਣੇ ਆਈ, 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੇ ਪਾਠਕਾਂ ਲਈ ਲੜੀਵਾਰ ਪੇਸ਼ ਹੈ।**

ਨਿੱਕੀ ਜਹੀ ਸਾਂ ਜਦੋਂ ਇੱਕ ਰਾਤ ਸੁਪਨਾ ਆਇਆ ਕਿ ਲੋਕੀ ਵਾਹੋ ਵਾਹੀ ਭੱਜੇ ਜਾ ਰਹੇ ਨੇ ਕੋਈ ਪਿੰਡ ਜਿਹਾ ਹੈ ਢੱਕੀਆਂ, ਟਿੱਬਿਆਂ ਵਾਲਾਂ ਸਿਰ 'ਤੇ ਗੱਠੜੀਆਂ ਚੁੱਕੀ... ਪੈਰੋਂ ਵਾਹਣੇ ਖ਼ੂਨ ਨਾਲ ਲੱਥ ਪੱਥ ਹਾਲ ਦੁਹਾਈਆਂ ਪਾਉਂਦੇ ਜਾ ਰਹੇ ਨੇ...

ਖ਼ੌਫ਼ ਨਾਲ ਮੇਰੀ ਨੀਂਦ ਖੁੱਲ ਗਈ। ਪਸੀਨੇ ਨਾਲ ਤਰ-ਬਤਰ ਮੈਂ ਅੱਖਾਂ ਖੋਲ੍ਹ ਕੇ ਵੇਖਿਆ...ਸਭ ਸੁੱਤੇ ਪਏ ਸਨ। ਮਨ ਵਿੱਚ ਵਾਹਿਗੁਰੂ ਰਟਨ ਕੀਤਾ...ਜ਼ਰਾ ਚੈਨ ਆਇਆ। ਸਵੇਰੇ ਉੱਠ ਕੇ ਬੇ ਜੀ ਨੂੰ ਦਸਿਆ..."ਕੋਈ ਨਹੀ 'ਮਿੰਨਾਂ' ਛਾਤੀ 'ਤੇ ਹੱਥ ਆ ਗਿਆ ਹੋਸੀ। "ਉਨ੍ਹਾਂ ਮੈਨੂੰ ਵਲਾਅ ਲਿਆ, ਪਰ ਉਹ ਸੁਪਨਾ ਅੱਜ ਤੱਕ ਮੈਨੂੰ ਹੂ-ਬ-ਹੂ ਯਾਦ ਹੈ ਤੇ ਇਹ ਸਾਰਾ ਨਜ਼ਾਰਾ ਮੈ ਸੰਨ 1947 ਵਿੱਚ ਅੱਖੀ ਵੇਖਿਆ, ਭਾਵੇਂ ਜਦੋਂ ਸੁਪਨਾ ਵੇਖਿਆ ਸੀ ਇਹ ਚਿੱਤ ਚੇਤੇ ਵੀ ਨਹੀਂ ਸੀ ਕਿ ਇਸ ਤਰ੍ਹਾਂ ਬੇਵਜ੍ਹਾ ਖ਼ੂਨ ਖ਼ਰਾਬਾ ਵੀ ਹੋ ਸਕਦਾ ਹੈ।

ਉਹ ਤਾਂ ਭਰਾਵਾਂ ਦੀ ਆਪਸੀ ਸ਼ਰੀਕੇਬਾਜ਼ੀ ਸੀ ਜਾਂ ਅੰਗਰੇਜ਼ ਸਰਕਾਰ ਦੀ ਬਾਂਦਰ ਵੰਡ...ਜਿਸ ਨੇ ਲੱਖਾਂ ਜਾਨਾਂ ਲੈ ਲਈਆਂ। ਜ਼ਮੀਨ ਅਸਮਾਨ ਤੇ ਹਵਾ ਖ਼ੂਨ ਨਾਲ ਰੰਗ ਦਿੱਤੇ...ਖ਼ੂਨ ਪਾਣੀ ਤੇ ਖ਼ੂਨ ਵਿੱਚ ਤਬਦੀਲ ਹੋ ਗਿਆ...ਤਾਂ ਵੀ ਇੱਕ ਤਸਕੀਨ ਸੀ ਕਿ ਚਲੋ ਇਕ ਵੱਖ ਹੋਇਐ, ਦੂਜੇ ਦੋਵੇਂ ਤਾਂ ਇਕੱਠੇ ਨੇ ਨਾ...। ਤੇ ਇਸ ਤਰ੍ਹਾਂ ਇਹ ਦੋਵੇ ਭਰਾ...ਹਿੰਦੂ ਤੇ ਸਿੱਖ ਕਰੰਗੜੀਆਂ ਪਾ, ਰੋਂਦੇ ਧੋਂਦੇ, ਆਪਣੇ ਘਰ-ਬਾਰ, ਧੀਆਂ ਭੈਣਾਂ ਤੇ ਪਿਆਰਿਆਂ ਦੀ ਕੁਰਬਾਨੀ ਦੇ ਕੇ ਆਪਣੇ ਨਵੇਂ ਮੁਲਕ 'ਭਾਰਤ' ਵਿੱਚ ਆਏ। ਇਸ ਖ਼ੂਨੀ ਸਾਕੇ ਵਿਚੋਂ ਜਿਹੜਾ ਸੂਰਜ ਚਮਕਦਾ ਦਿੱਸਦਾ ਸੀ, ਉਹ ਸੀ ਆਜ਼ਾਦੀ।

'ਆਜ਼ਾਦੀ'...ਜਿਸ ਦਾ ਸੁਪਨਾ ਮੈ ਪ੍ਰੀਤ ਨਗਰ ਦੀ ਫ਼ਿਜ਼ਾ ਵਿੱਚ ਘੁਲਿਆ ਵੇਖਿਆ ਸੀ...ਜਿੱਥੇ ਆਜ਼ਾਦੀ ਦੇ ਗੀਤ ਗਾਏ ਜਾਂਦੇ, ਨਾਅਰੇ ਲਾਏ ਜ਼ਾਦੇਂ...

"ਆਜ਼ਾਦੀ ਦੇ ਨਾਅਰੇ ਲਗਾਂਉਂਦਾ ਚਲਾ ਜਾ
ਤੇ ਭਾਰਤ ਦਾ ਝੰਡਾ ਝੁਲਾਉਂਦਾ ਚਲਾ ਜਾ
ਚਲਾ ਜਾ ਮੁਸਾਫ਼ਰ ਚਲਾ ਜਾ ਚਲਾ ਜਾ
ਸ਼ਹੀਦਾਂ ਦੇ ਨਗਮੇਂ ਸਣਾਉਂਦਾ ਚਲਾ ਜਾ।"

ਵਰਗੇ ਬੇਸ਼ੁਮਾਰ ਗੀਤ ਅਸੀਂ ਹਰ ਐਤਵਾਰ ਐਕਟਿਵਿਟੀ ਸਕੂਲ ਪ੍ਰੀਤ ਨਗਰ ਦੇ ਬੱਚੇ ਸਾਜ਼ਾਂ ਸਣੇ ਤਿੰਨ ਚਾਰ ਟਾਂਗਿਆਂ ਵਿੱਚ ਭਰ ਕੇ ਪਿੰਡੋਂ ਪਿੰਡ ਸੱਥਾਂ ਵਿੱਚ ਗਾਂਉਂਦੇ। ਪਿੰਡਾਂ ਦੇ ਲੋਕ ਮਠਿਆਈਆਂ ਤੇ ਦੁੱਧ ਨਾਲ ਸਾਨੂੰ ਰਜਾਅ ਦਿੰਦੇ। ਸਾਨੂੰ ਤੇ ਸਾਡੇ ਉਸਤਾਦਾਂ ਨੂੰ ਸ਼ਾਬਾਸ਼ ਦਿੰਦੇ...ਤੇ ਆਜ਼ਾਦੀ ਨੂੰ ਅੱਡੀਆਂ ਚੁੱਕ ਨੀਝ ਲਾ ਲਾ ਉਡੀਕਦੇ।

ਅੱਜ ਉੱਨ੍ਹਤਰ ਸਾਲ ਹੋ ਗਏ ਨੇ। ਇਸ ਅਰਸੇ ਵਿੱਚ ਕਈ ਲੱਖੋਂ ਕੱਖ ਹੋ ਗਏ। ਜਿਹੜੇ ਉਧਰ ਵਹਿਤਰਾਂ (ਖੋਤੇ) ਉੱਤੇ ਸਾਮਾਨ ਤੇ ਸਵਾਰੀਆਂ ਢੋਂਦੇ ਸਨ, ਏਧਰ ਹਿੰਦੁਸਤਾਨ ਵਿੱਚ ਆ ਕੇ ਕਰੋੜਪਤੀ ਬਣ ਗਏ ਤੇ ਵਹਿਤਰਾਂ ਦੀ ਗਿਣਤੀ ਤੋਂ ਕਾਰਾਂ ਦੀ ਵੱਧ ਗਿਣਤੀ ਦੇ ਮਾਲਕ ਹੋ ਗਏ ਤੇ ਜਿਹੜੇ ਉਥੇ ਸ਼ਾਹ ਸਨ... ਏਧਰ ਸੜਕ ਕਿਨਾਰੇ ਤੱਪੜਾਂ 'ਤੇ ਬਹਿ ਰੋੜਿਆਂ ਨੂੰ ਹੀਰੇ ਜਾਣ...ਹੋਸ਼ਮੰਦੀਆਂ ਦੇ ਆਸਮਾਨ ਪਾਰ ਕਰਦੇ ਮੈਂ ਅੱਖੀਂ ਵੇਖੇ।

ਫਿਰ ਵੀ ਹੌਲੀ ਹੌਲੀ ਸ਼ਰਨਾਰਥੀ ਤੋਂ ਆਪਣੀ ਮਿਹਨਤ ਤੇ ਸਬਰ ਸ਼ੁਕਰ ਨਾਲ ਇਸ ਮੁਲਕ ਦੇ ਨਾਗਰਿਕ ਬਣਨ ਤੇ ਸਥਾਪਤ ਹੋਣ ਲਈ ਹੁਣ ਤੱਕ ਜੂਝਦੇ ਰਹੇ ਤੇ ਕਿਸੇ ਅੱਗੇ ਹੱਥ ਨਹੀਂ ਅੱਡਿਆ।

1984 ਤਕ ਪੰਜਾਬ ਅਤੇ ਪੰਜਾਬ ਤੋਂ ਬਾਹਰਲੇ ਸਿੱਖ ਆਪਣੇ ਆਪ ਨੂੰ ਆਪਣੇ ਮੁਲਕ ਵਿੱਚ ਸੁਰੱਖਿਅਤ ਹੀ ਸਮਝ ਰਹੇ ਸਨ, ਪਰ ਰਾਜਨੀਤੀ ਦੀ ਸੱਪਣੀ ਨੇ ਅੰਦਰੇ-ਅੰਦਰ ਅਜਿਹੀ ਵਿਸ਼ ਘੋਲਣੀ ਸ਼ੁਰੂ ਕੀਤੀ ਕਿ ਹੇਠਲੀ ਉੱਤੇ ਹੋ ਗਈ... ਤਰਥੱਲੀ ਮੱਚ ਗਈ। ਰਾਜਨੀਤੀ ਦੇ ਇਕ ਵਾਰ ਫਿਰ ਇਨ੍ਹਾਂ ਦੋਹਾਂ ਭਰਾਵਾਂ ਨੂੰ ਭੰਬਲ-ਭੂਸੇ ਵਿੱਚ ਪਾ ਕੇ ਹਿੰਦੂ, ਸਿੱਖ ਦਾ ਖ਼ੂਨ ਵੱਖਰੇ ਰੰਗ ਵਿੱਚ ਰੰਗਨ ਦਾ ਕੋਝਾ ਜਤਨ ਕੀਤਾ।

31 ਅਕਤੂਬਰ 1984 ਦਾ ਦਿਨ ਚੜ੍ਹਿਆ ਤਾਂ ਪਹਿਲੇ ਦਿਨਾਂ ਵਰਗਾ ਹੀ ਸੀ। ਮੇਰੇ ਪਤੀ ਗੁਜਰਾਲ ਜੀ ਸਵੇਰ ਦੀ ਗੱਡੀ ਫੜ ਕੇ ਰਾਜਪੁਰੇ ਗਏ ਸਨ। 1947 ਦੇ ਉਜਾੜੇ ਮਗਰੋਂ ਉਨ੍ਹਾਂ ਕਈ ਵਿਹਾਰ ਕੀਤੇ...ਆਪਣਾ ਕਾਰੋਬਾਰ ਵੀ ਕੀਤਾ ਪਰ ਲਗਾਤਾਰ ਉਤਾਰਾਂ ਚੜ੍ਹਾਵਾਂ ਨੇ ਸਭ ਕੁਝ ਮਲੀਆਮੇਟ ਕਰਕੇ ਸੜਕ 'ਤੇ ਲਿਆ ਸੁੱਟਿਆ। ਉਹ ਰਾਜਪੁਰੇ ਉਨ੍ਹੀਂ ਦਿਨੀਂ ਆਰ.ਐਮ.ਆਈ. ਸਾਈਕਲ ਫ਼ੈਕਟਰੀ ਵਿੱਚ ਸੇਲਜ਼ ਅਫਸਰ ਸਨ, ਬਹੁਤਾ ਟੂਰ 'ਤੇ ਹੀ ਰਹਿੰਦੇ... ਮੈਂ ਵੀ ਘਰ ਵਿੱਚ ਛੋਟਾ ਜਿਹਾ ਕਾਰੋਬਾਰ ਸ਼ੁਰੂ ਕਰ ਲਿਆ, ਜਿਹੜਾ ਚੰਗਾ ਚਲ ਨਿਕਲਿਆ। ਵੱਡਾ ਬੇਟਾ ਲੰਡਨ ਸੈਟਲ ਹੋ ਗਿਆ ਤੇ ਛੋਟਾ ਮਾਮਿਆਂ ਕੋਲੋਂ ਫ਼ੋਟੋਗ੍ਰਾਫੀ ਸਿੱਖ ਕੇ ਕਾਨਪੁਰ ਸੈਟਲ ਹੋ ਰਿਹਾ ਸੀ। ਅਸੀਂ ਘਰ ਦੇ ਸਾਰੇ ਜੀਅ ਪੂਰੀ ਤਨਦੇਹੀ ਨਾਲ ਮਿਹਨਤ ਕਰਕੇ ਖੜ੍ਹੇ ਹੋ ਰਹੇ ਸਾਂ। ਮੈ ਊਨੀ ਕੱਪੜੇ ਤਿਆਰ ਕਰਦੀ ਤੇ ਕਰਵਾਉਂਦੀ ਸਾਂ ਤੇ ਆਈ.ਆਈ.ਟੀ. ਕਾਨਪੁਰ ਵਿੱਚ ਤਿੰਨ ਨਵੰਬਰ ਸੇਲ ਆਉਣੀ ਸੀ...ਉਸੇ ਦੀ ਤਿਆਰੀ ਵਿੱਚ ਟੈਗ ਲਾ ਕੇ ਡ੍ਰੈੱਸ ਸੂਟਕੇਸਾਂ ਤੇ ਬੈਗਾਂ ਵਿੱਚ ਭਰ ਰਹੀ ਸਾਂ। ਗੁਜਰਾਲ ਜੀ ਨੂੰ ਵਿਦਾ ਕਰਕੇ ਮੈਂ ਕਈਆਂ ਦਿਨਾਂ ਦੇ ਘਰ ਦੇ ਪਛੜੇ ਕੰਮ ਸਮੇਟਣ ਲੱਗ ਪਈ। ਮੇਰਾ ਛੋਟਾ ਬੇਟਾ ਬੱਬੀ ਕੁਝ ਦਿਨ ਪਹਿਲਾਂ ਕਾਰ ਸੇਵਾ ਲਈ ਅੰਮ੍ਰਿਤਸਰ ਗਿਆ ਸੀ, ਉਸ ਦਾ ਸਵੇਰੇ ਫੋਨ ਆਇਆ ਸੀ ਕਿ ਅੱਜ ਮੈਂ ਲੁਧਿਆਣੇ ਆਤਮਯਾਦ ਕੋਲ ਜਾ ਰਿਹਾਂ ਹਾਂ ਤੇ ਰਾਤ ਦੀ ਗੱਡੀ ਫੜ ਕੇ ਪਹਿਲੀ ਨਵੰਬਰ ਕਾਨਪੁਰ ਪਹੁੰਚ ਜਾਵਾਂਗਾ। ਮੈ ਉਡੀਕ ਰਹੀ ਸਾਂ ਕਿ ਉਹ ਆਵੇ ਤੇ ਮੇਰੇ ਨਾਲ ਸੇਲ ਵਿੱਚ ਮਦਦ ਕਰਵਾਏ।



**ਤਾਰਨ ਗੁਜਰਾਲ**
(98557-19660)

ਘਰ ਸਮੇਟ, ਨਹਾ ਧੋ ਤਿਆਰ ਹੋਈ ਹੀ ਸਾਂ ਕਿ ਰੋਜ਼ੀ ਆ ਗਈ। ਰੋਜ਼ੀ ਮੇਰੇ ਵੱਡੇ ਬੇਟੇ ਪ੍ਰਿਤਪਾਲ ਦੇ ਦੋਸਤ ਭੂਪੀ ਦੀ ਵਹੁਟੀ ਹੈ। ਬਹੁਤ ਹੀ ਪਿਆਰੀ ਮੇਰੀ ਧੀ ਵਰਗੀ। ਮੈਂ ਬਹੁਤ ਖੁਸ਼ ਹੋਈ ਕਿ ਅੱਜ ਦਾ ਦਿਨ ਵਧੀਆ ਗੁਜ਼ਰੇਗਾ।

ਚਾਹ ਪੀ ਕੇ ਅਸੀਂ ਗੁਮੰਟੀ ਨੰ. ਪੰਜ, ਜਿਹੜਾ ਕਾਨਪੁਰ ਦੇ ਪੰਜਾਬੀਆਂ ਦਾ ਗੜ੍ਹ ਹੈ...ਬਾਜ਼ਾਰ ਚਲੀਆਂ ਗਈਆਂ। ਉਥੇ ਤਕਰੀਬਨ ਸਾਰੀਆਂ ਵੱਡੀਆਂ ਛੋਟੀਆਂ ਦੁਕਾਨਾਂ ਪੰਜਾਬੀਆਂ ਦੀਆਂ ਹੀ ਨੇ... ਰੇਹੜੀਆਂ 'ਤੇ ਵੀ ਪੰਜਾਬੀ ਹੋਕਰੇ ਸੁਣੀਂਦੇ ਨੇ, ਸਿਰਫ ਕੁਝ ਕੁ ਹਿੰਦੁਸਤਾਨੀ ਭਈਏ ਹੇਠਾਂ ਤੱਪੜ ਵਿਛਾ ਕੇ ਸਬਜ਼ੀ ਮੰਡੀ ਵਿੱਚ ਫੜੀਆਂ ਲਾਉਂਦੇ ਨੇ।

ਗੁੰਮਟੀ ਵਿੱਚ ਹੀ ਪਿੰਡੀ ਜ਼ਿਊਲਰ ਤੋਂ ਮੈਂ ਛੋਟੇ ਮੋਟੇ ਗਹਿਣੇ ਗੱਟੇ ਖ਼ਰੀਦਦੀ ਸਾਂ, ਦੁਕਾਨਦਾਰ ਗੁਜਰਖ਼ਾਨ ਵੀ ਮੇਰੀ ਸਹੇਲੀ ਕੈਲਾਸ਼ ਦਾ ਪਤੀ ਸੀ। ਬਹੁਤ ਵੱਡੀ ਉਸ ਦੀ ਦੁਕਾਨ ਸੀ ਜੋ ਗਾਹਕਾਂ ਨਾਲ ਭਰੀ ਰਹਿੰਦੀ।

ਬਾਰ੍ਹਾਂ ਕੁ ਵਜੇ ਦਾ ਵਕਤ ਸੀ...ਰੋਜ਼ੀ ਆਪਣੀਆਂ ਚੂੜੀਆਂ ਬਦਲਣੀਆਂ ਚਾਹੁੰਦੀ ਸੀ, ਨਵੇਂ ਡਿਜ਼ਾਈਨ ਵਿੱਚ। ਮੈਂ ਵੀ ਪੁਰਾਣੀਆਂ ਚੂੜੀਆਂ ਦੇ ਕੇ ਕੜੇ ਖ਼ਰੀਦਣਾ ਚਾਹੁੰਦੀ ਸਾਂ, ਪਰ ਭੀੜ ਬਹੁਤ ਸੀ।

ਅਚਾਨਕ ਦੁਕਾਨਦਾਰ ਨੂੰ ਇਕ ਫ਼ੋਨ ਆਇਆ ਤੇ ਉਸ ਨਾਲ ਬੈਠੇ ਸਾਥੀ ਦੇ ਕੰਨ ਵਿੱਚ ਕੁਝ ਕਿਹਾ...ਉਨ੍ਹਾਂ ਨੂੰ ਜਿਵੇਂ ਹੱਥਾਂ ਪੈਰਾਂ ਦੀ ਪੈ ਗਈ। ਕਾਹਲੀ ਉਹ ਗਾਹਕ ਭੁਗਤਾਉਣ ਲੱਗੇ ਤੇ ਨਵੇਂ ਆਏ ਮੋੜਨ ਲੱਗ ਪਏ। ਮੈਂ ਹੈਰਾਨ ਹੋ ਉਨ੍ਹਾਂ ਦੀਆਂ ਅਜੀਬ ਅਜਿਹੀਆਂ ਹਰਕਤਾਂ ਵੇਖ ਰਹੀ ਸਾਂ ਤੇ ਅੰਦਰੋਂ ਕਾਹਲੀ ਪੈ ਰਹੀ ਸਾਂ ਕਿ ਮੇਰਾ ਕੰਮ ਨਿਪਟਾਵੇ ਤਾਂ ਅਸੀਂ ਘਰ ਜਾਈਏ।

ਮੈਂ ਅੱਗੇ ਹੋ ਕੇ ਉਸ ਨੂੰ ਕਿਹਾ ਕਿ ਪਲੀਜ਼ ਮੈਂ ਛੇਤੀ ਘਰ ਜਾਣੈ...ਤਾਂ ਉਹਨੇ ਉਪਰੀ ਜਿਹੀ ਨਜ਼ਰ ਨਾਲ ਮੇਰੇ ਵਲ ਵੇਖਿਆ ਤੇ ਕਹਿਣ ਲੱਗਾ ਕਿ ਅੱਜ ਜ਼ਰੂਰੀ ਕੰਮ ਪੈ ਗਿਐ ਨਾਲੇ ਘਰ ਬਾਊ ਜੀ ਦੀ ਤਬੀਅਤ ਢਿੱਲੀ ਹੈ, ਦੁਕਾਨ ਵਧਾਉਣੀ ਐ...ਤੁਸੀਂ ਕੱਲ੍ਹ ਆ ਜਾਣਾ। ਮੈਂ ਕਿਹਾ ਕਿ ਸੋਨਾ ਤੋਲ ਕੇ ਰੱਖ ਲਉ ਅਸੀਂ ਕੱਲ੍ਹ ਫਿਰ ਆ ਕੇ ਹਿਸਾਬ ਕਰ ਜਾਵਾਂਗੀਆਂ, ਪਰ ਉਸ ਨੇ ਮਨ੍ਹਾ ਕਰ ਦਿੱਤਾ। "ਨਹੀਂ ਨਹੀਂ...ਇਹ ਤੁਸੀਂ ਘਰ ਹੀ ਲੈ ਜਾਉ...ਜਲਦੀ ਕਰੋ ਦੁਕਾਨ ਵਧਾਉਣੀ ਹੈ।" ਮੈਨੂੰ ਉਸ ਦਾ ਵਤੀਰਾ ਬਹੁਤ ਅਟਪਟਾ ਲੱਗਾ, ਇਸ ਤਰ੍ਹਾਂ ਤਾਂ ਪਹਿਲਾਂ ਕਦੀ ਨਹੀਂ ਸੀ ਹੋਇਆ...ਉਹ ਤਾਂ ਉਚੇਚਾ ਮਾਣ ਸਨਮਾਨ ਦਿੰਦਾ ਤੇ ਦੁੱਖ ਸੁੱਖ ਪੁਛੱਦਾ ਹੁੰਦਾ ਸੀ...ਕੁਝ ਦਸ ਵੀ ਤਾਂ ਨਹੀਂ ਸੀ ਰਿਹਾ ਕਿ ਘਰ ਵਿੱਚ ਕੁਝ ਵਾਪਰ ਤਾਂ ਨਹੀਂ ਗਿਆ।

ਦੁਕਾਨ ਤੋਂ ਬਾਹਰ ਆਈਆਂ ਤਾਂ ਹਵਾ ਅਜੀਬ ਭਾਰੀ ਸੀ...ਸੜਕਾਂ 'ਤੇ ਥੋੜ੍ਹੇ-ਬਹੁਤ ਲੋਕ ਜਾ ਰਹੇ ਸਨ, ਪਰ ਅਜਬ ਵੀਰਾਨਗੀ ਜਿਹੀ ਸੀ, ਦੁਕਾਨਾਂ ਦੇ ਸ਼ਟਰ ਡਿੱਗ ਰਹੇ ਸਨ...ਹਰ ਕੋਈ ਕਾਹਲ ਵਿੱਚ ਸੀ...ਇਸ ਤਰ੍ਹਾਂ ਦੀ ਹਵਾ ਮੈਂ ਪਹਿਲਾਂ ਵੀ ਮਹਿਸੂਸ ਕੀਤੀ ਸੀ ਜਦੋਂ ਨਿਰੰਕਾਰੀਆਂ ਦੇ ਝਗੜੇ ਵੇਲੇ ਡਿੱਗੀਆਂ ਲਾਸ਼ਾਂ ਗੁੰਮਟੀ ਵਿਚੋਂ ਇੱਕਠੀਆਂ ਕਰਕੇ ਜਲੂਸ ਦੀ ਸ਼ਕਲ ਵਿੱਚ ਕੱਢੀਆਂ ਗਈਆਂ ਸਨ।

ਬੈਂਕ ਵਿਚੋਂ ਕੁਝ ਪੈਸੇ ਕਢਵਾ ਕੇ ਅਸੀਂ ਦੋਵੇਂ ਘਰ ਆਈਆਂ ਹੀ ਸਾਂ ਕਿ ਉਪਰਲੇ ਫ਼ਲੈਟ ਵਾਲੀ ਬਲਜੀਤ ਆ ਗਈ। "ਕੁਝ ਪਤਾ ਵੀ ਹੈ ਜੇ, ਮਾਸੀ ਆ ਗੋਲੀ ਲੱਗੀ ਐ...ਸ਼ਾਇਦ ਪਾਰ ਬੋਲ ਗਈ ਐ।

ਕੌਣ? ਕੌਣ ਮਾਸੀ? ਮੈਂ ਹੈਰਾਨ...

"ਉਹੀ ਇੰਦਰਾ ਗਾਂਧੀ...ਉਸੇ ਅੱਤ ਚਾਈ ਹੋਈ ਅਹੀ...

"ਕਿਸ ਮਾਰਿਐ?"

"ਉਹ ਨਹੀਂ ਪਤਾ।"

ਮੈਂ ਉੱਠ ਕੇ ਟੀ.ਵੀ. ਲਾਇਆ। ਮੈਚ ਆ ਰਿਹਾ ਸੀ। ਰੇਡੀਓ 'ਤੇ ਵੀ ਗਾਣੇ ਆ ਰਹੇ ਸਨ।

"ਐਵੇਂ ਅਫ਼ਵਾਹ ਹੈ...ਵੇਖੋ, ਜੇ ਕੁਝ ਹੁੰਦਾ ਤਾਂ ਰੇਡੀਓ 'ਤੇ ਸੋਗ ਸੰਗੀਤ ਨਾ ਹੁੰਦਾ?"

ਐਨੇ ਵਿੱਚ ਰੇਡੀਓ ਤੋਂ ਐਲਾਨ ਹੋਇਆ ਕਿ ਇੰਦਰਾ ਗਾਂਧੀ ਨੂੰ ਗੋਲੀਆਂ ਮਾਰੀਆਂ ਗਈਆਂ ਨੇ ਉਸ ਦੇ ਸਿੱਖ ਬਾਡੀਗਾਰਡਾਂ ਵੱਲੋਂ ਅਤੇ ਉਹ ਬੇਹੋਸ਼ ਹੈ, ਉਸ ਨੂੰ ਹਸਪਤਾਲ ਓਪਰੇਸ਼ਨ ਲਈ ਲਿਜਾਇਆ ਗਿਆ ਹੈ।

ਤਾਂ ਹੀ ਭੂਪੀ ਬਦਹੱਵਾਸ ਜਿਹਾ ਰੋਜ਼ੀ ਨੂੰ ਲੈਣ ਆਇਆ, ਮੈਂ ਬਹੁਤ ਕਿਹਾ ਕਿ ਖਾਣਾ ਖਾ ਕੇ ਜਾਉ...ਪਰ ਉਸ ਨੇ ਕਿਹਾ ਕਿ ਸ਼ਹਿਰ ਵਿੱਚ ਬਹੁਤ ਦਹਿਸ਼ਤ ਹੈ, ਹੋ ਸਕਦੈ ਸਿੱਖਾਂ 'ਤੇ ਕੋਈ ਭਾਰੀ ਮੁਸੀਬਤ ਆ ਜਾਵੇ। ਤੁਸੀਂ ਵੀ ਚਲੋ ਆਂਟੀ, ਇੱਕਲੇ ਕਿ ਕਰੋਗੇ।"

ਪਰ ਮੈਂ ਨਹੀਂ ਮੰਨੀ... ਐਨੀ ਕਿਹੜੀ ਆਖ਼ਰ ਆ ਜਾਣੀ ਐ... ਮਹਾਤਮਾ ਗਾਂਧੀ ਨੂੰ ਵੀ ਤਾਂ ਗੋਡਸੇ ਨੇ ਗੋਲੀ ਨਾਲ ਮਾਰ ਸੁੱਟਿਆ ਸੀ, ਤਦ ਤਾਂ ਮਰਾਠਿਆਂ ਨੂੰ ਕਿਸੇ ਚੁਣ ਚੁਣ ਕੇ ਨਹੀਂ ਮਾਰਿਆ। ਹਾਦਸਾ ਦਿੱਲੀ ਵਾਪਰਿਆ ਹੈ... ਸਿਆਸੀ ਸਟੰਟ ਦਿਸਦਾ ਪਿਐ... ਕਿਸੇ ਸਿੱਖ ਦਾ ਇਹ ਕਿਰਦਾਰ ਨਹੀਂ ਹੋ ਸਕਦਾ ਕਿ ਉਹ ਧੋਖੇ ਨਾਲ ਕਿਸੇ ਨੂੰ ਇੰਜ ਮਾਰੇ ਤੇ ਵਿਸ਼ਵਾਸਘਾਤ ਕਰੇ। ਬਹੁਤ ਮੰਦਾ ਹੋਇਆ। ਦੁਨੀਆ ਦੀ ਮੰਨੀ ਹੋਈ ਸਿਆਣੀ ਸਿਆਸਤਦਾਨ ਔਰਤ... ਹਾਇ! ਐਨੀ ਸੁਹਣੀ ਤੇ ਐਂਜ ਮਾਰ ਦਿੱਤੀ ਗਈ। ਤੁਸੀਂ ਘਰ ਜਾਓ ਬੱਚਿਓ, ਮੈਂ ਤੁਹਾਨੂੰ ਨਹੀਂ ਰੋਕਦੀ... ਸਾਡਾ ਆਂਢ-ਗੁਆਂਢ ਚੰਗਾ ਹੈ.. ਨਾਲੇ ਗਲੀ ਦੀ ਨੁੱਕਰ 'ਤੇ ਤਾਂ ਜਿਹੜੇ ਖਟਿੱਕ ਰਹਿੰਦੇ ਨੇ, ਉਹ ਸਾਡੇ ਘਰਾਂ ਵਿਚ ਕੰਮ ਕਰਨ ਵਾਲੇ ਤੇ ਹਮਦਰਦ ਨੇ... ਉਨ੍ਹਾਂ ਹੀ ਮੋਰਚਾ ਲਾ ਲੈਣੈ ਤੇ ਕਿਸੇ ਸ਼ਰਾਰਤੀ ਅਨਸਰ ਨੂੰ ਅੰਦਰ ਨਹੀਂ ਆਉਣ ਦੇਣਾ।"

ਉਨ੍ਹਾਂ ਨੂੰ ਬਾਹਰਲੇ ਗੇਟ ਤੱਕ ਛੱਡਣ ਗਈ ਤਾਂ ਵੇਖਿਆ ਕਿ ਕੋਨੇ ਵਿਚ ਖਟਿੱਕ (ਨੀਵੀਂ ਜ਼ਾਤ ਵਾਲੇ ਭਈਏ) ਸੜਕ ਦੇ ਕਿਨਾਰਿਓਂ ਇੱਟਾਂ ਰੋੜੇ ਆਪਣੇ ਨੀਵਿਆਂ ਕੋਠਿਆਂ 'ਤੇ ਇਕੱਠੇ ਕਰ ਰਹੇ ਸਨ। ਮੈਂ ਉਨ੍ਹਾਂ ਨੂੰ ਆਵਾਜ਼ ਦੇ ਕੇ ਕਿਹਾ ਕਿ ਸਾਡੇ ਘਰ ਦੇ ਬਾਹਰਲੇ ਬਗ਼ੀਚੇ ਵਿਚ ਵੀ ਬਹੁਤ ਸਾਰੀਆਂ ਇੱਟਾਂ ਪਈਆਂ ਨੇ ਚੁੱਕ ਕੇ ਲੈ ਜਾਣ।

ਸਾਰਾ ਦਿਨ ਟੀ.ਵੀ. 'ਤੇ ਖ਼ਬਰਾਂ ਵੇਖਣ-ਸੁਣਨ ਵਿਚ ਤੇ ਕਿਆਸ ਅਰਾਈਆਂ ਵਿਚ ਹੀ ਨਿਕਲ ਗਿਆ। ਕਈ ਲੋਕ ਜੋ ਇੰਦਰਾ ਗਾਂਧੀ ਦੇ ਦੀਵਾਨੇ ਸਨ, ਦਿੱਲੀ ਚਲੇ ਗਏ ਤੇ ਕਈ ਜਾਣ ਦੀਆਂ ਤਿਆਰੀਆਂ ਕਰਨ ਲੱਗੇ ਕਿ ਪ੍ਰਧਾਨ ਮੰਤਰੀ ਨੂੰ ਅੰਤਮ ਵਿਦਾਈ ਦੇਣਗੇ।

ਦੁਪਹਿਰ ਬਾਅਦ ਸਾਡੇ ਗੁਆਂਢ ਕਿਸੇ ਨੂੰ ਫੋਨ ਆਇਆ ਕਿ ਘਰੋਂ ਨਾ ਨਿਕਲਣਾ... ਪਾਂਡੋ ਨਗਰ ਨਹਿਰ ਦੇ ਪੁਲ ਕੋਲੋਂ ਲੰਘਦੇ ਸਰਦਾਰਾਂ ਦੀਆਂ ਪੱਗਾਂ ਲਾਹ ਕੇ ਸਾੜ ਰਹੇ ਨੇ ਤੇ ਉਨ੍ਹਾਂ ਨੂੰ ਬੇਇੱਜ਼ਤ ਕਰ ਰਹੇ ਨੇ।

ਸ਼ਾਮ ਹਾਲੀ ਗਾੜ੍ਹੀ ਵੀ ਨਹੀਂ ਸੀ ਹੋਈ ਕਿ ਥਾਂ ਥਾਂ ਤੋਂ ਘਰਾਂ ਨੂੰ ਅੱਗ ਲਾਉਣ ਦੀਆਂ ਖ਼ਬਰਾਂ ਆਉਣ ਲਗੀਆਂ। ਸਿੱਖਾਂ ਨੇ ਆਪਣੀਆਂ ਦੁਕਾਨਾਂ ਤੇ ਕਾਰੋਬਾਰ ਆਪਣੇ ਭਈਏ ਨੌਕਰਾਂ ਦੀ ਨਿਗਰਾਨੀ 'ਤੇ ਛੱਡ ਘਰਾਂ ਵੱਲ ਚਾਲੇ ਪਾਏ। ਸਾਰੇ ਸ਼ਹਿਰ ਵਿਚ ਦਹਿਸ਼ਤ ਪਸਰ ਗਈ... ਤੇ ਜਲੂਸ ਨਿਕਲਣੇ ਸ਼ੁਰੂ ਹੋ ਗਏ।

ਸਾਰੀ ਰਾਤ ਦਹਿਸ਼ਤ ਵਿਚ ਗੁਜ਼ਰੀ। ਲੱਗਦਾ ਸੀ ਕਿ ਲੋਕੀਂ ਗੁੱਸੇ ਵਿਚ ਨੇ, ਦੁੱਖ ਵਿਚ ਨੇ। ਹੌਲੀ ਹੌਲੀ ਸਭ ਸ਼ਾਂਤ ਹੋ ਜਾਵੇਗਾ, ਪਰ ਦਿਨ ਦੇ ਚੜ੍ਹਾਅ ਨਾਲ ਹੋਰ ਭਿਆਨਕ ਖ਼ਬਰਾਂ ਆਉਣ ਲੱਗੀਆਂ।

ਕੋਠੇ 'ਤੇ ਚੜ੍ਹ ਕੇ ਵੇਖਿਆ ਤਾਂ ਦੂਰ ਦੂਰ ਤਕ ਅੱਗਾਂ ਲੱਗੀਆਂ ਹੋਈਆਂ ਸਨ... ਗੁੰਮਟੀ ਬਾਜ਼ਾਰ ਵੀ ਸੜ ਰਿਹਾ ਸੀ... ਤੇ ਉਥੋਂ ਦਾ ਚਾਰ ਮੰਜ਼ਲਾ ਖ਼ਾਲਸਾ ਸਟੋਰ ਧੂੰਏਂ ਵਿਚ ਘਿਰਿਆ ਸੀ।

ਪਹਿਲੀ ਨਵੰਬਰ ਸਵੇਰੇ ਮੈਂ ਬਾਹਰਲਾ ਗੇਟ ਖੋਲ੍ਹਣ ਗਈ ਤਾਂ ਵੇਖਿਆ ਕਿ ਸੜਕ 'ਤੇ ਗਹਿਮਾ ਗਹਿਮੀ ਲੱਗੀ ਸੀ। ਲੋਕੀ ਬਾਜ਼ਾਰ ਵੱਲੋਂ ਕਾਹਲੀ ਕਾਹਲੀ ਭੱਜੇ ਆ ਰਹੇ ਸਨ, ਸਿਰ 'ਤੇ ਕੱਪੜਿਆਂ ਦੇ ਗੱਠੜ, ਸ਼ਨੀਲ, ਸਾਟਨ, ਜੌਰਜੱਟ... ਬੂਟਾਂ ਦੇ ਤਸਮੇ ਬੰਨ੍ਹ ਬੰਨ੍ਹ ਕਈ ਕਈ ਜੋੜੇ ਗਲ ਤੋਂ ਪੈਰਾਂ ਤੱਕ ਲਟਕਾਈ... ਕੋਈ ਪੱਖੇ ਸਿਰ 'ਤੇ ਚੁੱਕੀ, ਵਾਸ਼ਿੰਗ ਮਸ਼ੀਨਾਂ ਠੇਲ੍ਹਦੇ, ਟੀ.ਵੀ ਰੇਡੀਓ ਕਲੇਜੇ ਨਾਲ ਲਾਈ... ਕਾਹਲੀ ਕਾਹਲੀ ਘਰਾਂ ਵਲ ਨਸਦੇ, ਫਿਰ ਇਹ ਸਾਮਾਨ ਘਰਾਂ ਵਿਚ ਰੱਖ ਕੇ ਵਾਪਸ ਬਾਜ਼ਾਰ ਵੱਲ ਭੱਜਦੇ ਹੋਰ ਲਿਆਉਣ ਲਈ।

ਜਿਹੜੇ ਸਾਰੀ ਰਾਤ ਲੁੱਟ ਲੁੱਟ ਕੇ ਰੱਜ ਚੁੱਕੇ ਸਨ ਤੇ ਘਰ ਹੋਰ ਰੱਖਣ ਦੀ ਥਾਂ ਵੀ ਨਹੀਂ ਸੀ ਰਹੀ, ਉਹ ਉੱਚੀ ਉੱਚੀ ਇਕ ਦੂਜੇ ਨੂੰ ਆਪਣੀਆਂ ਕਾਰਗੁਜ਼ਾਰੀਆਂ ਦੱਸ ਰਹੇ ਸਨ... ਥਾਨ ਖੋਲ੍ਹ ਖੋਲ੍ਹ ਵਿਖਾ ਰਹੇ ਸਨ, ਭਾਵੇਂ ਹਾਲੀ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਉਨ੍ਹਾਂ ਦਾ ਸਹੀ ਇਸਤੇਮਾਲ ਕਿਵੇਂ ਕਰਨਾ ਹੈ।

ਇਕ ਵਾਸ਼ਿੰਗ ਮਸ਼ੀਨ ਰੇੜ੍ਹੀ ਜਾਂਦੇ ਮੁੰਡੇ ਤੋਂ ਮੈਂ ਪੁੱਛਿਆ ਕਿ ਇਸਕਾ ਕਿਆ ਕਰੋਗੇ, ਤਾਂ ਬੜੇ ਮਾਣ ਨਾਲ ਕਹਿਣ ਲੱਗਾ "ਇਸਮੇ ਚਾਵਲ ਡਾਲ ਕੇ ਰਖੇਂਗੇ।"

ਮੇਰਾ ਘਰ ਰਾਮ ਬਿਹਾਰ ਬਿਲਡਿੰਗ ਦਾ ਪਹਿਲਾ ਨੰਬਰ ਫ਼ਲੈਟ ਸੀ। ਇਸ ਬਿਲਡਿੰਗ ਵਿਚ ਵੀਹ ਫ਼ਲੈਟ ਸਨ। ਦਸ ਹੇਠਾਂ ਤੇ ਦਸ ਪਹਿਲੀ ਮੰਜ਼ਲ 'ਤੇ। ਵਿਚਕਾਰ ਦਸ ਕੁ ਫੁੱਟ ਦੀ ਗਲੀ ਸੀ। ਚਾਰਦੀਵਾਰੀ ਛੋਟੀ ਹੋਣ ਕਰਕੇ ਸੜਕ 'ਤੇ ਹੁੰਦੀ ਹਰ ਕਾਰਗੁਜ਼ਾਰੀ ਨਜ਼ਰ ਆਉਂਦੀ ਸੀ।

ਅਸਲ ਵਿਚ ਬਾਹਰ ਆਉਣ ਦਾ ਇਕ ਹੋਰ ਵੀ ਮਕਸਦ ਸੀ। ਮਹਿਰੀ, ਜਿਹੜੀ ਸਾਹਮਣੇ ਹੀ ਗਲੀ ਦੇ ਕੋਨੇ ਵਾਲੇ ਘਰ ਵਿਚ ਰਹਿੰਦੀ ਸੀ, ਕੁੱਬੀ ਜਿਹੀ ਅੰਮਾ... ਸਵੇਰੇ ਪੰਜ ਕੁ ਵਜੇ ਕਾਲਬੈੱਲ ਵਜਾਉਂਦੀ ਸੀ... ਅਸਲ ਵਿਚ ਉਸ ਨੇ ਛੇ-ਸੱਤ ਫ਼ਲੈਟਾਂ ਦਾ ਚੌਕਾ ਭਾਂਢਾ ਕਰਨਾ ਹੁੰਦਾ ਸੀ... ਉਹ ਸਾਰਾ ਦਿਨ ਫਿਰਕੀ ਵਾਂਗ ਗਲੀ ਵਿਚ ਫਿਰਦੀ ਰਾਤੀਂ ਦਸ ਬਾਰ੍ਹਾਂ ਵਜੇ ਤੱਕ ਵੀ ਭਾਂਢੇ ਮਾਂਜ ਜਾਂਦੀ, ਸਵੇਰੇ ਦਾ ਕੰਮ ਹੌਲਾ ਕਰਨ ਲਈ।

ਉਹ ਅੱਜ ਨਹੀਂ ਸੀ ਆਈ... ਮੈਂ ਦੀਵਾਰ ਤੋਂ ਵੇਖਿਆ ਕਿ ਉਹ ਕਾਹਲੀ ਕਾਹਲੀ ਆਪਣੇ ਖਟਿਕਾਂ ਦੇ ਘਰਾਂ ਅੰਦਰ ਬਾਹਰ ਹੋ ਰਹੀ ਸੀ। ਮੈਂ ਆਵਾਜ਼ ਮਾਰੀ "ਅਰੀ ਅੰਮਾ, ਆਜ ਕਯਾ ਹੋ ਗਯਾ ਕਾਮ ਪਰ ਨਹੀਂ ਆਈ?", ਤਾਂ ਜ਼ਰਾ ਕੁ ਨੇੜੇ ਆ ਕੇ ਉਸ ਅੱਖਾਂ ਤਰੇਰ ਕੇ ਮੇਰੇ ਵੱਲ ਵੇਖਿਆ...।

"ਅਬ ਹਮ ਨਾ ਆਈ ਤੁਹਾਰ ਬਰਤਨ ਰਗੜਨੇ ਕੋ... ਅਬਕੇ ਤੋਂ ਤੁਮ ਹਮਰਾ ਚੌਕਾ ਬਾਸਨ ਕਰੀਹੋ।"

ਐਂਜ ਵੀ ਹੋ ਸਕਦੈ ਕਦੀ? ਜਿਵੇਂ ਹੇਠਲੀ ਉੱਤੇ ਹੋ ਗਈ ਸੀ ਪਲਾਂ ਵਿਚ। ਮੈਨੂੰ ਸਮਝ ਆ ਗਈ ਕਿ ਗੱਲ ਉਨੀ ਸਾਦੀ ਵੀ ਨਹੀਂ ਜਿੰਨੀ ਮੈਂ ਸਮਝ ਰਹੀ ਸਾਂ।

ਅੰਦਰਲੇ ਵਿਹੜੇ ਵਿਚ ਆਈ ਹੀ ਸਾਂ, ਕਿ ਉਤਲੇ ਫ਼ਲੈਟ ਵਾਲੀ ਆਦਰਸ਼ ਬਕਸ਼ੀ ਨੇ ਆਵਾਜ਼ ਦਿੱਤੀ।

"ਮੈਂ ਆਵਾਜ਼ਾਂ ਮਾਰ ਮਾਰ ਥਕ ਗਈ ਆਂ, ਕਿੱਥੇ ਘੁੰਮ ਰਹੇ ਹੋ। ਛੇਤੀ ਨਾਲ ਇਕ ਦੋ ਸੂਟ ਫੜੋ ਤੇ ਉੱਪਰ ਆ ਜਾਓ। ਸ਼ਹਿਰ ਵਿਚ ਕਹਿਰ ਮੱਚਿਆ ਹੋਇਐ"... ਤੁਹਾਡੇ ਵਰਾਂਡੇ ਨੂੰ ਤਾਂ ਗਰਿੱਲ ਵੀ ਨਹੀਂ... ਇਕ ਲੱਤ ਮਾਰਿਆਂ ਦਰਵਾਜ਼ਾ ਟੁੱਟ ਜਾਣੈ ਤੁਸੀਂ ਉੱਪਰ ਆਓ ਤਾਂ ਅਸੀਂ ਪੌੜੀਆਂ ਵਾਲੀ ਗਰਿੱਲ ਨੂੰ ਤਾਲਾ ਲਾਈਏ। ਛੇਤੀ ਕਰੋ...।

(**ਬਾਕੀ ਅਗਲੇ ਹਫ਼ਤੇ**)

ਅੰਮ੍ਰਿਤਸਰ ਟਾਈਮਜ਼ AMRITSAR TIMES

09 ਨਵੰਬਰ 2016 ਤੋਂ 15 ਨਵੰਬਰ 2016

*ਮਹਿਮਾਨ ਸੰਪਾਦਕੀ*, ਕਰਮਜੀਤ ਸਿੰਘ ਸੰਪਰਕ: (9915091063)

## ਨਵਾਂ ਪ੍ਰਧਾਨ ਨਵੀਂ ਕਿਰਨ

ਪ੍ਰੋ. ਕਿਰਪਾਲ ਸਿੰਘ ਬਡੂੰਗਰ ਵਲੋਂ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਸੰਭਾਲਣ ਨਾਲ ਧਾਰਮਿਕ ਹਲਕਿਆਂ ਵਿਚ ਸਿੱਖ ਸੰਸਥਾਵਾਂ ਦੇ ਮੂਲ ਖ਼ਾਸੇ ਅਤੇ ਉਨ੍ਹਾਂ ਸੰਸਥਾਵਾਂ ਦੀ ਪ੍ਰਭੂ ਸੱਤਾ ਅਤੇ ਖ਼ੁਦਮੁਖ਼ਤਾਰੀ ਨੂੰ ਬਹਾਲ ਕਰਨ ਲਈ ਉਮੀਦ ਦੀ ਕਿਰਨ ਜ਼ਰੂਰ ਜਾਗੀ ਹੈ। ਇਸ ਉਮੀਦ ਦੀ ਝਲਕ ਅਹੁਦਾ ਸੰਭਾਲਣ ਪਿੱਛੋਂ ਉਨ੍ਹਾਂ ਵਲੋਂ ਦਿੱਤੇ ਬਿਆਨਾਂ ਤੋਂ ਵੀ ਮਿਲਦੀ ਹੈ, ਜਿਸ ਤੋਂ ਪਤਾ ਲੱਗਦਾ ਹੈ ਉਹ ਇਕ ਪਾਸੇ ਸ਼੍ਰੋਮਣੀ ਕਮੇਟੀ ਨਾਲ ਸਬੰਧਤ ਸਕੂਲਾਂ-ਕਾਲਜਾਂ ਦੇ ਪ੍ਰਬੰਧ ਵਿਚ ਵੱਡੇ ਸੁਧਾਰ ਲਿਆਉਣਾ ਚਾਹੁੰਦੇ ਹਨ ਅਤੇ ਦੂਜੇ ਪਾਸੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਤਰਜ਼-ਏ-ਜ਼ਿੰਦਗੀ ਵਿਚ ਪਿਛਲੇ ਲੰਬੇ ਅਰਸੇ ਤੋਂ ਖ਼ਤਮ ਹੋ ਰਹੀਆਂ ਧਾਰਮਿਕ ਕਦਰਾਂ ਕੀਮਤਾਂ ਨੂੰ ਮੁੜ ਬਹਾਲ ਕਰਨ ਦੇ ਸੰਜੀਦਾ ਯਤਨ ਕਰਨਗੇ।

ਨਵੇਂ ਬਣੇ ਪ੍ਰਧਾਨ ਇਹ ਮਹਿਸੂਸ ਕਰਦੇ ਹਨ ਕਿ ਗੁਰੂਆਂ ਦੇ ਨਾਂ 'ਤੇ ਕਾਇਮ ਹੋਏ ਖ਼ਾਲਸਾ ਸਕੂਲਾਂ ਅਤੇ ਕਾਲਜਾਂ ਵਿਚ ਵਿਦਿਆਰਥੀਆਂ ਦੇ ਸਿਰਾਂ ਤੋਂ ਵੱਡੀ ਪੱਧਰ 'ਤੇ ਦਸਤਾਰਾਂ ਲੱਥ ਗਈਆਂ ਹਨ ਅਤੇ ਹਾਲਤ ਏਥੋਂ ਤਕ ਪਹੁੰਚ ਗਈ ਹੈ ਕਿ ਇਨ੍ਹਾਂ ਸਕੂਲਾਂ ਕਾਲਜਾਂ ਵਿਚ ਕੰਮ ਕਰ ਰਹੇ ਅਧਿਆਪਕ ਸਾਹਿਬਾਨ ਨਾ ਕੇਵਲ ਸਿੱਖੀ ਜੀਵਨ ਜਾਚ ਦੀ ਸ਼ਰੇਆਮ ਉਲੰਘਣਾ ਕਰਦੇ ਹਨ ਸਗੋਂ ਅੱਜ ਕੱਲ੍ਹ ਉਹ ਵਿਦਿਆਰਥੀਆਂ ਦੇ ਰੋਲ-ਮਾਡਲ ਵੀ ਨਹੀਂ ਰਹੇ। ਇਸ ਉਲਝੀ ਤਾਣੀ ਨੂੰ ਸੁਲਝਾਉਣਾ ਭਾਵੇਂ ਇੰਨਾ ਆਸਾਨ ਕੰਮ ਨਹੀਂ ਹੈ, ਪਰ ਫੇਰ ਵੀ ਖ਼ਾਲਸਾ ਪੰਥ ਦੀਆਂ ਇਨ੍ਹਾਂ ਸੰਸਥਾਵਾਂ ਵਿਚ ਸਿੱਖੀ ਦਾ ਮਾਹੌਲ ਤਾਂ ਮੁੜ ਸਿਰਜਿਆ ਹੀ ਜਾ ਸਕਦਾ ਹੈ।

ਸਰਦਾਰ ਕਿਰਪਾਲ ਸਿੰਘ ਬਡੂੰਗਰ ਦੀ ਸ਼ਖ਼ਸੀਅਤ ਵਿਚ ਦੋ ਵੱਡੇ ਗੁਣ ਹਨ ਜੋ ਮੌਜੂਦਾ ਹਾਲਤਾਂ ਵਿਚ ਉਨ੍ਹਾਂ ਨੂੰ ਕਾਮਯਾਬੀ ਵੱਲ ਲਿਜਾ ਸਕਦੇ ਹਨ। ਇਕ, ਉਹ ਪੂਰਬੀ ਤੇ ਪੱਛਮੀ ਦੁਨੀਆ ਵਿਚ ਧਾਰਮਿਕ ਤੇ ਰਾਜਨੀਤਿਕ ਖੇਤਰ ਅੰਦਰ ਵਾਪਰ ਰਹੀਆਂ ਘਟਨਾਵਾਂ ਤੇ ਵਰਤਾਰਿਆਂ ਨੂੰ ਗੰਭੀਰਤਾ ਨਾਲ ਵੇਖਣ ਅਤੇ ਸਿੱਖ-ਜੀਵਨ ਵਿਚ ਉਨ੍ਹਾਂ ਘਟਨਾਵਾਂ ਦੇ ਪੈ ਰਹੇ ਅਤੇ ਪੈਣ ਵਾਲੇ ਪ੍ਰਭਾਵਾਂ ਦਾ ਡੂੰਘਾ ਵਿਸ਼ਲੇਸ਼ਣ ਅਕਸਰ ਹੀ ਕਰਦੇ ਰਹਿੰਦੇ ਹਨ। ਸਾਹਿਤ ਤੇ ਰਾਜਨੀਤੀ ਦੇ ਖੇਤਰ ਵਿਚ ਪੰਜਾਬ ਅੰਦਰ ਕੀ ਕੁਝ ਵਾਪਰ ਰਿਹਾ ਹੈ ਅਤੇ ਇਨ੍ਹਾਂ ਰੁਝਾਨਾਂ ਨੂੰ ਸਿੱਖੀ ਦੇ ਨਜ਼ਰੀਏ ਤੋਂ ਕਿਹੜੀਆਂ ਕਿਹੜੀਆਂ ਨਵੀਆਂ ਦਿਸ਼ਾਵਾਂ ਦਿੱਤੀਆਂ ਜਾ ਸਕਦੀਆਂ ਹਨ ਉਹ ਇਨਾਂ ਬਾਰੇ ਸੁਚੇਤ ਅਤੇ ਸਰਗਰਮ ਵੀ ਹਨ ਅਤੇ ਯੋਗ ਹੱਲ ਵੀ ਤਲਾਸ਼ਦੇ ਰਹਿੰਦੇ ਹਨ। ਸ਼ਾਇਦ ਬਹੁਤ ਘੱਟ ਲੋਕਾਂ ਨੂੰ ਪਤਾ ਹੋਏਗਾ ਕਿ ਉਹ ਅੰਗਰੇਜ਼ੀ ਸਾਹਿਤ ਦੇ ਪੋਸਟ ਗ੍ਰੈਜੂਏਟ ਤਾਂ ਹਨ ਹੀ ਪਰ ਨਾਲ ਹੀ ਉਨ੍ਹਾਂ ਨੇ ਪੱਛਮ ਦੀ ਦੁਨੀਆ ਦੇ ਗੰਭੀਰ ਸਾਹਿਤ ਦਾ ਡੂੰਘਾ ਅਧਿਐਨ ਵੀ ਕੀਤਾ ਹੋਇਆ ਹੈ। ਏਥੇ ਇਹ ਜਾਣਕਾਰੀ ਦੱਸਣ ਦੀ ਵੀ ਲੋੜ ਹੈ ਕਿ ਸਾਡੇ ਸਮਿਆਂ ਦੇ ਮਹਾਨ ਵਿਦਵਾਨ ਅਤੇ ਸ਼ਾਇਰ ਹਰਿੰਦਰ ਸਿੰਘ ਮਹਿਬੂਬ ਨੂੰ ਉਨ੍ਹਾਂ ਦਿਲ ਦੀਆਂ ਗਹਿਰਾਈਆਂ ਤਕ ਜਾਣਿਆ, ਪੜ੍ਹਿਆ ਤੇ ਸਮਝਿਆ ਹੈ। ਦੂਜਾ ਗੁਣ ਇਹ ਹੈ ਕਿ ਉਹ ਸਾਦਗੀ ਵਾਲਾ ਜੀਵਨ ਬਤੀਤ ਕਰਦੇ ਹਨ ਜਦਕਿ ਹੁਣ ਇਹ ਸਾਦਗੀ ਨਾ ਤਾਂ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਦੇ ਕਲਚਰ ਵਿਚ ਸ਼ਾਮਲ ਹੈ ਤੇ ਨਾ ਹੀ ਉਨ੍ਹਾਂ ਦੇ ਧਾਰਮਿਕ ਜੀਵਨ ਵਿਹਾਰ ਦਾ ਹਿੱਸਾ ਰਹਿ ਗਈ ਹੈ।

ਉਹ ਸਭ ਤੋਂ ਵੱਡਾ ਮਸਲਾ ਕਿਹੜਾ ਹੋ ਸਕਦਾ ਹੈ ਜਿਸ ਦੇ ਹੱਲ ਲਈ ਸ. ਕਿਰਪਾਲ ਸਿੰਘ ਬਡੂੰਗਰ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ? ਇਹ ਮਾਮਲਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗੁਰਬਚਨ ਸਿੰਘ ਦਾ ਹੈ, ਜਿਸ ਨੇ ਜਥੇਦਾਰ ਦੇ ਇਤਿਹਾਸਿਕ ਰੁਤਬੇ ਅਤੇ ਸ਼ਾਨ ਨੂੰ ਇਸ ਹੱਦ ਤਕ ਨੀਵਾਂ ਕਰ ਦਿੱਤਾ ਕਿ ਸਿੱਖ ਇਤਿਹਾਸ ਵਿਚ ਇਹੋ ਜਿਹੀ ਬਦਨਾਮ ਮਿਸਾਲ ਘੱਟ ਹੀ ਮਿਲੇਗੀ। ਚੱਬਾ ਵਿਚ ਹੋਏ ਸਰਬੱਤ ਖ਼ਾਲਸਾ ਦੇ ਵਿਸ਼ਾਲ ਇਕੱਠ ਨੇ ਪਿਛਲੇ ਸਾਲ 10 ਨਵੰਬਰ ਵਾਲੇ ਦਿਨ ਬੇਮਿਸਾਲ ਹੁੰਗਾਰੇ ਦੇ ਮਾਹੌਲ ਵਿਚ ਭਾਈ ਜਗਤਾਰ ਸਿੰਘ ਹਵਾਰਾ ਨੂੰ ਇਸ ਮਹਾਨ ਤਖ਼ਤ ਦਾ ਜਥੇਦਾਰ ਪਹਿਲਾਂ ਹੀ ਸਥਾਪਤ ਕਰ ਦਿੱਤਾ ਹੋਇਆ ਹੈ। ਸਾਡੇ ਸਾਹਮਣੇ ਮਿਸਾਲ ਇਹ ਹੈ ਕਿ ਭਾਈ ਰਣਜੀਤ ਸਿੰਘ ਨੂੰ ਜੇਲ੍ਹ ਦੇ ਸਮੇਂ ਦੌਰਾਨ ਹੀ ਸ੍ਰੀ ਅਕਾਲ ਤਖ਼ਤ ਦਾ ਜਥੇਦਾਰ ਬਣਾਇਆ ਗਿਆ ਸੀ ਅਤੇ ਭਾਈ ਮਨਜੀਤ ਸਿੰਘ ਨੂੰ ਉਨ੍ਹਾਂ ਦੀ ਰਿਹਾਈ ਤਕ ਐਕਟਿੰਗ ਜਥੇਦਾਰ ਥਾਪਿਆ ਗਿਆ ਸੀ। ਸਮੁੱਚੇ ਪੰਥ ਨੇ ਇਸ ਫ਼ੈਸਲੇ ਨੂੰ ਮਾਨਤਾ ਦਿੱਤੀ ਸੀ। ਇਸੇ ਮਿਸਾਲ ਨੂੰ ਸਾਹਮਣੇ ਰੱਖ ਕੇ ਭਾਈ ਜਗਤਾਰ ਸਿੰਘ ਹਵਾਰੇ ਨੂੰ ਜਥੇਦਾਰ ਸਵੀਕਾਰ ਕਰਨ ਨਾਲ ਸਿੱਖ ਪੰਥ ਵਿਚ ਏਕਤਾ ਦੀ ਨਵੀਂ ਤੇ ਯਾਦਗਾਰੀ ਮਿਸਾਲ ਕਾਇਮ ਕੀਤੀ ਜਾ ਸਕਦੀ ਹੈ। ਇਸ ਮਨੋਰਥ ਲਈ ਸ. ਕਿਰਪਾਲ ਸਿੰਘ ਬਡੂੰਗਰ ਨੂੰ ਸਾਰੀਆਂ ਸਬੰਧਤ ਧਿਰਾਂ ਨੂੰ ਮਨਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਮੌਜੂਦਾ ਹਾਲਤਾਂ ਵਿਚ ਜਿਵੇਂ ਪੰਥਕ ਸਫ਼ਾਂ ਅਤੇ ਪੰਥਕ ਲੀਡਰਸ਼ਿਪ ਵਿਚ ਕੁੜੱਤਣ, ਬੇਵਿਸ਼ਵਾਸੀ ਅਤੇ ਹੰਕਾਰ ਦਾ ਮਾਹੌਲ ਚਾਰੇ ਪਾਸੇ ਸਿਖਰ ਨੂੰ ਪਹੁੰਚ ਚੁੱਕਾ ਹੈ, ਉਸ ਹਾਲਤ ਵਿਚ ਬਡੂੰਗਰ ਸਾਹਿਬ ਆਪਣੀ ਕੂਟਨੀਤਕ ਸਿਆਣਪ, ਅਨੁਭਵ ਅਤੇ ਤਜਰਬੇ ਦੀ ਵਰਤੋਂ ਕਰਕੇ ਇਸ ਬਿਖਮ ਕਾਰਜ ਨੂੰ ਸਫਲਤਾ ਤਹਿਤ ਸਿਰੇ ਚਾੜ੍ਹ ਸਕਦੇ ਹਨ। ਹੁਣ ਭਾਈ ਜਗਤਾਰ ਸਿੰਘ ਹਵਾਰਾ ਕਿਉਂਕਿ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਨਜ਼ਰਬੰਦ ਹਨ, ਇਸ ਲਈ ਐਕਟਿੰਗ ਜਥੇਦਾਰ ਦੀ ਨਿਯੁਕਤੀ ਸਹਿਜੇ ਹੀ ਹੋ ਸਕਦੀ ਹੈ। ਇਹ ਗੱਲ ਚਿੱਟੇ ਦਿਨ ਵਾਂਗ ਸਪਸ਼ਟ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕੀ ਢਾਂਚੇ ਦੀਆਂ ਕੁਝ ਪਰਤਾਂ ਵਿਚ ਇਹੋ ਜਿਹੇ ਵਿਅਕਤੀ ਘੁਸਪੈਠ ਕਰ ਗਏ ਹਨ ਜਿਨ੍ਹਾਂ ਦੇ ਆਰ.ਐਸ.ਐਸ ਨਾਲ ਸਿੱਧੇ ਤੇ ਅਸਿੱਧੇ ਸਬੰਧ ਹਨ। ਹੁਣ ਇਹ ਪਤਾ ਕਰਨ ਦਾ ਸਮਾਂ ਆ ਗਿਆ ਹੈ ਕਿ ਸਿਰਸਾ ਦੇ ਡੇਰਾ ਮੁਖੀ ਨੂੰ ਮੁਆਫ਼ ਕਰਨ ਪਿੱਛੇ ਪੰਥ ਦੇ ਅੰਦਰ ਤੇ ਬਾਹਰ ਕਿਹੜੀਆਂ ਤਾਕਤਾਂ ਰੋਲ ਅਦਾ ਕਰ ਰਹੀਆਂ ਸਨ। ਇਨ੍ਹਾਂ ਦੀ ਨਿਸ਼ਾਨਦੇਹੀ ਕੀਤੀ ਜਾਣੀ ਚਾਹੀਦੀ ਹੈ। ਜਾਪਦਾ ਤਾਂ ਇਹ ਹੈ ਕਿ ਸ. ਕਿਰਪਾਲ ਸਿੰਘ ਬਡੂੰਗਰ ਫ਼ਿਲਹਾਲ ਇਸ ਤਰ੍ਹਾਂ ਦਾ ਹੌਸਲਾ ਜਾ ਜੁਰਅਤ ਨਹੀਂ ਕਰ ਸਕਣਗੇ ਕਿਉਂਕਿ ਜਿਨ੍ਹਾਂ ਨੇ ਉਨ੍ਹਾਂ ਨੂੰ ਭਾਵੇਂ ਮਜਬੂਰੀ ਵਿਚ ਹੀ ਇਸ ਅਹੁਦੇ 'ਤੇ ਲਿਆਂਦਾ ਹੈ ਉਹ ਇਹ ਚਾਹੁਣਗੇ ਕਿ ਇਹ ਰਾਜ਼, ਰਾਜ਼ ਹੀ ਬਣੇ ਰਹਿਣ। ਸ. ਕਿਰਪਾਲ ਸਿੰਘ ਬਡੂੰਗਰ ਵਿਚ ਇਕ ਗੁਣ ਇਹ ਵੀ ਹੈ ਕਿ ਉਹ ਸਾਰੇ ਦਬਾਵਾਂ ਦੇ ਬਾਵਜੂਦ ਸਿਧਾਂਤਾਂ ਦੇ ਸਵਾਲ 'ਤੇ ਸਮਝੌਤਾ ਨਹੀਂ ਕਰਦੇ ਅਤੇ ਆਪਣੀ ਆਜ਼ਾਦਾਨਾ ਰਾਏ ਰੱਖ ਦਿੰਦੇ ਹਨ। ਅਜਿਹਾ ਉਨ੍ਹਾਂ ਨੇ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਆਪਣੇ ਪਿਛਲੇ ਕਾਰਜਕਾਲ ਦੌਰਾਨ ਲਾਗੂ ਕਰਕੇ ਵੀ ਸਾਬਤ ਕੀਤਾ ਸੀ। ਇਕ ਹੋਰ ਵੱਡੇ ਕਾਰਜ ਨੂੰ ਸਿਰੇ ਚਾੜ੍ਹਨ ਦੀ ਵੀ ਉਨ੍ਹਾਂ ਤੋਂ ਉਮੀਦ ਕੀਤੀ ਜਾ ਰਹੀ ਹੈ। ਉਹ ਇਹ ਹੈ ਕਿ ਚੰਡੀਗੜ੍ਹ ਵਿਚ ਵੱਡੀ ਗੁਰਮਤਿ ਲਾਇਬਰੇਰੀ ਕਾਇਮ ਕੀਤੀ ਜਾਵੇ। ਅੰਮ੍ਰਿਤਸਰ ਤੋਂ ਲੈ ਕੇ ਚੰਡੀਗੜ੍ਹ ਤਕ ਇਕ ਵੀ ਅਜਿਹੀ ਲਾਇਬਰੇਰੀ ਨਹੀਂ ਜਿੱਥੇ ਤੁਹਾਨੂੰ ਇਕੋ ਥਾਂ 'ਤੇ ਗੁਰਮਤਿ ਦੀਆਂ ਪੁਸਤਕਾਂ ਦਾ ਵੱਡਾ ਭੰਡਾਰ ਮਿਲ ਸਕੇ, ਜਿੱਥੇ ਗੁਰਮਤਿ ਨਾਲ ਜੁੜੇ ਖੋਜਾਰਥੀ ਅਤੇ ਵੱਡੇ ਵਿਦਵਾਨ ਇਸ ਦਾ ਫ਼ਾਇਦਾ ਚੁੱਕ ਸਕਣ। ਸੈਕਟਰ 44 ਦੇ ਇਤਿਹਾਸਿਕ ਗੁਰਦੁਆਰਾ ਸਾਹਿਬ ਦੇ ਵਿਸ਼ਾਲ ਕੰਪਲੈਕਸ ਵਿਚ ਗੁਰਮਤਿ ਲਾਇਬਰੇਰੀ ਦੀ ਸਥਾਪਨਾ ਉੱਤਰੀ ਭਾਰਤ ਦੇ ਖ਼ਿੱਤੇ ਵਿਚ ਇਤਿਹਾਸਕ ਯਾਦਗਾਰ ਬਣ ਸਕਦੀ ਹੈ।

# ਰੋਮ ਰੋਮ ਮੇਰਾ ਨਾਨਕ ਵਸੇ, ਨਾਨਕ ਨਾਨਕ ਆਖਾਂ



**ਆਪਜੀ ਨੇ ਸੱਜਣ ਠੱਗ, ਕੌਡੇ ਰਾਕਸ਼ ਅਤੇ ਵਲੀ ਕੰਧਾਰੀ ਜਿਹੇ ਆਦਮ ਖੋਰਾਂ ਨੂੰ ਆਪਣੇ ਪ੍ਰਬਚਨਾਂ ਸਦਕਾ ਇੱਕ ਨਵੀਂ ਜੀਵਨ ਜਾਂਚ ਦਿੱਤੀ ਅਤੇ ਗਰੀਬਾਂ ਨੂੰ ਆਪਣੇ ਗਲੇ ਲਾਇਆ। ਬਾਬਰ ਨੂੰ ਜਾਬਰ ਕਿਹਾ, ਗੱਲ ਕੀ ਸੱਚ ਬੋਲਣਾ ਅਤੇ ਸੱਚ 'ਤੇ ਪਹਿਰਾ ਦੇਣਾ ਉਹ ਵੀ ਬਿਨਾਂ ਕਿਸੇ ਡਰ ਤੋਂ। ਵਹਿਮਾਂ ਭਰਮਾਂ ਅਤੇ ਪਾਖੰਡਾ ਤੋਂ ਲੋਕਾਂ ਨੂੰ ਲਗਾਤਾਰ ਸੁਚੇਤ ਕਰਦੇ ਰਹੇ।**

**ਸੰਜੀਵ ਝਾਂਜੀ, ਜਗਰਾਉਂ**

ਰੋਮ ਰੋਮ ਮੇਰਾ ਨਾਨਕ ਵਸੇ, ਨਾਨਕ ਨਾਨਕ ਆਖਾਂ
ਨਾਨਕ ਦੇਖਾਂ ਨਾਨਕ ਆਖਾਂ ਨਾਨਕ ਸੁਣ ਜਾ ਜੀਵਾਂ,
ਨਾਨਕ ਲਿਖਾਂ ਨਾਨਕ ਪੜ੍ਹਾਂ ਨਾਨਕ ਸੋਚ ਸਜੀਵਾਂ।

ਨਾਨਕ ਇਕ ਅਜਿਹਾ ਨਾਮ ਹੈ ਜਿਹੜਾ ਰੋਮਓਰੋਮ 'ਚ ਵਾਸਾ ਕਰਦਾ ਹੈ।

ਰੋਮ ਰੋਮ ਮੇਰਾ ਨਾਨਕ ਵਸੇ, ਨਾਨਕ ਨਾਨਕ ਆਖਾਂ
ਧੰਨ ਗੁਰ ਨਾਨਕ ਧੰਨ ਗੁਰ ਨਾਨਕ ਇਹੀਉ ਰਾਗ ਅਲਾਪਾਂ।

ਧੰਨ ਧੰਨ ਸਤਿਗੁਰ ਸੱਚੇ ਪਾਤਸ਼ਾਹ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਅਜਿਹੇ ਸਮੇ ਵਿਚ ਹੋਇਆ ਜਦੋਂ ਚਾਰੇ ਪਾਸੇ ਅਗਿਆਨਤਾ ਦਾ ਘੁੱਪ ਹਨੇਰਾ ਪਸਰਿਆ ਹੋਇਆ ਸੀ। ਮਨੁੱਖਤਾ ਵਹਿਮਾਂ ਭਰਮਾਂ ਵਿਚ ਫਸੀ ਅਤੇ ਉਲਝੀ ਹੋਈ ਸੀ। ਇਹ ਸੁਲਤਾਨਾਂ ਦਾ ਸਮਾਂ ਸੀ। ਸੁਲਤਾਨਾਂ ਦੇ ਸਮੇਂ ਤੱਕ ਭਾਰਤ ਵਿੱਚ ਮੁਸਲਮਾਨਾਂ ਨੂੰ ਰਹਿੰਦੇ ਕਾਫੀ ਸਮਾਂ ਹੋ ਚੁੱਕਾ ਸੀ। ਉਨ੍ਹਾਂ ਹਿੰਦੂ ਧਰਮ ਨੂੰ ਕਾਫੀ ਪ੍ਰਭਾਵਿਤ ਕੀਤਾ ਅਤੇ ਇਸ ਨੂੰ ਮਚੋੜਣ ਅਤੇ ਖੇਰੂ ਖੇਰੂ ਕਰਨ ਵਿਚ ਕੋਈ ਕਸਰ ਬਾਕੀ ਨਹੀ ਛੱਡੀ। ਇਸ ਕਾਰਨ ਦੇਸ਼ ਵਿੱਚ ਇੱਕ ਨਵੀਂ ਧਾਰਮਿਕ ਲਹਿਰ ਚੱਲੀ। ਉਤਰੀ ਭਾਰਤ ਵਿੱਚ ਇਸ ਲਹਿਰ ਦੇ ਮੁੱਖ ਸੰਚਾਲਕ ਭਗਤ ਕਬੀਰ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਸਨ। ਇਨ੍ਹਾਂ ਨੇ ਇੱਕ ਰੱਬ ਦੀ ਭਗਤੀ ਕਰਨ 'ਤੇ ਜ਼ੋਰ ਦਿੱਤਾ ਅਤੇ ਜਾਤ ਪਾਤ ਦਾ ਖੰਡਨ ਕੀਤਾ। ਇਸ ਲਹਿਰ ਦੇ ਬਾਨੀਆਂ ਵਿੱਚ ਗੁਰੂ ਰਵਿਦਾਸ, ਭਗਤ ਸ੍ਰੀ ਰਾਮਾ ਨੰਦ, ਭਗਤ ਨਾਮਦੇਵ ਜੀ, ਸੈਣ ਭਗਤ ਵੀ ਸ਼ਾਮਲ ਸਨ। ਇਨ੍ਹਾਂ ਮਹਾਂਪੁਰਸ਼ਾਂ ਦੇ ਉਪਦੇਸ਼ਾਂ ਸਦਕਾ ਹੀ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਆਪਸੀ ਪਿਆਰ ਵਧਿਆ ਅਤੇ ਇੱਕ ਦੂਸਰੇ ਦੇ ਕਰੀਬ ਆਉਣੇ ਸ਼ੁਰੂ ਹੋ ਗਏ।

ਸੁਣੀ ਪੁਕਾਰਿ ਦਤਾਰ ਪ੍ਰਭੂ, ਗੁਰੂ ਨਾਨਕ ਜਰਾ ਮਾਹਿ ਪਨਾਇਆ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਸੰਮਤ 1526, ਸੰਨ 1469 ਈ: ਨੂੰ ਰਾਏ ਭੋਇ ਦੀ ਤਲਵੰਡੀ ਨਨਕਾਣਾ ਸਾਹਿਬ ਵਿਖੇ ਸ੍ਰੀ ਮਹਿਤਾ ਕਾਲੂ ਦੇ ਘਰ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਹੋਇਆ। ਇਹ ਸਥਾਨ ਅੱਜ ਕੱਲ੍ਹ ਪਾਕਿਸਤਾਨ ਵਿਚ ਹੈ।

ਗੁਰੂ ਨਾਨਕ ਦੇਵ ਜੀ ਦੇ ਆਗਮਨ ਬਾਰੇ ਭਾਈ ਗੁਰਦਾਸ ਲਿਖਦੇ ਹਨ :

ਸਤਿਗੁਰ ਨਾਨਕ ਪ੍ਰਗਟਿਆ, ਮਿਟੀ ਧੁੰਦ ਜਗ ਚਾਨਣ ਹੋਇ।
ਜਿਉ ਕਰ ਸੂਰਜ ਨਿਕਲਿਆ, ਤਾਰੇ ਛਪੇ ਅੰਧੇਰ ਪਲੋਆ
ਤੇ ਫਿਰ
ਕਲਿਯੁਗ ਬਾਰੇ ਤਾਰਿਆ, ਸਤਿਨਾਮ ਪੜਿ ਮੰਤਰ ਸੁਣਾਇਆ,
ਕਲ ਤਾਰਿਣ ਗੁਰੂ ਨਾਨਕ ਆਇਆ।

ਉਰਦੂ ਦੇ ਪ੍ਰਸਿੱਧ ਸ਼ਾਇਰ ਡਾ. ਇਕਬਾਲ ਨੇ ਗੁਰੂ ਨਾਨਕ ਦੇਵ ਜੀ ਬਾਰੇ ਲਿਖਿਆ ਹੈ ਕਿ :

ਫਿਰ ਉਠੀ ਸਦਾ ਤੌਹੀਦ ਕੀ ਪੰਜਾਬ ਸੇ,
ਹਿੰਦ ਕੇ ਇਕ ਮਰਦਿ ਕਾਮਲ ਨੇ ਜਗਾਇਆ ਖ਼ਾਬ ਸੇ।

ਇਸ ਬਾਰੇ ਜੇਕਰ ਮੈਂ ਇੰਝ ਕਹਾ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ:

ਉੱਠੀਆ ਸੀ ਜਦੋਂ ਨ੍ਹੇਰੇ ਅਗਿਆਨਤਾ ਦੀਆਂ ਕੂੜ ਲਪਟਾਂ ਪੰਜਾਬ ਵਿਚੋਂ,
ਮਾਨਵ ਨੂੰ ਜਗਾਇਆ ਸੀ ਵਕਤ ਉਸ ਗੁਰ ਨਾਨਕ ਨੇ ਖ਼ਾਬ ਵਿਚੋਂ।

ਬਾਲ ਅਵਸਥਾ ਵਿੱਚ ਆਪ ਜੀ ਨੇ ਕਈ ਕੌਤਕ ਕੀਤੇ। ਕਈ ਦਿਨਾਂ ਤੋਂ ਭੁੱਖੇ ਸਾਧੂਆਂ ਨੂੰ ਭੋਜਨ ਛਕਾ ਕੇ ਸੱਚਾ ਸੌਦਾ ਕਰਕੇ ਨਵੀਂ ਪਰੰਪਰਾ ਦੀ ਨੀਂਵ ਰੱਖ ਦਿੱਤੀ।

ਐਸੀ ਨੀਂਵ ਧਰੀ, ਗੁਰੂ ਨਾਨਕ ਨਿੱਤ ਨਿੱਤ ਚੜੇ ਸੁਣਾਈ।

ਬਾਅਦ ਵਿੱਚ ਆਪ ਆਪਣੀ ਵੱਡੀ ਭੈਣ ਬੇਬੇ ਨਾਨਕੀ ਜੀ ਪਾਸ ਸੁਲਤਾਨਪੁਰ ਆ ਗਏ। ਜਦੋਂ ਗੁਰੂ ਨਾਨਕ ਜੀ ਨੇ ਮੋਦੀ ਖਾਨੇ ਨੌਕਰੀ ਕੀਤੀ ਤਾਂ ਉਸ ਬਾਰੇ ਗੁਰੂ ਘਰ ਨਾਨਕਸਰ ਦੇ ਸੇਵਕ ਰਹੇ ਮਸ਼ਹੂਰ ਕਵਿ ਡਾ. ਤਾਰਾ ਸਿੰਘ ਆਲਮ ਲਿਖਦੇ ਹਨ:

ਮੋਦੀ ਖਾਨਾ ਪਤਾ ਦੱਸੇ ਤੇਰਾ ਤੇਰਾ ਤੋਲਦਾ
ਕੌੜਾ ਰੀਠਾ ਅਜੇ ਤੱਕ ਮਿਠਾ ਮਿਠਾ ਬੋਲਦਾ।

ਇਕੇ ਹੀ ਆਪ ਜੀ ਨੇ ਕਾਜੀ ਅਤੇ ਨਵਾਬ ਨਾਲ ਮਸੀਤ ਜਾਣਾ, ਉਨ੍ਹਾਂ ਨੂੰ ਖੁਦਾ ਦੀ ਇਬਾਦਤ ਕਰਨ ਦਾ ਭੇਤ ਸਮਝਾਉਣਾ ਕਈ ਕੌਤਕ ਕੀਤੇ। ਕਾਫ਼ੀ ਸਮਾਂ ਸੁਲਤਾਨਪੁਰ ਰਹਿੰਦੇ, ਇੱਕ ਦਿਨ ਕੀ ਤੱਕਿਆ ਕਿ ਲੋਕਾਈ ਈਰਖਾ ਦੀ ਅੱਗ ਵਿੱਚ ਸੜ ਕੇ ਮਰੀ ਜਾ ਰਹੀ ਹੈ।

ਬਾਬਾ ਦੇਖੇ ਧਿਆਨ ਕਰ, ਜਲਤੀ ਸਭ ਪ੍ਰਿਥਵੀ ਦਿਸਿ ਆਈ।

ਅਤੇ ਜਿਸ ਮਕਸਦ ਵਾਸਤੇ ਆਪ ਨੇ ਅਵਤਾਰ ਧਾਰਨ ਕੀਤਾ ਸੀ, ਉਸ ਉਦੇਸ਼ ਨੂੰ ਲੈ ਕੇ ਪਹਿਲੀ ਉਦਾਸੀ ਦਾ ਆਰੰਭ ਕਰਨਾ ਅਤੇ ਮਰਦਾਨੇ ਨੂੰ ਕਹਿਣ ਲੱਗੇ ਚੱਲ ਤੈਨੂੰ ਭਗਤੀ ਦਾ ਘਰ ਦਿਖਾਈਏ। ਉਸ ਸਮੇਂ ਕੋਈ ਕਿਸੇ ਦਾ ਸਤਿਕਾਰ ਨਹੀਂ ਕਰਦਾ ਸੀ। ਊਚ ਨੀਚ ਦਾ ਕੋਈ ਵਿਚਾਰ ਨਾ ਰਿਹਾ। ਦੇਸ਼ ਦੇ ਬਾਦਸ਼ਾਹ ਅਧਰਮੀ ਅਤੇ ਬੇਇਨਸਾਫ਼ੀ ਹੋ ਗਏ। ਅਤੇ ਇਸ ਤਰ੍ਹਾਂ ਕਸਾਈ ਬਣ ਗਏ ਅਤੇ ਜਾਲਮ ਹੋ ਕੇ ਪਰਜਾ ਤੇ ਜੁਲਮ ਢਾਉਣ ਲੱਗੇ। ਇਸ ਤਰ੍ਹਾਂ ਸਭ ਸ੍ਰਿਸ਼ਟੀ ਸ਼ੁਭ ਕਰਮਾਂ ਤੋਂ ਹੀਣ ਹੋ ਗਈ। ਭਾਈ ਗੁਰਦਾਸ ਜੀ ਲਿਖਦੇ ਹਨ :

ਕੋਈ ਨਾ ਕਿਸੇ ਪੂਜਦਾ, ਊਚ ਨੀਚ ਸਭਿ ਰਾਤਿ ਬਿਰਸਾਈ।
ਭਏ ਬਿਅਦਲੀ ਬਾਦਸ਼ਾਹ, ਕਲ ਕਾਤੀ ਉਸਰਾਇ ਕਸਾਈ।
ਰਹਿ ਤਪਾਵਸੁ ਤ੍ਰਿਹੁ ਜੁਗੀ, ਚਉ ਜੁਗਿ ਜੋ ਦੇਇ ਸੋ ਪਾਈ।
ਕਰਮ ਭ੍ਰਿਸ਼ਟ ਸਭ ਪਈ ਲੋਕਾਈ

ਜਿੱਥੇ ਧਰਮ ਦਾ ਪਤਨ ਹੋ ਚੁੱਕਾ ਸੀ, ਉਥੇ ਲੋਕਾਂ ਨਾਲ ਰਾਜਸੀ ਧੱਕਾ ਵੀ ਸਿਖਰਾਂ 'ਤੇ ਸੀ। ਜੇਕਰ ਹਿੰਦੂ ਜਨਤਾ ਮੁਸਲਮ ਹਾਕਮਾਂ ਦੀ ਕੱਟੜਤਾ ਤੋਂ ਦੁਖੀ ਸਨ ਤਾਂ ਗਰੀਬ ਮੁਸਲਮਾਨ ਜਨਤਾ ਵੀ ਘੱਟ ਦੁਖੀ ਨਹੀਂ ਸੀ। ਰਾਜੇ ਕਸਾਈ ਤੇ ਨਿਆਈ ਸਨ। ਦੁਖੀ ਦੁਨੀਆ ਦੀ ਪੁਕਾਰ ਸੁਣ ਕੇ ਅਜਿਹੀਆਂ ਪ੍ਰਸਥਿਤੀਆਂ ਵਿੱਚ ਗੁਰੂ ਨਾਨਕ ਦੇਵ ਜੀ ਵਰਗੇ ਦੈਵੀ ਮਹਾਂਪੁਰਸ਼ ਨੂੰ ਦਾਤਾਰ ਪ੍ਰਭੂ ਨੇ ਸ੍ਰਿਸ਼ਟੀ ਦੇ ਕਲਿਆਣ ਲਈ ਭੇਜਿਆ। ਇਸ ਤਰ੍ਹਾਂ ਗੁਰੂ ਨਾਨਕ ਅਵਤਾਰ ਕਲਯੁਗ ਦੇ ਲੋਕਾਂ ਨੂੰ ਤਾਰਨ ਵਾਸਤੇ ਆਏ। ਅਗਿਆਨਤਾ ਦੂਰ ਹੋ ਗਈ ਅਤੇ ਗਿਆਨ ਦਾ ਚਾਰੇ ਪਾਸੇ ਪਸਾਰਾ ਹੋਇਆ।

ਗੁਰੂ ਨਾਨਕ ਦੇਵ ਜੀ ਅਕਾਲ ਰੂਪ ਸਨ, ਕਿਉਂਕਿ ਉਹ ਅਕਾਲ ਪੁਰਖ ਨਾਲ ਇੱਕ ਮਿੱਕ ਸਨ, ਉਹ ਅਕਾਲ ਪੁਰਖ ਵੱਲੋਂ ਵਰੋਸਾਇ ਹੋਣ ਕਰਕੇ ਜਗਤ ਗੁਰੂ ਆਖੇ ਜਾ ਸਕਦੇ ਹਨ, ਕਿਉਂਕਿ ਉਨ੍ਹਾਂ ਨੂੰ ਦੋਹਾਂ ਕੌਮਾਂ ਹਿੰਦੂ ਅਤੇ ਮੁਸਲਮਾਨ ਅਤੇ ਇਸੇ ਉਦੇਸ਼ ਸਦਕਾ ਗੁਰੂ ਨਾਨਕ ਦੇਵਵ ਜੀ ਨੇ 'ਧੁਰ ਕੀ ਬਾਣੀ' ਉਚਾਰ ਕੇ ਬਿਨ੍ਹਾਂ ਮਜ਼ਹਬ ਦੁਨੀਆ ਦਾ ਆਧਾਰ ਕੀਤਾ। ਆਪ ਜੀ ਨੇ ਭਾਈ ਲਾਲੋ ਦੇ ਘਰ ਪਹੁੰਚ ਕੇ ਉਸ ਦੀ ਰੁੱਖੀ ਮਿੱਸੀ ਰੋਟੀ ਦਾ ਭੋਗ ਲਾਇਆ ਅਤੇ ਮਲਕ ਭਾਗੋ ਦੀ ਰੋਟੀ ਵਿੱਚੋਂ ਹੰਕਾਰ ਰੂਪੀ ਲਹੂ ਦੇ ਤੁਪਕੇ ਕੱਢੇ।

ਆਪਜੀ ਨੇ ਸੱਜਣ ਠੱਗ, ਕੌਡੇ ਰਾਕਸ਼ ਅਤੇ ਵਲੀ ਕੰਧਾਰੀ ਜਿਹੇ ਆਦਮ ਖੋਰਾਂ ਨੂੰ ਆਪਣੇ ਪ੍ਰਬਚਨਾਂ ਸਦਕਾ ਇੱਕ ਨਵੀਂ ਜੀਵਨ ਜਾਂਚ ਦਿੱਤੀ ਅਤੇ ਗਰੀਬਾਂ ਨੂੰ ਆਪਣੇ ਗਲੇ ਲਾਇਆ। ਬਾਬਰ ਨੂੰ ਜਾਬਰ ਕਿਹਾ, ਗੱਲ ਕੀ ਸੱਚ ਬੋਲਣਾ ਅਤੇ ਸੱਚ 'ਤੇ ਪਹਿਰਾ ਦੇਣਾ ਉਹ ਵੀ ਬਿਨਾਂ ਕਿਸੇ ਡਰ ਤੋਂ। ਵਹਿਮਾਂ ਭਰਮਾਂ ਅਤੇ ਪਾਖੰਡਾ ਤੋਂ ਲੋਕਾਂ ਨੂੰ ਲਗਾਤਾਰ ਸੁਚੇਤ ਕਰਦੇ ਰਹੇ। ਆਪ ਜੀ ਦੇ ਵੇਲੇ ਜਦੋਂ ਹਿੰਦੂ ਧਰਮ ਪੂਰੀ ਤਰ੍ਹਾਂ ਨਿਘਾਰ ਵੱਲ ਸੀ ਅਤੇ ਮੁਸਲਮਾਨ ਵੀ ਇਨ੍ਹਾਂ ਪਖੰਡਾਂ ਦੇ ਸ਼ਿਕਾਰ ਹੋ ਗਏ ਸਨ ਤਾਂ ਗੁਰੂ ਜੀ ਦੇ ਸ਼ਬਦਾਂ ਵਿਚ :

ਸਰਮੁ ਧਰਮੁਦੁਇ ਛਪਿ ਖਲੋਹੇ ਕੂੜੁ ਫਿਰੈ ਪ੍ਰਧਾਨ ਵੇ ਲਾਲੋ।
ਕਾਜੀਆਂ ਬਾਮਣਾ ਕੀ ਗਲ ਥਕੀ ਅਗਦ ਪੜੈ ਸ਼ੈਤਾਨ ਵੇ ਲਾਲੋ।
ਮੁਸਲਮਾਨੀਆਂ ਪੜਹਿ ਕਤੇਬਾਂ ਕਸਟ ਮਹਿ ਕਰਹਿ ਖੁਦਾਈ ਵੇ ਲਾਲੋ। (੭੨੨)

ਉਨ੍ਹਾਂ ਦੇ ਸਾਥੀ ਮਰਦਾਨਾ ਜੀ ਰਬਾਬ ਦੇ ਤਾਰ ਛੱਡਦੇ ਤਾਂ ਗੁਰੂ ਨਾਨਕ ਦੇਵ ਜੀ ਅਕਾਲ ਪੁਰਖ ਪ੍ਰਤੀ ਬਿਰਾਗ ਪੈਦਾ ਕਰਦੇ ਅਤੇ ਉਸ ਅਕਾਲ ਪੁਰਖ ਦੀ ਸਿਫ਼ਤ ਸਲਾਹ ਆਪਣੇ ਪਵਿੱਤਰ ਮੁਖਾਰਬਿੰਦ ਵਿਚੋਂ ਉਚਾਰਦੇ ਤਾਂ ਲੋਕਾਂ ਦੇ ਮਨਾਂ ਵਿਚ ਪਈਆਂ ਗਲਤ ਧਾਰਨਾਵਾਂ ਦੀਆਂ ਗੰਢਾਂ ਖੁੱਲ੍ਹਦੀਆਂ। ਉਹ ਧੰਨ ਗੁਰੂ ਨਾਨਕ ਆਖਦੇ। ਇਸੇ ਬਾਰੇ ਇਕ ਹੋਰ ਥਾਂ ਡਾ. ਤਾਰਾ ਸਿੰਘ ਲਿਖਦੇ ਹਨ:

ਉਹਦੇ ਮੁਖੜੇ 'ਤੇ ਲਾਲੀ, ਉਹਦਾ ਨੂਰ ਹੈ ਨਿਰਾਲਾ।
ਮਰਦਾਨਾ ਸੱਜੇ ਪਾਸੇ,ਉਹਦੇ ਖੱਬੇ ਹੱਥ ਬਾਲਾ।
ਮਰਦਾਨਾ ਰਬਾਬ ਵਜਾਵੇ, ਬਾਲਾ ਚੌਰ ਨੂੰ ਝੁਲਾਵੇ।
ਗੁਰੂ ਮਿੱਠਾ ਮਿੱਠਾ ਗਾਵੇ ਉਹਨੂੰ ਬਾਣੀ ਧੁਰੋਂ ਆਵੇ।
ਵੀਹਗੁਰੂ ਜਪੇ ਫੇਰੇ ਸਵਾਸਾਂ ਵਾਲੀ ਮਾਲਾ।

ਸਾਨੂੰ ਗੁਰੂ ਨਾਨਕ ਦੇਵ ਜੀ ਦੇ ਸਮੁੱਚੇ ਜੀਵਨ ਪ੍ਰਵਾਹ ਵਿਚੋਂ ਜਾਚ ਮਿਲਦੀ ਹੈ, ਜਿਸ ਨਾਲ ਮਨੁੱਖ ਆਪਣੇ ਜੀਵਨ ਨੂੰ ਸਫਲ ਕਰ ਸਕਦਾ ਹੈ। ਅਜਿਹੀ ਸਮਦਰਸ਼ੀ, ਪਵਿੱਤਰ ਆਤਮਾ, ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਵਿੱਤਰ ਜਨਮ ਦਿਹਾੜਾ ਸੰਸਾਰ ਭਰ ਵਿੱਚ ਮਨਾਇਆ ਜਾ ਰਿਹਾ ਹੈ। ਦੇਸ਼ ਭਰ ਵਿਚ ਵੱਖ ਵੱਖ ਥਾਵਾਂ 'ਤੇ ਦੀਵਾਨ ਸਜਾਏ ਜਾਂਦੇ ਹਨ ਅਤੇ ਦੀਪਮਾਲਾ ਕੀਤੀ ਜਾਂਦੀ ਹੈ ਅਤੇ ਸਰਬੱਤ ਦੇ ਭਲੇ ਲਈ ਗਾਇਆ ਜਾਂਦਾ ਹੈ:

ਨਾਨਕ ਨਾਮ ਚੜ੍ਹਦੀ ਕਲਾ।
ਤੇਰੇ ਭਾਣੇ ਸਰਬਤ ਦਾ ਭਲਾ।

# ਗੁਰੂ ਨਾਨਕ ਦੇ ਚਿੱਤਰ : ਜਨਮ ਸਾਖੀਆਂ ਤੋਂ ਲੈ ਕੇ ਅੱਜ ਤਕ

**ਗੁਰੂ ਨਾਨਕ ਦੇਵ ਜੀ ਦੇ ਚਿੱਤਰ ਵਿਚ ਸਭ ਤੋਂ ਪਹਿਲਾਂ ਸੇਲ੍ਹੀ ਟੋਪੀ ਦੀ ਥਾਂ ਦਸਤਾਰ ਚਿਤਰਕਾਰ ਸੋਭਾ ਸਿੰਘ ਨੇ ਸਜਾਈ ਹੈ। 1930ਵੇਂ ਦਹਾਕੇ ਜਦੋਂ ਉਨ੍ਹਾਂ ਦੀ ਦੀ ਪ੍ਰਸਿੱਧ ਤਸਵੀਰ "ਨਾਮ ਖੁਮਾਰੀ ਨਾਨਕਾ, ਚੜ੍ਹੀ ਰਹੇ ਦਿਨ ਰਾਤ" ਜਰਮਨੀ ਤੋਂ ਛੱਪ ਕੇ ਮਾਰਕਿਟ ਵਿਚ ਆਈ, ਪਹਿਲਾਂ ਪਹਿਲਾਂ ਆਮ ਸ਼ਰਧਾਲੂਆਂ ਨੇ ਇਸ ਦੀ ਬੜੀ ਆਲੋਚਨਾ ਕੀਤੀ ਤੇ ਪੁੱਛਣ ਲੱਗੇ, "ਸੇਲ੍ਹੀ ਟੋਪੀ ਕਿਥੇ ਹੈ ? ਬੇਰੀ ਤੇ ਤੋਤਾ ਕਿਥੇ ਹਨ ? ਭਾਈ ਬਾਲਾ ਤੇ ਮਰਦਾਨਾ ਕਿਥੇ ਹਨ ?", ਪਰ ਪਿਛੋਂ ਇਹ ਤਸਵੀਰ ਇਤਨੀ ਮਕਬੂਲ ਹੋਈ ਕਿ ਉਸ ਸਸਤੇ ਜ਼ਮਾਨੇ ਵਿਚ ਇਸ ਦੀ ਇਕ ਇਕ ਕਾਪੀ 50-50 ਰੁਪਏ ਵਿਚ ਵਿਕੀ। ਇਸ ਪਿਛੋਂ ਸਾਰੇ ਚਿੱਤਰਕਾਰ ਹੀ ਸੇਲ੍ਹੀ ਟੋਪੀ ਦੀ ਥਾਂ ਦਸਤਾਰ ਵਾਲੀ ਤਸਵੀਰ ਬਣਾਉਣ ਲੱਗੇ।**







**ਹਰਬੀਰ ਸਿੰਘ ਭੰਵਰ**
(ਮੋਬਾਈਲ : 98762-95829)

'ਸਰਬਤ ਦੇ ਭਲੇ' ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਰੱਖੀ। ਜਿਸ ਸਮੇਂ ਉਨ੍ਹਾਂ ਨੇ ਅਵਤਾਰ ਧਾਰਿਆ, ਜ਼ਾਤ ਪਾਤ, ਉਚ ਨੀਚ, ਛੂਆ ਛਾਤ, ਵਹਿਮਾਂ ਭਰਮਾਂ ਤੇ ਅੰਧ-ਵਿਸ਼ਵਾਸ਼ ਦਾ ਬੋਲ ਬਲਾ ਸੀ। ਉਸ ਸਮੇਂ ਲਗਭਗ ਸਾਰੇ ਹਿੰਦੁਸਤਾਨ ਉਤੇ ਇਸਲਾਮੀ ਝੰਡਾ ਝੁਲ ਰਿਹਾ ਸੀ, ਮੁਗ਼ਲਾਂ ਦੇ ਹਮਲੇ ਹੋ ਰਹੇ ਸਨ। ਇਸਲਾਮੀ ਹੁਕਮਰਾਨਾਂ ਤੇ ਹਮਲਾਵਰਾਂ ਵਲੋਂ ਹਿੰਦੂਆਂ ਉਤੇ ਬੜਾ ਜ਼ੁਲਮ ਤਸ਼ੱਦਦ ਹੋ ਰਿਹਾ ਸੀ। ਦੋਨਾ ਫਿਰਕਿਆ ਵਿਚਕਾਰ ਬੜੀ ਕੁੜੱਤਨ ਤੇ ਨਫਰਤ ਚੱਲ ਰਹੀ ਸੀ। ਅਜਿਹੇ ਬਿਖੜੇ ਸਮੇਂ ਗੁਰੂ ਨਾਨਕ ਦੇਵ ਜੀ ਨੇ ਦੋਨਾਂ ਧਰਮਾਂ ਦੇ ਪੈਰੋਕਾਰਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਲਈ ਸਿੱਧਾ ਸਾਦਾ ਤੇ ਨੇਕ ਜੀਵਨ ਬਿਤਾਉਣ, ਹੱਥੀ ਕਿਰਤ ਕਰਨ, ਵੰਡ ਛੱਕਣ, ਇਕੋ ਨਾਮ ਜਪਣ ਤੇ ਸਭਨਾਂ ਨੂੰ ਸਾਂਝੀਵਾਲਤਾ ਦਾ ਸੰਦੇਸ਼ ਦਿਤਾ। ਆਪਣੀ ਮਧੁਰ ਬਾਣੀ ਤੇ ਰੂਹਾਨੀ ਉਪਦੇਸ਼ਾਂ ਕਾਰਨ ਉਹ ਦੋਨਾਂ ਫਿਰਕਿਆਂ ਵਿਚ ਇਕੋ ਜਿਹਾ ਹਰਮਨ ਪਿਆਰੇ ਹੋਏ ਤੇ ਸਤਿਕਾਰੇ ਜਾਣ ਲਗੇ। ਇਸੇ ਕਾਰਨ ਇਹ ਕਿਹਾ ਜਾਂਦਾ ਸੀ:
ਨਾਨਕ ਸ਼ਾਹ ਫਕੀਰ,
ਹਿੰਦੂ ਕਾ ਗੁਰੂ, ਮੁਸਲਮਾਨ ਕਾ ਪੀਰ

ਉਰਦੂ ਦੇ ਨਾਮਵਰ ਸ਼ਾਇਰ ਡਾ. ਮਹੁੰਮਦ ਇਕਬਾਲ ਗੁਰੂ ਨਾਨਕ ਦੇਵ ਜੀ ਦੇ ਜੀਵਨ, ਸਿਖਿਆ ਤੇ ਬਾਣੀ ਤੋਂ ਬਹੁਤ ਪ੍ਰਭਾਵਤ ਸਨ, ਉਨ੍ਹਾਂ ਵਲੋਂ ਗੁਰੂ ਜੀ ਬਾਰੇ ਲਿਖੀ ਇਕ ਨਜ਼ਮ ਦਾ ਇਕ ਸ਼ੇਅਰ ਹੈ:
ਫਿਰ ਉਠੀ ਆਖ਼ਰ ਸਦਾ ਤੋਹੀਦ ਕੀ ਪੰਜਾਬ ਸੇ,
ਹਿੰਦ ਕੋ ਇਕ ਮਰਦੇ ਕਾਮਲ ਨੇ ਜਗਾਇਆ ਖਵਾਬ ਸੇ

ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਨੂੰ ਉਸ ਸਮੇਂ ਦੇ ਕਈ ਲੋਕ 'ਕੁਰਾਹੀਆ' ਕਹਿੰਦੇ ਸਨ, ਅੱਜ ਆਮ ਲੋਕ ਉਨ੍ਹਾਂ ਦੇ ਪਾਏ ਪੂਰਨਿਆਂ ਉਤੇ ਚੱਲਣ ਨੂੰ ਆਪਣਾ ਜੀਵਨ ਆਦਰਸ਼ ਸਮਝਦੇ ਹਨ। ਉਨ੍ਹਾਂ ਦੀ ਬਾਣੀ ਦਾ ਸ਼ਰਧਾ ਨਾਲ ਪਾਠ ਕਰਦੇ ਹਨ, ਉਨ੍ਹਾਂ ਦੀ ਤਸਵੀਰ ਅੱਗੇ ਨਿਮ੍ਰਤਾ ਸਹਿਤ ਸੀਸ ਝੁਕਾਉਂਦੇ ਹਨ। ਉਸ ਮਹਾਨ ਨਾਨਕ ਨੂੰ, ਨਿਰੰਕਾਰੀ ਜੋਤ ਤੇ ਰੱਬੀ ਨੂਰ ਨੂੰ ਰੰਗਾਂ ਤੇ ਬੁਰਸ਼ ਨਾਲ ਰੂਪਮਾਨ ਕਰਨਾ ਕਿਤਨਾ ਔਖਾ ਹੈ, ਕਿਤਨੀ ਸਾਧਨਾ ਤੇ ਅਰਾਧਨਾ ਦੀ ਲੋੜ ਹੈ। ਇਹ ਤਾਂ ਉਹੋ ਕਰ ਸਕਦਾ ਹੈ ਜਿਸ ਨੇ ਗੁਰੂ ਨਾਨਕ ਨੂੰ ਸਮਝਿਆ ਹੋਵੇ, ਆਪਣੇ ਹਿਰਦੇ ਅੰਦਰ ਵਸਾਇਆ ਹੋਵੇ। ਜਨਮ ਸਾਖੀਆਂ ਲਿਖੇ ਜਾਣ ਵਾਲੇ ਸਮਿਆਂ ਤੋਂ ਲੈ ਕੇ ਅੱਜ ਤਕ ਕਈ ਕਲਾਕਾਰਾਂ ਨੇ ਰੰਗਾਂ ਤੇ ਆਪਣੇ ਬੁਰਸ਼ ਨਾਲ ਇਸ ਮਹਾਨ ਨਾਨਕ ਨੂੰ, ਚਿਤਰਣ ਦਾ ਯਤਨ ਕੀਤਾ ਹੈ ਅਤੇ ਕਰ ਰਹੇ ਹਨ। ਇਸ ਗੱਲ ਦੀ ਤਾਂ ਕੋਈ ਪੱਕੀ ਜਾਣਕਾਰੀ ਨਹੀਂ ਕਿ ਸ਼ੁਰੂਆਤ ਕਦੋਂ ਹੋਈ, ਗੁਰੂ ਨਾਨਕ ਦੇਵ ਜੀ ਤੇ ਦੂਸਰੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਬਹੁਤ ਲੰਬੇ ਸਮੇਂ ਤੋਂ ਬਣਦੀਆਂ ਆ ਰਹੀਆਂ ਹਨ। ਉਨ੍ਹਾਂ ਦਾ ਗੁਰੂ ਕਾਲ ਸਮੇਂ ਦਾ ਕੋਈ ਚਿੱਤਰ ਤਾਂ ਨਹੀਂ ਮਿਲਦਾ, ਪਰ ਗੁਰੂ ਨਾਨਕ ਦੇਵ ਜੀ ਬਾਰੇ ਹੱਥ-ਲਿਖਤ "ਜਨਮ ਸਾਖੀਆਂ" ਵਿਚ ਉਨ੍ਹਾਂ ਦੀਆਂ ਤਸਵੀਰਾਂ ਮਿਲਦੀਆਂ ਹਨ। ਦੇਸ਼ ਉਤੇ ਕਬਜ਼ਾ ਕਰਨ ਉਪਰੰਤ ਅੰਗਰੇਜ਼ ਜਿਥੇ ਇਥੋਂ ਕੱਚਾ ਮਾਲ ਇੰਗਲੈਂਡ ਲਿਜਾਂਦੇ ਰਹੇ, ਉਥੇ ਦੇਸ਼ ਦੀ ਦੋਲਤ ਤੇ ਸਾਹਿਤਕ, ਕਲਾਤਮਿਕ ਤੇ ਸਭਿਆਚਾਰਕ ਖਜ਼ਾਨਾ ਵੀ ਇੰਗਲੈਂਡ ਲਿਜਾਂਦੇ ਰਹੇ। ਪੰਜਾਬ ਤੇ ਕਬਜ਼ਾ ਕਰਨ ਪਿਛੋਂ ਉਹ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਦੀਆਂ ਅਨੇਕ ਬਹੁਮੁਲੀਆਂ ਵਸਤੂਆਂ ਦੇ ਨਾਲ ਅਨੇਕਾਂ ਜਨਮ ਸਾਖੀਆਂ ਵੀ ਉਧਰ ਲੈ ਗਏ। ਲੰਡਨ ਸਥਿਤ ਇੰਡੀਆ ਆਫਿਸ ਲਾਇਬਰੇਰੀ ਵਿਚ ਹੱਥ ਲਿਖਤ (ਬੀ-40) ਜਨਮ ਸਾਖੀ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ 57 ਚਿੱਤਰ ਹਨ, ਜੋ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਡਾ. ਸੁਰਜੀਤ ਹਾਂਸ ਦੀ ਸੰਪਾਦਨਾ ਹੇਠ ਪ੍ਰਕਾਸ਼ਤ ਕੀਤੀ ਹੈ। ਇਹ ਜਨਮ ਸਾਖੀ ਭਾਦੋਂ ਸੁਦੀ 3, ਸੰਮਤ 1790 (ਅਗਸਤ 1733 ਈਸਵੀ) ਨੂੰ ਮੁਕੰਮਲ ਹੋਈ ਹੈ, ਭਾਵ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਦੇ 25 ਵਰ੍ਹੇ ਪਿਛੋਂ ਦੀ ਹੈ। ਇਹ ਤਸਵੀਰਾਂ, ਜੋ ਮੁਗ਼ਲ ਕਲਮ ਦੀ ਸ਼ੈਲੀ ਵਿਚ ਹਨ। ਉਸ ਸਮੇਂ ਪਿਛੋਂ ਦੀਆਂ ਤਸਵੀਰਾਂ ਵੀ ਮਿਲਦੀਆਂ ਹਨ। ਇਨ੍ਹਾਂ ਤਸਵੀਰਾਂ ਵਿਚ ਕਿਸੇ ਵੀ ਗੁਰੂ ਸਾਹਿਬ ਦੀ ਦਿਖਾਈ ਗਈ ਤਸਵੀਰ ਨੂੰ ਅਸੀਂ ਸਬੰਧਤ ਗੁਰੂ ਸਾਹਿਬ ਦੀ ਹੂ-ਬ-ਹੂ ਸ਼ਕਲ ਤਾਂ ਨਹੀਂ ਕਹਿ ਸਕਦੇ, ਇਹ ਚਿੱਤਰਕਾਰਾਂ ਦਾ ਕਾਲਪਨਿਕ ਚਿੱਤਰ ਹੀ ਹੁੰਦਾ ਹੈ, ਜੋ ਉਨ੍ਹਾਂ ਸ਼ਰਧਾਲੂਆਂ ਤੋਂ ਗੁਰੂ ਸਾਹਿਬਾਨ ਦੀ ਸ਼ਖਸੀਅਤ ਬਾਰੇ ਸੁਣੀਆ ਸਾਖੀਆਂ 'ਤੇ ਆਧਾਰਤ ਬਣਾਏ। ਪੰਜਾਬ ਦੇ ਪਹਾੜੀ ਰਜਿਆਂ ਨੇ ਅਨੇਕਾਂ ਚਿੱਤਰਕਾਰ ਦੀ ਸਰਪ੍ਰਸਤੀ ਕੀਤੀ, ਜਿਸ ਕਾਰਨ ਗੁਲੇਰ ਅਤੇ ਸੁਜਾਨਪੁਰ ਟੀਰਾ ਵਿਖੇ ਕਾਂਗੜਾ ਕਲਮ ਸ਼ੈਲੀ ਬਹੁਤ ਵਿਕਸਤ ਹੋਈ ਅਤੇ ਵਿਸ਼ਵ ਕਲਾ ਜਗਤ ਵਿਚ ਮਸ਼ਹੂਰ ਵੀ ਹੋਈ। ਮਹਾਰਾਜਾ ਰਣਜੀਤ ਸਿੰਘ ਨੇ ਇਹ ਸਾਰੇ ਇਲਾਕੇ ਫਤਹਿ ਕਰਕੇ ਆਪਣੇ ਰਾਜ ਅਧੀਨ ਲੈ ਆਦੇ ਸਨ ਜਿਸ ਉਪਰੰਤ ਅਨੇਕਾਂ ਚਿੱਤਰਕਾਰ ਲਾਹੌਰ ਦਰਬਾਰ ਵਿਚ ਆ ਗਏ ਸਨ। ਮਹਾਰਾਜਾ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸੁੰਦਰੀਕਰਨ ਲਈ ਵੀ ਕਈ ਚਿੱਤਰਕਾਰ ਮੰਗਵਾਏ, ਜਿਨ੍ਹਾਂ ਨੇ ਸਿੱਖ ਕਲਾ ਦਾ ਆਰੰਭ ਕੀਤਾ। ਮਹਾਰਾਜਾ ਦੇ ਸਮੇਂ ਤੋਂ ਪਹਿਲਾਂ ਤੇ ਬਾਅਦ ਦੇ ਗੁਰਦੁਆਰਿਆਂ ਵਿਚ ਤਸਵੀਰਾਂ, ਬਾਬਾ ਅਟਲ ਸਾਹਿਬ, ਜੂਨ 1984 ਤੋਂ ਪਹਿਲੇ ਵਾਲੇ ਅਕਾਲ ਤਖ਼ਤ ਸਾਹਿਬ ਦੀ ਇਮਾਰਤ, ਪਾਕਿਸਤਾਨ ਦੇ ਗੁਰਧਾਮਾਂ ਵਿਚ ਕੰਧ-ਚਿੱਤਰਾਂ ਦੇ ਰੂਪ ਵਿਚ ਵੇਖੀਆਂ ਜਾ ਸਕਦੀਆਂ ਸਨ।

ਸਿੱਖ ਇਤਿਹਾਸ ਬਾਰੇ ਚਿਤੱਰ ਬਣਾਉਣ ਵਾਲੇ ਚਿੱਤਰਕਾਰ ਭਾਈ ਗਿਆਨ ਸਿੰਘ ਨਕਾਸ਼, ਐਸ. ਜੀ. ਠਾਕਰ ਸਿੰਘ, ਸੋਭਾ ਸਿੰਘ, ਕ੍ਰਿਪਾਲ ਸਿੰਘ ਮਾਸਟਰ ਹਰੀ ਸਿੰਘ, ਮਾਸਟਰ ਗੁਰਦਿਤ ਸਿੰਘ, ਜੀ.ਐਸ. ਸੋਹਨ ਸਿੰਘ, ਜਸਵੰਤ ਸਿੰਘ ਜਦੋਂ ਕਲਾ ਖੇਤਰ ਵਿਚ ਆਏ ਉਸ ਤੋਂ ਪਹਿਲਾਂ ਸਿੱਖ ਗੁਰੂਆਂ ਦੀਆਂ ਤਸਵੀਰਾਂ ਆਮ ਤੌਰ 'ਤੇ ਲਾਹੌਰ ਦੇ ਚਿੱਤਰਕਾਰ ਅਲ੍ਹਾ ਬਖ਼ਸ਼ ਤੇ ਬ੍ਰਿਜ ਲਾਲ ਬਣਾਇਆ ਕਰਦੇ ਸਨ ਅਤੇ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਜੋ ਆਮ ਪ੍ਰਚੱਲਤ ਸੀ ਉਸ ਵਿਚ ਉਹ ਸੇਲ੍ਹੀ ਟੋਪੀ ਪਹਿਣੇ ਹੋਏ ਬੇਰੀ ਦੇ ਦਰੱਖ਼ਤ ਹੇਠਾਂ ਬਿਰਾਜਮਾਨ ਹਨ, ਆਸੇ ਪਾਸ ਭਾਈ ਬਾਲਾ ਤੇ ਭਾਈ ਮਰਦਾਨਾ ਬੈਠੇ ਹਨ, ਬੇਰੀ ਉਪਰ ਟੰਗੇ ਇਕ ਪਿੰਜਰੇ ਵਿਚ ਇਕ ਤੋਤਾ ਹੈ। ਲਾਹੌਰ ਸਥਿਤ ਨਾਮਵਰ ਚਿੱਤਰਕਾਰ ਅਬਦੁਲ ਰਹਿਮਾਨ ਚੁਗਤਾਈ ਨੇ ਹਿੰਦੂ ਦੇਵੀ ਦੇਵਤਿਆਂ ਦੀ ਤਸਵੀਰਾਂ ਤਾਂ ਬਹੁਤ ਬਣਾਈਆਂ ਹਨ ਪਰ ਕਿਸੇ ਗੁਰੂ ਸਾਹਿਬ ਦੀ ਕੋਈ ਤਸਵੀਰ ਨਹੀਂ ਬਣਾਈ।

ਗੁਰੂ ਸਾਹਿਬਾਨ ਦੀਆਂ ਸਭ ਤੋਂ ਵੱਧ ਤਸਵੀਰਾਂ ਸੋਭਾ ਸਿੰਘ ਨੇ ਬਣਾਈਆਂ ਜਦੋਂ ਕਿ ਸਿੱਖ ਇਤਿਹਾਸ ਬਾਰੇ ਵਧੇਰੇ ਕਰ ਕੇ ਕ੍ਰਿਪਾਲ ਸਿੰਘ ਤੇ ਮਾਸਟਰ ਗੁਰਦਿਤ ਸਿੰਘ, ਜੋ ਸ੍ਰੀ ਦਰਬਾਰ ਸਾਹਿਬ ਅਮਦਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਬਤੌਰ ਆਰਟਿਸਟ ਸੇਵਾ ਕਰਦੇ ਰਹੇ, ਨੇ ਬਣਾਈਆਂ, ਜੋ ਬਹੁਤ ਮਕਬੂਲ ਹੋਈਆਂ ਅਤੇ ਜਿਨ੍ਹਾਂ ਵਿਚੋਂ ਕਈ ਚਿੱਤਰ ਅੱਜ ਕੇਂਦਰੀ ਸਿੱਖ ਅਜਾਇਬ ਘਰ ਦਾ ਸ਼ਿੰਗਾਰ ਹਨ।

ਗੁਰੂ ਨਾਨਕ ਦੇਵ ਜੀ ਦੇ ਚਿੱਤਰਾਂ ਦਾ ਅਧਿਐਨ ਕਰੀਏ ਤਾ ਸਪਸ਼ਟ ਹੋ ਜਾਂਦਾ ਹੈ ਜਨਮ ਸਾਖੀਆਂ ਤੇ ਗੁਰਦੁਆਰਿਆਂ ਦੀਆਂ ਪੁਰਾਣੀਆਂ ਇਮਾਰਤਾਂ ਦੇ ਜੋ ਕੰਧ ਚਿੱਤਰ ਹਨ, ਉਹ ਮੁਗ਼ਲ ਕਲਾ ਸ਼ੈਲੀ ਨਾਲ ਮੇਲ ਖਾਂਦੇ ਹਨ। ਅਲ੍ਹਾ ਬਖ਼ਸ਼ ਤੇ ਬ੍ਰਿਜ ਲਾਲ ਤੋਂ ਬਾਅਦ ਸ਼ਾਇਦ ਭਾਈ ਗਿਆਨ ਸਿੰਘ ਨਕਾਸ਼, ਜਿਨ੍ਹਾਂ ਅਪਣੀ ਉਮਰ ਦਾ ਵੱਡਾ ਹਿੱਸਾ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀਆਂ ਸੰਗਮਰਮਰੀ ਕੰਧਾਂ ਉਤੇ ਨਕਾਸ਼ੀ ਦੀ ਸੇਵਾ ਵਿਚ ਬਿਤਾਇਆ, ਪਹਿਲੇ ਚਿੱਤਰਕਾਰ ਹਨ, ਜਿਨ੍ਹਾਂ ਨੇ ਵੀਹਵੀਂ ਸਦੀ ਦੇ ਦੂਜੇ ਦਹਾਕੇ ਗੁਰੂ ਸਾਹਿਬ ਦੇ ਚਿੱਤਰ ਬਣਾਏ, ਜੋ ਉਸ ਸਮੇਂ ਆਮ ਪ੍ਰਚਲਤ ਸਨ ਜਿਵੇਂ ਕਿ ਗੁਰੂ ਸਾਹਿਬ ਬੇਰੀ ਦੇ ਦਰਖ਼ਤ ਹੇਠ ਸ਼ਸ਼ੋਭਿਤ ਹਨ, ਸੇਲ੍ਹੀ ਟੋਪੀ ਪਹਿਣੇ ਹੋਏ ਹਨ ਤੇ ਆਸੇ ਪਾਸੇ ਭਾਈ ਮਰਦਾਨਾ ਤੇ ਭਾਈ ਬਾਲਾ ਬੈਠੇ ਹਨ।



ਗੁਰੂ ਸਾਹਿਬਾਨ ਦੇ ਸਭ ਤੋਂ ਵੱਧ ਚਿੱਤਰ ਮਰਹੂਮ ਸੋਭਾ ਸਿੰਘ ਨੇ ਬਣਾਏ ਹਨ। ਭਾਰਤੀ ਫੌਜ ਦੀ ਡਰਾਫਟਸਮੈਨ ਵਜੋਂ ਨੌਕਰੀ ਛੱਡ ਕੇ ਉਨ੍ਹਾਂ ਨੇ 1923 ਵਿਚ ਅੰਮ੍ਰਿਤਸਰ ਵਿਖੇ ਇਕ ਚਿੱਤਰਕਾਰ ਵਜੋਂ ਆਜ਼ਾਦਾਨਾ ਤੌਰ 'ਤੇ ਕੰਮ ਸ਼ੁਰੂ ਕੀਤਾ। ਪ੍ਰਸਿੱਧ ਪੰਥਕ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਤੇ ਭਾਈ ਵੀਰ ਸਿੰਘ ਦੀ ਸੰਗਤ ਨੇ ਉਨ੍ਹਾਂ ਨੂੰ ਗੁਰੂ ਸਾਹਿਬਾਨ ਦੇ ਚਿੱਤਰ ਬਣਾਉਣ ਲਈ ਪ੍ਰੇਰਿਆ। ਗੁਰੂ ਨਾਨਕ ਦੇਵ ਜੀ ਦੇ ਚਿੱਤਰ ਵਿਚ ਸਭ ਤੋਂ ਪਹਿਲਾਂ ਸੇਲ੍ਹੀ ਟੋਪੀ ਦੀ ਥਾਂ ਦਸਤਾਰ ਚਿਤਰਕਾਰ ਸੋਭਾ ਸਿੰਘ ਨੇ ਸਜਾਈ ਹੈ। 1930 ਵੇਂ ਦਹਾਕੇ ਜਦੋਂ ਉਨ੍ਹਾਂ ਦੀ ਦੀ ਪ੍ਰਸਿੱਧ ਤਸਵੀਰ "ਨਾਮ ਖੁਮਾਰੀ ਨਾਨਕਾ, ਚੜ੍ਹੀ ਰਹੇ ਦਿਨ ਰਾਤ" ਜਰਮਨੀ ਤੋਂ ਛੱਪ ਕੇ ਮਾਰਕਿਟ ਵਿਚ ਆਈ, ਪਹਿਲਾਂ ਪਹਿਲਾਂ ਆਮ ਸ਼ਰਧਾਲੂਆਂ ਨੇ ਇਸ ਦੀ ਬੜੀ ਆਲੋਚਨਾ ਕੀਤੀ ਤੇ ਪੁੱਛਣ ਲੱਗੇ, "ਸੇਲ੍ਹੀ ਟੋਪੀ ਕਿਥੇ ਹੈ ? ਬੇਰੀ ਤੇ ਤੋਤਾ ਕਿਥੇ ਹਨ ? ਭਾਈ ਬਾਲਾ ਤੇ ਮਰਦਾਨਾ ਕਿਥੇ ਹਨ ?", ਪਰ ਪਿਛੋਂ ਇਹ ਤਸਵੀਰ ਇਤਨੀ ਮਕਬੂਲ ਹੋਈ ਕਿ ਉਸ ਸਸਤੇ ਜ਼ਮਾਨੇ ਵਿਚ ਇਸ ਦੀ ਇਕ ਇਕ ਕਾਪੀ 50-50 ਰੁਪਏ ਵਿਚ ਵਿਕੀ। ਇਸ ਪਿਛੋਂ ਸਾਰੇ ਚਿੱਤਰਕਾਰ ਹੀ ਸੇਲ੍ਹੀ ਟੋਪੀ ਦੀ ਥਾਂ ਦਸਤਾਰ ਵਾਲੀ ਤਸਵੀਰ ਬਣਾਉਣ ਲੱਗੇ।

ਐਸ.ਜੀ.ਠਾਕਰ ਸਿੰਘ ਨੇ ਵਧੇਰੇ ਕਰਕੇ ਕੁਦਰਤੀ ਦ੍ਰਿਸ਼ਾਂ, ਪਰਬਤਾਂ, ਝਰਨਿਆਂ ਤੇ ਇਮਾਰਤਾਂ ਦੇ ਚਿੱਤਰ ਬਣਾਏ, ਪਰ ਫਿਰ ਗੁਰੂ ਸਾਹਿਬਾਨ ਦੇ ਵੀ ਚਿੱਤਰ ਬਣਾਉਣ ਲੱਗੇ। ਜੀ.ਐਸ. ਸੋਹਨ ਸਿੰਘ ਨੇ ਆਪਣੇ ਪਹਿਲੇ ਕੁਝ ਸਾਲਾਂ ਵਿਚ ਆਪਣੇ ਪਿਤਾ ਭਾਈ ਗਿਆਨ ਸਿੰਘ ਨਕਾਸ਼ ਨਾਲ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਨਕਾਸੀ ਦਾ ਕੰਮ ਕੀਤਾ, ਫਿਰ ਸਾਰੀ ਉਮਰ ਗੁਰੂ ਸਾਹਿਬਾਨ ਦੇ ਚਿੱਤਰ ਬਣਾਉਣ ਦੇ ਲੇਖੇ ਲਗਾ ਦਿੱਤੀ। ਦਿੱਲੀ ਸਥਿਤ ਚਿਤਰਕਾਰ ਜਸਵੰਤ ਸਿੰਘ ਦੀ ਗੁਰੂ ਨਾਨਕ ਦੇਵ ਜੀ ਦੇ ਉਦਾਸੀਆਂ ਸਮੇਂ ਲੰਬੇ ਪੰਧਾਂ ਦੀ ਇਕ ਚਿਨ੍ਹਾਤਮਿਕ ਤਸਵੀਰ ਬਹੁਤ ਹੀ ਮਕਬੂਲ ਹੋਈ,ਜਿਸ ਵਿਚ ਕੇਵਲ ਉਨ੍ਹਾਂ ਦੀਆਂ ਲੱਤਾਂ ਤੇ ਖੜਾਵਾਂ ਪਹਿਣੇ ਚਰਨ ਹੀ ਦਿਖਾਈ ਦੇ ਰਹੇ ਹਨ।

ਦੇਵਿੰਦਰ ਸਿੰਘ (ਚੰਡੀਗੜ੍ਹ), ਜਰਨੈਲ ਸਿੰਘ (ਕੈਨੇਡਾ) ਸੁਖਦੇਵ ਸਿੰਘ (ਬਠਿੰਡਾ), ਸਤਪਾਲ ਦਾਨਿਸ਼ ਤੇ ਕਈ ਹੋਰ ਗੁਰੂ ਨਾਨਕ ਦੇਵ ਜੀ ਦੇ ਚਿੱਤਰ ਬਣਾ ਕੇ ਆਪਣੀ ਸੇਵਾ ਕਰ ਰਹੇ ਹਨ।

# ਗੁਰਦੁਆਰਾ ਸਾਹਿਬ ਫਰੀਮੌਂਟ, ਕੈਲੀਫੋਰਨੀਆ



ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ

ਅਰੰਭ ਸ੍ਰੀ ਅਖੰਡ ਪਾਠ ਸਾਹਿਬ - ਸ਼ਨਿੱਚਰਵਾਰ 12 ਨਵੰਬਰ, 2016, ਸ਼ਾਮ 4 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ - ਸੋਮਵਾਰ 14 ਨਵੰਬਰ 2016, ਸ਼ਾਮ 4 ਵਜੇ
ਭੋਗ ਉਪਰੰਤ 5 ਤੋਂ 10 ਵਜੇ ਤੱਕ ਦੀਵਾਨ ਸਜਣਗੇ

ੴ ਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ ॥

**ਪਹੁੰਚ ਰਹੇ ਕੀਰਤਨੀ ਜਥੇ:**
**ਡਾ. ਗੁਰਨਾਮ ਸਿੰਘ ਜੀ**
**ਭਾਈ ਸੁਰਜੀਤ ਸਿੰਘ ਜੀ ਮਜਬੂਰ**
**ਕਥਾ- ਗਿਆਨੀ ਸਾਹਿਬ ਸਿੰਘ ਜੀ ਕਨੇਡਾ ਵਾਲੇ**

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : 300 Gurdwara Road Fremont CA 94536 Phone: 510-790-0177**

ਫਿਰ ਉਠੀ ਆਖਰ ਸਦਾ ਤੌਹੀਦ ਕੀ ਪੰਜਾਬ ਸੇ,
ਹਿੰਦ ਕੋ ਇਕ ਮਰਦੇ ਕਾਮਿਲ ਨੇ ਜਗਾਇਆ ਖਾਬ ਸੇ। – ਸਰ ਇਕਬਾਲ



**ਜ਼ੁਲਮ ਅਤੇ ਕੂੜ ਦੀ ਧੁੰਦ ਨੂੰ ਮਿਟਾਕੇ ਸੱਚ ਦਾ ਪ੍ਰਕਾਸ਼ ਕਰਨ ਵਾਲੇ ਸਿੱਖ ਪੰਥ ਦੇ ਬਾਨੀ, ਪਹਿਲੀ ਪਾਤਸ਼ਾਹੀ ਜਗਤ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮੂਹ ਸਿੱਖ ਸੰਗਤਾਂ ਵਲੋਂ ਸਤਿਕਾਰ ਅਤੇ ਸ਼ਰਧਾ ਸਹਿਤ ਮਨਾਉਣ ਲਈ ਸਨਿਮਰ ਬੇਨਤੀ**

## ਸਿੱਖ ਧਰਮ ਦੇ ਬਾਨੀ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਿੱਖਾਂ ਨੂੰ

# ਲੱਖ ਲੱਖ ਵਧਾਈਆਂ

## ਵਲੋਂ : ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ

ਸ. ਜਸਵੰਤ ਸਿੰਘ ਹੋਠੀ ਪ੍ਰਧਾਨ (408) 898-7056, ਡਾ. ਪ੍ਰਿਤਪਾਲ ਸਿੰਘ ਕੋਆਰਡੀਨੇਟਰ (408) 422-5600


Celebrating Parkash Utsav Of
Dhan Dhan Sri Guru Nanak Dev Jee
Gurdwara Sahib Khalsa Care Foundation
9989 Laurel Canyon Blvd, Pacoima, CA 91331
November 13th to November 20th
Sunday 13th & Sunday 20th - 11 AM to 1 PM
Monday 14th to Saturday 19th - 6:30 PM to 8:30 PM
Seva of Five Sri Akhand Path Sahibs
ALL Five Sri Akhand Path Sahibs
Arambh Nov. 18th - 9 AM
Bhog Nov. 20th - 9 AM
Bhai Kanhaiya Jee Langar Seva Dal
For More Information Please Contact:
Surinder Singh (818) 919-4856 Balwinder Singh (818) 404-0811
Makhan Singh (661) 225-7157 Paramjit Singh (626) 354-6653
Sant Anoop Singh Jee (Una Sahib Wale)
Bhai Kulwinder Singh Jee
Bhai Surdeep Singh Jee


ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ॥
ਗੁਰਮੀਤ ਸਿੰਘ ਗਾਖ਼ਲ,
ਸਰਦਾਰਨੀ ਗੁਰਮੀਤ ਕੌਰ ਗਾਖਲ,
ਉਨ੍ਹਾਂ ਦੇ ਸਪੁੱਤਰ ਨਿੱਕ ਗਾਖ਼ਲ
ਅਤੇ ਕਿੱਟ ਗਾਖ਼ਲ ਦੇ
ਸਮੂਹ ਪਰਿਵਾਰਕ ਮੈਂਬਰਾਂ ਵਲੋਂ
ੴ
ਤੂੰ ਪਾਰਬ੍ਰਹਮੁ ਬੇਅੰਤੁ ਬੇਅੰਤੁ ਜੀ
ਤੇਰੇ ਕਿਆ ਗੁਣ ਆਖਿ ਵਖਾਣਾ ॥
SRI GURU NANAK DEV JI
ਸਿੱਖ ਧਰਮ ਦੇ ਬਾਨੀ ਸਾਹਿਬ
ਸ੍ਰੀ ਗੁਰੂ ਨਾਨਕ ਦੇਵ ਜੀ
ਦੇ ਪ੍ਰਕਾਸ਼ ਪੁਰਬ ਦੀਆਂ
ਲੱਖ ਲੱਖ ਵਧਾਈਆਂ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ॥
ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ ॥

# ਅਮਰੀਕਾ ਅਤੇ ਕੈਨੇਡਾ ਦੀਆਂ ਸਮੂਹ ਸਿੱਖ ਸੰਗਤਾਂ ਨੂੰ ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ

# ਲੱਖ ਲੱਖ ਵਧਾਈਆਂ



ਪੰਜਾਬ ਦਾ ਕੈਪਟਨ



**ਕੈਪਟਨ ਅਮਰਿੰਦਰ ਸਿੰਘ**
ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ,
ਮੈਂਬਰ ਪਾਰਲੀਮੈਂਟ ਅੰਮ੍ਰਿਤਸਰ ਅਤੇ
ਸਾਬਕਾ ਮੁੱਖ ਮੰਤਰੀ ਪੰਜਾਬ

## ਆਓ ਸਾਰੇ ਜਣੇ ਇਕੱਠੇ ਹੋ ਕੇ ਹੰਭਲਾ ਮਾਰੀਏ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਛੋਹ ਪੰਜਾਬ ਨੂੰ:-

- ਨਸ਼ਾ ਮੁਕਤ ਪੰਜਾਬੀ ਸੂਬਾ ਬਣਾਈਏ
- ਵਿਦਿਆ ਨੂੰ ਘਰ-ਘਰ ਪਹੁੰਚਾਈਏ
- ਹਰ ਇਕ ਪੰਜਾਬੀ ਨੂੰ ਚੰਗੀ ਸਿਹਤ ਸੇਵਾਵਾਂ ਉਪਲਬਧ ਕਰਾਈਏ
- ਪੰਜਾਬ ਵਿਚ ਮੁੜ ਤੋਂ ਕਾਨੂੰਨ ਦੇ ਰਾਜ ਦੀ ਸਥਾਪਨਾ ਕਰਾਈਏ
- ਰੁਜ਼ਗਾਰ ਦੇ ਵੱਧ ਤੋਂ ਵੱਧ ਸਾਧਨ ਉਪਲਬਧ ਕਰਾਈਏ

## ਪੰਜਾਬੀਆਂ ਲਈ ਆਸ ਦੀ ਕਿਰਨ ਤੁਹਾਡਾ ਯੋਗਦਾਨ

# ਕੈਪਟਨ ਲਿਆਓ, ਪੰਜਾਬ ਬਚਾਓ

ਜਾਰੀ ਕਰਤਾ

ਸਰਬਜੀਤ ਸਿੰਘ ਮਾਨ -909-815-7412
ਇਕਬਾਲ ਸਮਰਾ- 818-219-3090
ਸਾਹਿਬ ਭੁੱਲਰ- 626-893-2314
ਨਛੱਤਰ ਸਿੰਘ ਭੁੱਲਰ-626-255-8555
ਬਿੱਲ ਗਿਲ-909-706-0360
ਰਵੀ ਗਰੇਵਾਲ- 310-748-1348
ਰਵੀ ਰਾਜਬੀਰ ਰੰਧਾਵਾ- 323-533-2733
ਸਰਬਜੀਤ ਗਰੇਵਾਲ- 818-599-9189
ਧਰਮਿੰਦਰ ਰੰਧਾਵਾ- 909-240-7234
ਗੁਰਸ਼ਰਨ ਨੱਤ- 818-472-1014

ਨਰਿੰਦਰ ਸਿੰਘ ਢਿੱਲੋਂ- 626-664-9814
ਬਰਿੰਦਰ ਢਿੱਲੋਂ- 909-821-6785
ਸਤਬੀਰ ਤੁੰਗ-909-576-5799
ਆਜ਼ਾਦ ਵਿਰਕ- 650-630-6930
ਕੁਲਜੀਤ ਸਿੰਘ ਨਿਜ਼ਰ- 714-726-4300
ਪਰਮਜੀਤ ਨਿੱਝਰ- 626-622-5551
ਉਪਮਿੰਦਰ ਸੰਧੂ- 909-418-7700
ਪਾਲ ਘੋਤਰਾ-909-569-9545
ਮਨਜੀਤ ਪੰਧੇਰ-818-398-9262

# ਸ੍ਰੀ ਗੁਰੂ ਸਿੰਘ ਸਭਾ ਵਾਲਨਟ

20001, E Walnut Drive South, Walnut CA 91789 • Ph: 909.869.6165



## ਸ੍ਰੀ ਗੁਰੂ ਨਾਨਕ ਦੇਵ ਜੀ ਦਾ 547ਵਾਂ ਪ੍ਰਕਾਸ਼ ਪੁਰਬ

## 14 ਨਵੰਬਰ, 2016, ਦਿਨ ਸੋਮਵਾਰ

ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ

**ਪ੍ਰੋਗਰਾਮਾਂ ਦਾ ਵੇਰਵਾ**

ਭੋਗ ਸ੍ਰੀ ਅਖੰਡ ਪਾਠ ਸਾਹਿਬ ਸ਼ਾਮ 6 : 00 ਵਜੇ

ਰਹਿਰਾਸ ਸਾਹਿਬ ਦਾ ਪਾਠ ਸ਼ਾਮ 6 :00 ਵਜੇ ਤੋਂ 6:30 ਵਜੇ ਤਕ

ਭਾਈ ਰਘਬੀਰ ਸਿੰਘ ਤੇ ਭਾਈ ਸੁਖਦੇਵ ਸਿੰਘ ਦੇ ਰਾਗੀ ਜਥੇ ਵਲੋਂ

ਕੀਰਤਨ ਦਰਬਾਰ ਸ਼ਾਮ 6 : 30 ਵਜੇ ਤੋਂ ਰਾਤ 8 :30 ਵਜੇ ਤੱਕ

ਸ੍ਰੀ ਆਖੰਡ ਪਾਠ ਅਤੇ ਗੁਰੂ ਕੇ ਲੰਗਰ ਦੀ ਸੇਵਾ ਪਰਮਜੀਤ ਸਿੰਘ ਗਰੁੱਪ ਅਤੇ ਪਰਿਵਾਰਾਂ ਵਲੋਂ ਹੋਵੇਗੀ।
ਇਸ ਮੌਕੇ ਪਕੌੜਿਆਂ ਅਤੇ ਬਾਦਾਮ ਦੁੱਧ ਦੀ ਸੇਵਾ ਵੀ ਕੀਤੀ ਜਾਵੇਗੀ।
ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਮਠਿਆਈਆਂ ਗੁਰੂ ਘਰ
ਲਿਆ ਕੇ ਸਾਂਝੇ ਰੂਪ ਵਿਚ ਵਰਤਾਉਣ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

**ਸੇਵਾਦਾਰ ਗੁਰਦੁਆਰਾ ਵਾਲਨਟ : ਸਵਰਨ ਸਿੰਘ ਦਬਗੋਤਰਾ (909)861-2020, ਸਾਹਿਬ ਸਿੰਘ ਭੁੱਲਰ (626)893-2314, ਗੁਰਚਰਨ ਸਿੰਘ ਆਨੰਦ (626)298-9960, ਸੋਹਨ ਸਿੰਘ ਗਿੱਲ (562)569-2702, ਹਨਵੰਤ ਬੀਰ ਸਿੰਘ ਸਾਹਨੀ (626)369-3305,**


ਭਾਈ ਰਘਬੀਰ ਸਿੰਘ


ਭਾਈ ਸੁਖਦੇਵ ਸਿੰਘ

**ਕੀਰਤਨ ਅਤੇ ਹੋਰ ਜਾਣਕਾਰੀ ਲਈ ਤੁਸੀਂ ਹਨਵੰਤ ਬੀਰ ਸਿੰਘ ਸਾਹਨੀ (626) 369-3305 ਜਾਂ ਭਾਈ ਰਘਬੀਰ ਸਿੰਘ (626) 833-8240 ਨੂੰ ਕਾਲ ਕਰੋ।**





## ਨੌਜਵਾਨ ਸਿੱਖ ਆਗੂ 7-Eleven ਸਟੋਰਾਂ ਦੀ ਫਰੈਂਚਾਇਜ਼ੀ ਬੋਰਡ ਦੀ ਯੂਨੀਅਨ ਦੇ ਇਲੈਕਟਡ ਮੈਂਬਰ, ਕਮਿਊਨਿਟੀ ਦੇ ਨਿਸ਼ਕਾਮ ਸੇਵਾਦਾਰ ਤੇ ਉਘੇ ਬਿਜ਼ਨਸਮੈਨ ਸਰਦਾਰ ਅਜਮੇਰ ਸਿੰਘ ਨਿੱਜਰ (ਬਿੱਟੂ) ਵਲੋਂ

ELEVEN

# ਸ੍ਰੀ ਗੁਰੂ ਨਾਨਕ ਦੇਵ ਜੀ

ਦੇ ਪ੍ਰਕਾਸ਼ ਪੁਰਬ ਦੀਆਂ ਸਾਰੇ ਭਾਈਚਾਰੇ ਨੂੰ

# ਲੱਖ ਲੱਖ ਵਧਾਈਆਂ



**ਅਜਮੇਰ ਸਿੰਘ ਨਿੱਜਰ (ਬਿੱਟੂ)**



ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ
ਦੇ ਪ੍ਰਕਾਸ਼ ਪੁਰਬ ਦੀਆਂ ਦੇਸ਼ਾਂ ਵਿਦੇਸ਼ਾਂ ਵਿਚ
ਵਸਦੇ ਸਮੂਹ ਭਾਈਚਾਰਿਆਂ ਨੂੰ

## ਲੱਖ ਲੱਖ ਵਧਾਈਆਂ

# Nor-Ca

**29303 Pacific Street, H**






Sandeep Sandhu



Lakha Laali

**Norcal Truck Repair & Tire provides fleets and owner operators the fastest roadsid reasonable price. Our extensive mobile truck and trailer repair service trucks, ens We offer owner operators, fleets and drivers immediate access to at pre-determined, preferred rates that are exclusive to Norc**

Norcal Truck Repair & Tire team combined has over 20 years of experience in the trucking industry a By complimenting our industry experience with extensive business management experience, Norcal T designed an efficient and controlled process to manage truck and trailer related breakdowns for fleet Truckers Assist has implemented customer oriented corporate values and they are instilled in everyth

# Arco Towing Services, Inc

# al Truck Repair

layward, CA 94544, Phone: 510-728-2121, Fax: 510-728-2020





Laadi Singh



Paablo



Alex



Guranmol Ranhdawa



Amandeep Singh



Captain Billa

**e truck and trailer repair service at a fair and**
**ure you'll be back up in running in no-time.**
**qualified service providers**
**al Truck repair & tire.**



nd managing roadside repairs.
Truck Repair & Tire management has
s & truck drivers.
ing we do.

## 29303 Pacific Street, Hayward, CA 94544
## Phone: 510-537-9000, After Hours: 510-582-2121

ੴ ਸਤਿਗੁਰ ਪ੍ਰਸਾਦਿ॥

## ਆਪ ਸਭ ਨੂੰ ਗੁਰਪੁਰਬ ਦੀਆਂ ਲੱਖ ਲੱਖ ਵਧਾਈਆਂ !

### ਦੱਖਣੀ ਕੈਲੀਫੋਰਨੀਆ ਵਿੱਚ ਸਿੱਖਾਂ ਦਾ ਆਪਣਾ ਸਭ ਤੋਂ ਪਹਿਲਾ ਮਹਾਨ ਸਮਾਗਮ

### ਹੌਲੀਵੁੱਡ ਸਿੱਖ ਟੈਂਪਲ ਵੱਲੋਂ ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ

# ਸ੍ਰੀ ਗੁਰੂ ਨਾਨਕ ਦੇਵ ਜੀ ਦਾ



## 547ਵਾਂ ਪ੍ਰਕਾਸ਼ ਉਤਸਵ, 04 ਦਸੰਬਰ, 2016

## ਸਵੇਰੇ 7:00 ਵਜੇ ਤੋਂ ਲੈ ਕੇ ਸ਼ਾਮ 4:00 ਵਜੇ ਤੱਕ

## ਲਾਸ ਏਂਜਲਸ ਕਨਵੈਂਸ਼ਨ ਸੈਂਟਰ ਵਿਖੇ ਮਨਾਇਆ ਜਾ ਰਿਹਾ ਹੈ



ਆਪ ਆਪਣੇ ਪਰਿਵਾਰਾਂ ਸਮੇਤ ਆਉ, ਦੋਸਤਾਂ ਮਿੱਤਰਾਂ ਨੂੰ ਵੀ ਨਾਲ ਲਿਆਉ ਅਤੇ ਗੁਰੂ ਜੀ ਦੀਆਂ ਖੁਸ਼ੀਆਂ ਹਾਸਲ ਕਰੋ ਜੀ।

## ਭਾਈ ਤੇਜਿੰਦਰ ਸਿੰਘ ਖੰਨੇ ਵਾਲੇ, ਭਾਈ ਬਲਵਿੰਦਰ ਸਿੰਘ ਰਾੜੇਵਾਲੇ ਸਮੇਤ ਸਿੱਖ ਕੌਮ ਦੇ ਪ੍ਰਸਿੱਧ ਰਾਗੀ ਜਥੇ ਤੇ ਕਥਾਵਾਚਕ ਪਹੁੰਚ ਰਹੇ ਹਨ

Diya TV · CHARDIKLA TIME TV

**ਹਜ਼ੂਰੀ ਰਾਗੀ ਜਥਾ ਭਾਈ ਜਤਿੰਦਰ ਸਿੰਘ ਜੀ ਅਤੇ ਜਥਾ, 5 ਰਾਗੀ ਜਥੇ ਇਕੱਠੇ ਰਸ ਭਿੰਨਾ ਕੀਰਤਨ ਕਰਨਗੇ।**
**ਦੱਖਣੀ ਕੈਲੀਫੋਰਨੀਆ ਦੇ ਸਾਰੇ ਗੁਰਦੁਆਰਾ ਸਾਹਿਬ ਅਤੇ ਪੰਜਾਬੀ ਸਕੂਲ ਹਿੱਸਾ ਲੈ ਰਹੇ ਹਨ।**

ਗੁਰੂਘਰ ਵਾਲਨੱਟ, ਗੁਰੂਘਰ ਬਿਉਨਾ ਪਾਰਕ, ਗੁਰੂਘਰ ਬਿਉਨਾ ਪਾਰਕ (ਸਟੈਂਟਨ ਰੋਡ), ਗੁਰੂਘਰ ਸਰਬ ਸਾਂਝਾ ਦਰਬਾਰ, ਗੁਰੂਘਰ ਵੈਲੀ ਸਿੱਖ ਟੈਂਪਲ, ਗੁਰੂਘਰ ਲੈਂਕਰਸ਼ਿਮ, ਗੁਰੂਘਰ ਰਿਵਰਸਾਈਡ, ਗੁਰੂਘਰ ਹਿਸਪੇਰੀਆ, ਗੁਰੂਘਰ ਅਲਹੈਂਬਰਾ, ਗੁਰੂਘਰ ਨਾਨਕ ਸਦਨ, ਗੁਰੂਘਰ ਗੁਰੂ ਰਾਮਦਾਸ ਆਸ਼ਰਮ, ਗੁਰੂਘਰ ਸੈਂਟਾਐਨਾ, ਗੁਰੂਘਰ ਮਾਤਾ ਸਾਹਿਬ ਕੌਰ ਜੀ, ਗੁਰੂਘਰ ਐਪਲ ਵੈਲੀ, ਗੁਰੂਘਰ ਨਾਰਕੋ, ਗੁਰੂਘਰ ਪਾਮ ਸਪ੍ਰਿੰਗ, ਗੁਰੂਘਰ ਤਮੇਕੁਲਾ, ਗੁਰੂਘਰ ਵੈਂਟੂਰਾ, ਆਈ.ਆਈ.ਜੀ.ਐਸ., ਸੰਤ ਪ੍ਰੇਮ ਸਿੰਘ ਸੇਵਾ ਸੋਸਾਇਟੀ, ਗੁਰੂਘਰ ਏ.ਵੀ.ਐਸ. ਲੈਂਕੈਸਟਰ, ਗੁਰੂਘਰ ਵੈਸਟ ਕੋਵੀਨਾ, ਭਾਈ ਮਰਦਾਨਾ ਅਕੈਡਮੀ ਅਤੇ ਹੋਰ ਗੁਰਦੁਆਰਿਆਂ ਦੇ ਜਥੇ ਅਤੇ ਪੰਜਾਬੀ ਸਕੂਲਾਂ ਦੇ ਬੱਚੇ ਵੀ ਕੀਰਤਨ ਕਰਨਗੇ।

*Donatons & Info:*
S; Baldev S; Johal-661-965-5937,
S; Santokh S; Ghotra-310-569-9506,
S; Ronak Singh-661-295-5846,
S;Manjit S; Khalil-323-369-8962
S; Harnek S; Thiara-818-687-2873
*Langar*: S; !marjeet Singh -310-291-4835

HOLLYWOOD SIKH TEMPLE · SIKH STUDY CIRCLE INC.

*Donatons & Punjabi Bazaar:*
S; Gurdev Singh– 323-304-4871
S; Bhupinder S; Dhillon-323-514-6347,
S; Baljinder S; Multani-213-249-8099
*Media Coordinator*:
S; Manjinder P; Singh-818-268-3213
Gurdwara Sahib: 323-665-7707

*Donaton Commitee & Sevadaars* : Dr; !marjit S; Marwah, S; J;L; Saini, S; Ram Singh, S; Iqbal S; Dhillon, S; Harjinder S; Malhi, Paul Lubana, S; Darshan Singh, S; Iqbal S; Samra & Bros, Wraich Bros; Dr; Parkash K; Sehdeva, S; Pargat S; Kehl, S; Gurbachan Singh Dr; Jaswant S; Dhillon, Paul Ghotra, S; Tajinder S; Khalil & Bros;, S; Gurmit S; Multani, H; S; Randhawa, S; Harbhajan S; Multani, S;Manjit Singh (Pappi), S; Gurcharan Singh (Bali), S; Sohan S; Rasia & Family, S; !vtar Singh, Dr; !jit S; !rora, S; Satnam S ; Thiara, S; Sukhdev S; Multani, S; Manjit S; Pandher, S; Nirmal Sehmbi, S; Harmimder S; Chohan, Dr; Mukhtar S; Kundi, S; Swarnjit S; Sahni, S; Gurdas S; Kehl, S; Waryam S; Grover, S; Sarbjit S; Sodhi, Dr; !jit S; Randhawa, S; Gurdial S; Randhawa, S; Kirtan S; Khals a, S; !mrik S; Rasia, S; Malkit S; Sogy, S; Surjit S; Bawa & Bros;, S; Surinder S; Gill, Ms; Hari Kirn K; Khalsa, S; Harbhajan S; Khalsa, S; Santokh S; Khinda & Bros;, S; Gurdev S; Nauli, S; Harbhajan S; Samra, S; Parmjit Singh, S; Jaswinder S; Dhaliwal

ਭਾਈ ਘਨੱਈਆ ਜੀ ਸੇਵਾ ਦਲ ਵੱਲੋਂ ਸਵੇਰ ਦੇ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ।
ਸਾਰਾ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ। ਤਾਜ਼ਾ ਜਲੇਬੀਆਂ ਦੀ ਸੇਵਾ ਬਾਬਾ ਸਵੀਟਸ ਵੱਲੋਂ ਕੀਤੀ ਜਾ ਰਹੀ ਹੈ।
ਵੀਡੀਓ ਤੇ ਫੋਟੋ ਦੀ ਸੇਵਾ ਸੱਗੂ ਵੀਡੀਓ ਅਤੇ ਟੀਵੀ ਤੇ ਲਾਈਵ ਦਿਖਾਉਣ ਦੀ ਸੇਵਾ ਜੋਗਿੰਦਰ ਸਿੰਘ ਨਿਭਾ ਰਹੇ ਹਨ।
3 ਦਸੰਬਰ 2016 ਨੂੰ ਸ੍ਰੀ ਅੱਖੰਡ ਪਾਠ ਸਾਹਿਬ ਦੇ ਭੋਗ ਅਤੇ ਲੰਗਰ ਦੀ ਸੇਵਾ ਗੁਰਦੁਆਰਾ ਸਾਹਿਬ ਵਿਖੇ ਹੋਵੇਗੀ।
3 ਦਸੰਬਰ 2016 ਨੂੰ ਹਾਲ ਦੀ ਸਜ਼ਾਵਟ ਦੀ ਸੇਵਾ ਗੁਰੂ ਰਾਮਦਾਸ ਆਸ਼ਰਮ ਵੱਲੋਂ ਕੀਤੀ ਜਾ ਰਹੀ ਹੈ। ਸਾਰੇ ਹੁੰਮ ਹਮਾਂ ਕੇ ਪਹੁੰਚੋ ਜੀ।
ਲੰਗਰ ਦੀ ਸੇਵਾ ਅਤੇ ਹੋਰ ਜਾਣਕਾਰੀ ਲਈ ਸ੍ਰ. ਅਮਰਜੀਤ ਸਿੰਘ ਜੀ ਨੂੰ 310-291-4835 ਤੇ ਸੰਪ੍ਰਕ ਕਰ ਸਕਦੇ ਹੋ।

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ॥
ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ ॥



ਗਾਖ਼ਲ ਬ੍ਰਦਰਜ਼ ਐਂਟਰਟੇਨਮੈਂਟ ਦੇ ਮਾਲਕ
ਅਮੋਲਕ ਸਿੰਘ ਗਾਖ਼ਲ, ਉਨ੍ਹਾਂ ਦੇ ਭਰਾ
ਪਲਵਿੰਦਰ ਸਿੰਘ ਗਾਖ਼ਲ ਅਤੇ
ਇਕਬਾਲ ਸਿੰਘ ਗਾਖ਼ਲ ਵਲੋਂ

**ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ**
**ਦੇ ਪ੍ਰਕਾਸ਼ ਪੁਰਬ ਦੀਆਂ ਸਭ ਨੂੰ**



# ਲੱਖ ਲੱਖ ਵਧਾਈਆਂ

ਗਾਖ਼ਲ ਬ੍ਰਦਰਜ਼

ਜਾਰੀ ਕਰਤਾ:
**A&I Trucking Co.**

# ਗੁਰਦੁਆਰਾ ਸਾਹਿਬ ਫਰੀਮੌਂਟ, ਕੈਲੀਫੋਰਨੀਆ

## ਸਿੱਖ ਕੌਮ ਦੀ ਅਣਖ ਦੇ ਪ੍ਰਤੀਕ

ਭਾਈ ਬੇਅੰਤ ਸਿੰਘ ਅਤੇ ਭਾਈ ਸਤਵੰਤ ਸਿੰਘ ਨੇ 31 ਅਕਤੂਬਰ 1984 ਦੀ ਸਵੇਰ ਨੂੰ ਇੰਦਰਾ ਪਾਪਣ ਨੂੰ ਖਾਲਸਈ ਰਵਾਇਤਾਂ ਅਨੁਸਾਰ ਉਸ ਦੇ ਪਾਪਾਂ ਦੀ ਸਜਾ ਦਿੰਦਿਆਂ ਨਰਕਗਾਮੀ ਕੀਤਾ ਅਤੇ ਸਿੱਖ ਕੌਮ ਦੀ ਢੱਠੀ ਪੱਗ ਮੁੜ ਸਿਰ ਤੇ ਰੱਖ ਦਿੱਤੀ| ਇੰਦਰਾ ਨੂੰ ਗੱਡੀ ਚੜ੍ਹਾਉਣ ਵਾਲੇ ਮਹਾਨ ਸੂਰਬੀਰ ਯੋਧੇ ਸ਼ਹੀਦ ਭਾਈ ਬੇਅੰਤ ਸਿੰਘ ਦੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਤੇ ਨਵੰਬਰ 1984 ਸਿੱਖ ਨਸਲਕੁਸ਼ੀ ਨੂੰ ਯਾਦ ਕਰਦਿਆਂ




## ਮਹਾਨ ਸ਼ਹੀਦੀ ਸਮਾਗਮ

ਅਰੰਭ ਸ੍ਰੀ ਅਖੰਡ ਪਾਠ ਸਾਹਿਬ : 11 ਨਵੰਬਰ 2016, 10 ਵਜੇ ਸਵੇਰੇ

ਭੋਗ ਸ੍ਰੀ ਅਖੰਡ ਪਾਠ ਸਾਹਿਬ: 13 ਨਵੰਬਰ 2016, 10 ਵਜੇ ਸਵੇਰੇ

ਭੋਗ ਉਪਰੰਤ ਕਥਾ, ਕੀਰਤਨ ਦੇ ਪਰਵਾਹ ਨਾਲ ਢਾਡੀ ਜਥੇ ਸ਼ਹੀਦੀ ਵਾਰਾਂ ਨਾਲ ਯੋਧਿਆਂ ਦੀ ਸ਼ਹਾਦਤ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ

## ਸਿੱਖ ਨਸਲਕੁਸ਼ੀ - ਨਾ ਭੁੱਲਣਯੋਗ, ਨਾ ਬਖਸ਼ਣਯੋਗ









ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : 300 Gurdwara Road Fremont CA 94536 Phone: 510-790-0177



Spice Jar
INDIAN CUISINE
-Specializing in Tandoor (Clay Oven)
-Vegetarian and Non-Vegetarian Curry
We Specialize in Catering All Occasions 50-1200 GUESTS
Lunch Buffet
7 Days
11am-3pm
$9.99
Buffet 11am - 3pm
Ala Carte 5pm - 10pm
Call or Email for Catering:
spicejargrill@gmail.com
LUNCH BUFFET
ALL YOU CAN EAT
$1 OFF*
(VALID UP TO 4 PEOPLE. TOTAL DISCOUNT $4)
WITH THIS COUPON ONLY.
LIMIT ONE COUPON PER CUSTOMER.
20% OFF*
ENTIRE
DINNER CHECK
(MENU ONLY. NOT VALID WITH BUFFET)
WITH THIS COUPON ONLY.
LIMIT ONE COUPON PER CUSTOMER.
17052 Slover Ave. Fontana, CA 92337
909-350-7010
@spice_jar
spicejarfontana
www.spicejar.net




FINANCIAL FREEDOM
REDUCE YOUR DEBT BY UP TO 60%
करैडिट कारड पेमैंटां ने प्रेशान कीता है?
ਹਜਾਰਾਂ ਡਾਲਰ ਘਟਾਓ ਅਤੇ ਜਾਨ ਸੁਖੀ ਕਰੋ
✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ
✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ
ਕੋਈ ਫੀਸ ਨਹੀਂ
ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ
WE WORK IN ALL 50 STATES & CANADA
ਅੱਜ ਹੀ ਸਾਨੂੰ ਕਾਲ ਕਰੋ!
1.888.888.9914
ooraa


SAVE $2500
ON DIESEL PER TRUCK WITH
ONE CALL!
11¢
DISCOUNT
PER GALLON
TRANS-ALLIANCE
KHALSA FUEL CARD
1243 6756 7698 3421
TRANS EXPRESS
✓ No more Pre-Paid Cards
✓ Get Rid of Bank Wires
✓ Low Transaction Fee
TRANS-ALLIANCE
(855) 641-6955 • (888) 795-7035
sales@trans-alliance.com • www.trans-alliance.com


ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
COVERED CALIFORNIA
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!


Travel for Less Inc.
SPECIALIZED IN DISCOUNT FARES WORLDWIDE
ASIANA AIRLINES
A STAR ALLIANCE MEMBER
ਅਗਰ ਤੁਸੀਂ ਇੰਡਿਆ ਜਾਣ ਲਈ ਸਸਤੀਆਂ ਟਿਕਟਾਂ ਦੇ ਚਾਹਵਾਨ ਹੋ ਤਾਂ ਟਿਕਟ ਖਰੀਦਣ ਤੋਂ ਪਹਿਲਾਂ ਇੱਕ ਵਾਰ ਸਾਨੂੰ ਕਾਲ ਜ਼ਰੂਰ ਕਰੋ
ASIANA AIRLINES NOW FLIES NEW DELHI
5 TIMES A WEEK STARTING 1ST JULY 2016
BBB
IATAN
BUY TRAVEL TICKETS ON WHOLESALE PRICES
CST NO : 2031914-40
O/B SFO - DEL MON/TUE/WED/FRI/SAT
I/B DEL - SFO MON/WED/THU/FRI/SUN
Serving the Bay Area Since 1996
39156-State Street,Fremont CA-94538
Email: info@travelforlessinc.com
www.letsflyhome.com
(510) 791-3300
(408) 791-2600

## ਪੁਲੀਸ ਨੂੰ ਹਾਕਮ ਪਾਰਟੀ ਦੇ ਕੰਟਰੋਲ ਤੋਂ ਮੁਕਤ ਕਰਨ ਲਈ ਰਣਨੀਤੀ ਉਲੀਕੇਗਾ ਚੋਣ ਕਮਿਸ਼ਨ

### ਤਰਨ ਤਾਰਨ ਤੇ ਬਠਿੰਡਾ ਜ਼ਿਲ੍ਹਿਆਂ ਦੇ ਥਾਣਿਆਂ ਤੋਂ ਸ਼ੁਰੂ ਹੋਵੇਗੀ ਕੇਸਾਂ ਦੀ ਸਮੀਖਿਆ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੇ ਸੰਵੇਦਨਸ਼ੀਲ ਵਿਧਾਨ ਸਭਾ ਹਲਕਿਆਂ ਦੀ ਨਿਸ਼ਾਨਦੇਹੀ ਕਰਦਿਆਂ ਚੋਣ ਕਮਿਸ਼ਨ ਵੱਲੋਂ ਤਰਨ ਤਾਰਨ ਅਤੇ ਬਠਿੰਡਾ ਜ਼ਿਲ੍ਹਿਆਂ ਤੋਂ ਥਾਣਿਆਂ ਦੀ ਸਮੀਖਿਆ ਦਾ ਕੰਮ ਸ਼ੁਰੂ ਕੀਤਾ ਜਾਵੇਗਾ। ਚੋਣ ਅਧਿਕਾਰੀਆਂ ਦਾ ਦੱਸਣਾ ਹੈ ਕਿ ਸ਼ੁਰੂਆਤੀ ਦੌਰ ਵਿੱਚ ਉਪ ਚੋਣ ਕਮਿਸ਼ਨਰ ਸੰਦੀਪ ਸਕਸੈਨਾ ਅਤੇ ਰਾਜ ਦੇ ਮੁੱਖ ਚੋਣ ਅਧਿਕਾਰੀ ਵਿਜੋਏ ਕੁਮਾਰ ਸਿੰਘ ਵੱਲੋਂ ਅਫ਼ਸਰਾਂ ਦੀ ਟੀਮ ਸਮੇਤ 15 ਨਵੰਬਰ ਤੋਂ ਦੋਵਾਂ ਜ਼ਿਲ੍ਹਿਆਂ ਦੇ ਥਾਣਾ ਮੁਖੀਆਂ ਤੇ ਪੁਲੀਸ ਅਫ਼ਸਰਾਂ ਨਾਲ ਮੀਟਿੰਗ ਕੀਤੀ ਜਾਵੇਗੀ। ਸੂਤਰਾਂ ਮੁਤਾਬਕ ਚੋਣ ਕਮਿਸ਼ਨ ਨੂੰ ਰਿਪੋਰਟਾਂ ਮਿਲੀਆਂ ਹਨ ਕਿ ਮਾਲਵੇ ਦੇ ਅਜਿਹੇ ਖੇਤਰਾਂ, ਜਿੱਥੋਂ ਦੀ ਨੁਮਾਇੰਦਗੀ ਪ੍ਰਭਾਵਸ਼ਾਲੀ ਸਿਆਸਤਦਾਨਾਂ ਵੱਲੋਂ ਕੀਤੀ ਜਾਂਦੀ ਹੈ ਅਤੇ ਸਰਹੱਦੀ ਖੇਤਰ ਵਿੱਚ ਕਾਨੂੰਨ ਵਿਵਸਥਾ ਲੀਹ ਤੋਂ ਲਹੀ ਪਈ ਹੈ। ਚੋਣ ਕਮਿਸ਼ਨ ਨੇ ਖੁਫ਼ੀਆ ਰਿਪੋਰਟਾਂ ਦੇ ਆਧਾਰ 'ਤੇ ਹੀ ਸਰਹੱਦੀ ਖੇਤਰਾਂ ਅਤੇ ਬਠਿੰਡਾ ਜ਼ਿਲ੍ਹੇ ਦੀ ਚੋਣ ਕੀਤੀ ਹੈ। ਉਪ ਚੋਣ ਕਮਿਸ਼ਨਰ ਅਤੇ ਹੋਰ ਅਧਿਕਾਰੀਆਂ ਵੱਲੋਂ ਪੂਰੇ ਜ਼ਿਲ੍ਹੇ ਦੇ ਪੁਲੀਸ ਅਫ਼ਸਰਾਂ ਨਾਲ ਦਿਨ ਭਰ ਮੀਟਿੰਗ ਕੀਤੀ ਜਾਵੇਗੀ। ਪੁਲੀਸ ਅਫ਼ਸਰਾਂ ਨਾਲ ਮੀਟਿੰਗ ਤੋਂ ਪਹਿਲਾਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਵੀ ਮੀਟਿੰਗ ਕੀਤੀ ਜਾਵੇਗੀ। ਥਾਣਾ ਪੱਧਰ ਤੱਕ ਸਮੀਖਿਆ ਕਰ ਲੈਣ ਤੋਂ ਬਾਅਦ ਚੋਣ ਕਮਿਸ਼ਨ ਵੱਲੋਂ ਪੁਲੀਸ ਨੂੰ ਹਾਕਮ ਪਾਰਟੀ ਦੇ ਕੰਟਰੋਲ ਤੋਂ ਮੁਕਤ ਕਰਨ ਲਈ ਅਗਲੀ ਰਣਨੀਤੀ ਉਲੀਕੀ ਜਾਵੇਗੀ। ਸੂਤਰਾਂ ਦਾ ਦੱਸਣਾ ਹੈ ਕਿ ਤਰਨ ਤਾਰਨ ਅਤੇ ਬਠਿੰਡਾ ਜ਼ਿਲ੍ਹਿਆਂ ਵਿੱਚ ਉਪ ਚੋਣ ਕਮਿਸ਼ਨ ਵੱਲੋਂ ਥਾਣਿਆਂ ਦੀ ਸਮੀਖਿਆ ਦੀ ਸ਼ੁਰੂਆਤ ਕੀਤੀ ਜਾਵੇਗੀ ਤੇ ਉਸ ਤੋਂ ਬਾਅਦ ਕਮਿਸ਼ਨ ਦੇ ਹੋਰ ਅਫ਼ਸਰ ਸਮੁੱਚੇ ਪੰਜਾਬ ਦੇ ਥਾਣਿਆਂ ਦੀ ਸਮੀਖਿਆ ਕਰਨਗੇ। ਇਸ ਸਮੀਖਿਆ ਦੌਰਾਨ ਮੁੱਖ ਤੌਰ 'ਤੇ ਪਿਛਲੇ ਦੋ ਸਾਲਾਂ ਦੌਰਾਨ ਸਬੰਧਤ ਥਾਣੇ ਅਧੀਨ ਆਉਂਦੇ ਖੇਤਰ ਵਿੱਚ ਹੋਏ ਅਪਰਾਧ ਸਬੰਧੀ ਪੁਲੀਸ ਦੀ ਕਾਰਗੁਜ਼ਾਰੀ ਦੇਖੀ ਜਾਵੇਗੀ। ਚੋਣ ਅਧਿਕਾਰੀਆਂ ਦਾ ਦੱਸਣਾ ਹੈ ਕਿ ਸਮੀਖਿਆ ਦੌਰਾਨ ਇਹ ਗੱਲ ਸਪਸ਼ਟ ਹੋ ਜਾਵੇਗੀ ਕਿ ਅਪਰਾਧ ਨਾਲ ਨਜਿੱਠਣ ਦੇ ਸਬੰਧ ਵਿੱਚ ਪੁਲੀਸ ਕਾਨੂੰਨ ਮੁਤਾਬਕ ਕੰਮ ਕਰਦੀ ਹੈ ਜਾਂ ਸਿਆਸਤਦਾਨਾਂ ਦੇ ਇਸ਼ਾਰੇ ਉਪਰ। ਕਮਿਸ਼ਨ ਵੱਲੋਂ ਥਾਣਿਆਂ ਵਿੱਚ ਕਤਲ, ਔਰਤਾਂ 'ਤੇ ਹੋਏ ਅਪਰਾਧ, ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੇ ਕੇਸਾਂ ਦੀ ਸਮੀਖਿਆ ਕਰਦਿਆਂ ਦੇਖਿਆ ਜਾਵੇਗਾ ਕਿ ਪੁਲੀਸ ਨੇ ਮਾਮਲੇ ਦੀ ਤਫ਼ਤੀਸ਼ ਸਹੀ ਢੰਗ ਨਾਲ ਕੀਤੀ। ਚਲਾਨ ਢੁਕਵੇਂ ਸਮੇਂ ਵਿੱਚ ਅਦਾਲਤ ਵਿੱਚ ਪੇਸ਼ ਕਰ ਦਿੱਤਾ ਗਿਆ ਜਾਂ ਨਹੀਂ। ਕਮਿਸ਼ਨ ਦਾ ਮੰਨਣਾ ਹੈ ਕਿ ਪੁਲੀਸ ਦੀ ਕਾਰਗੁਜ਼ਾਰੀ ਪਰਖਣ ਦਾ ਇਹ ਇਕ ਕਾਰਗਰ ਤਰੀਕਾ ਹੈ। ਕਮਿਸ਼ਨ ਨੂੰ ਇੰਟੈਲੀਜੈਂਸ ਬਿਊਰੋ (ਆਈਬੀ) ਤੋਂ ਰਿਪੋਰਟਾਂ ਮਿਲੀਆਂ ਹਨ ਕਿ ਪੰਜਾਬ ਦੇ ਸਰਹੱਦੀ ਖੇਤਰ ਵਿੱਚ ਕਾਨੂੰਨ ਵਿਵਸਥਾ ਦੀ ਮਾੜੀ ਹਾਲਤ ਹੈ। ਆਈਬੀ ਦੀਆਂ ਰਿਪੋਰਟਾਂ ਮੁਤਾਬਕ ਤਰਨ ਤਾਰਨ, ਫ਼ਿਰੋਜ਼ਪੁਰ ਤੇ ਬਟਾਲਾ ਵਰਗੇ ਜ਼ਿਲ੍ਹਿਆਂ ਵਿੱਚ ਹਾਕਮ ਪਾਰਟੀਆਂ ਦੇ ਆਗੂਆਂ ਦੇ ਇਸ਼ਾਰੇ 'ਤੇ ਹੀ ਕੇਸ ਦਰਜ ਕੀਤੇ ਜਾਂਦੇ ਹਨ ਜਾਂ ਰੱਦ ਕਰ ਦਿੱਤੇ ਜਾਂਦੇ ਹਨ। ਇਨ੍ਹਾਂ ਜ਼ਿਲ੍ਹਿਆਂ ਦੇ ਹਾਕਮ ਸਿਆਸਤਦਾਨ ਵੀ ਅਕਸਰ ਸੁਰਖੀਆਂ ਵਿੱਚ ਰਹਿੰਦੇ ਹਨ। ਮਾਲਵਾ ਦਾ ਬਠਿੰਡਾ ਖੇਤਰ ਵੀ ਅਕਸਰ ਸੁਰਖੀਆਂ ਵਿੱਚ ਰਹਿੰਦਾ ਹੈ, ਜਿਸ ਕਰ ਕੇ ਕਮਿਸ਼ਨ ਨੇ ਇਸ ਜ਼ਿਲ੍ਹੇ ਦੀ ਚੋਣ ਕੀਤੀ ਹੈ। ਕਮਿਸ਼ਨ ਨੇ ਸਮੀਖਿਆ ਦਾ ਕੰਮ 14 ਨਵੰਬਰ ਤੋਂ ਸ਼ੁਰੂ ਕਰਨਾ ਸੀ ਪਰ 14 ਨਵੰਬਰ ਨੂੰ ਗੁਰੂ ਨਾਨਕ ਦੇਵ ਜੀ ਦਾ ਦਾ ਪ੍ਰਕਾਸ਼ ਪੁਰਬ ਹੋਣ ਕਾਰਨ ਇਹ ਕੰਮ 15 ਨਵੰਬਰ ਤੋਂ ਸ਼ੁਰੂ ਹੋਵੇਗਾ।

# ਭੁਪਾਲ ਦਾ ਮੁਕਾਬਲਾ : ਖੋਖਲੇ ਤਰਕਾਂ ਦੇ ਤੀਰ

***ਜਿਵੇਂ ਹੀ ਇਹ ਕੈਦੀ ਭੱਜੇ, ਸਰਕਾਰ ਨੇ ਉਨ੍ਹਾਂ ਦੇ ਪਿਛੇ ਪੁਲੀਸ ਦੌੜਾ ਦਿੱਤੀ ਅਤੇ ਪੁਲੀਸ ਨੇ ਉਨ੍ਹਾਂ ਨਿਹੱਥੇ ਅੱਤਵਾਦੀਆਂ ਨੂੰ ਮਾਰ ਦਿੱਤਾ। ਇਹ ਨਾਟਕ ਇਸ ਲਈ ਰਚਿਆ ਗਿਆ ਕਿ ਮੋਦੀ ਸਰਕਾਰ ਦੀ ਦਿਖ ਚਮਕਾਉਣੀ ਹੈ, ਉਤਰ ਪ੍ਰਦੇਸ਼ ਦੀ ਚੋਣ ਜਿੱਤਣੀ ਹੈ ਤੇ ਜਨਤਾ ਨੂੰ ਇਹ ਦੱਸਣਾ ਹੈ ਕਿ ਇਹ 56 ਇੰਚ ਦੀ ਛਾਤੀ ਵਾਲੀ ਸਰਕਾਰ ਹੈ।***



**ਵੇਦਪ੍ਰਤਾਪ ਵੈਦਿਕ**

ਭੁਪਾਲ ਦੀ ਜੇਲ੍ਹ 'ਚੋਂ ਭੱਜਣ ਵਾਲੇ ਅੱਤਵਾਦੀਆਂ ਨੂੰ ਮਾਰ ਕੇ ਮੱਧ ਪ੍ਰਦੇਸ਼ ਪੁਲੀਸ ਨੇ ਮਿਸਾਲ ਕਾਇਮ ਕੀਤੀ ਹੈ। ਉਸ ਨੇ ਅੱਗੇ ਤੋਂ ਭੱਜਣ ਵਾਲੇ ਭਗੌੜਿਆਂ ਦੀਆਂ ਹੱਡੀਆਂ ਵਿਚ ਕੰਬਣੀ ਛੇੜ ਦਿੱਤੀ ਹੋਵੇਗੀ। ਜੇਕਰ ਸਰਕਾਰ ਜੇਲ੍ਹਾਂ ਦੇ ਦਰਵਾਜ਼ੇ ਖੋਲ੍ਹ ਵੀ ਦੇਵੇ ਤਾਂ ਵੀ ਅੱਤਵਾਦੀ ਭੱਜਣਾ ਪਸੰਦ ਨਹੀਂ ਕਰਨਗੇ। ਉਹ ਮਰਨ ਦੀ ਬਜਾਏ ਜੇਲ੍ਹ ਵਿਚ ਮੁਫ਼ਤ ਦੀਆਂ ਰੋਟੀਆਂ ਤੋੜਨਾ ਜ਼ਿਆਦਾ ਪਸੰਦ ਕਰਨਗੇ। 2013 ਵਿਚ ਖੰਡਵਾ ਜੇਲ੍ਹ 'ਚੋਂ ਭੱਜੇ ਅੱਤਵਾਦੀ ਦੇਸ਼ ਦੇ ਵੱਖ ਵੱਖ ਇਲਾਕਿਆਂ 'ਚੋਂ ਫੜੇ ਗਏ ਸਨ। ਖੰਡਵਾ ਜੇਲ੍ਹ ਦੇ ਉਨ੍ਹਾਂ ਹੀ ਅੱਤਵਾਦੀਆਂ ਨੇ ਭੁਪਾਲ ਜੇਲ੍ਹ ਦੇ ਸਾਥੀ ਨੂੰ 'ਦੂਸਰੇ ਖੰਡਵਾ' ਲਈ ਭੜਕਾਇਆ ਹੋਵੇਗਾ।

ਸਾਜ਼ਿਸ਼ ਕਾਫ਼ੀ ਤਕੜੀ ਸੀ। ਸਭ ਤੋਂ ਪਹਿਲਾਂ ਸੀ.ਸੀ.ਟੀ.ਵੀ. ਦੇ ਕੈਮਰੇ ਦੇ ਤਾਰ ਕੱਟੇ। ਦੀਵਾਰ ਪਾਰ ਕਰਨ ਲਈ ਚਾਦਰਾਂ ਤੋਂ ਰੱਸੀ ਦਾ ਕੰਮ ਲਿਆ। ਇਸ ਲਈ ਉਨ੍ਹਾਂ ਨੇ ਕਿਹੜੀ ਰਾਤ ਚੁਣੀ? ਦੀਵਾਲੀ ਦੀ ਰਾਤ। ਜਦੋਂ ਵੱਡੇ ਅਫ਼ਸਰ ਅਕਸਰ ਛੁੱਟੀ 'ਤੇ ਅਤੇ ਸਾਧਾਰਨ ਜਵਾਨ ਤੇ ਕੈਦੀ ਵੀ ਉਤਸਵ ਦੇ ਮੂਡ ਵਿਚ ਹੁੰਦੇ ਹਨ। ਪਰ ਹੌਲਦਾਰ ਰਮਾਸ਼ੰਕਰ ਯਾਦਵ ਨੇ ਜਾਨ 'ਤੇ ਖੇਡ ਕੇ ਇਨ੍ਹਾਂ ਭਗੌੜਿਆਂ ਨੂੰ ਰੋਕਿਆ। ਇਕ ਹੌਲਦਾਰ ਅਤੇ 8 ਮੁਸਟੰਡੇ। ਉਨ੍ਹਾਂ ਨੇ ਯਾਦਵ ਦੀ ਹੱਤਿਆ ਕਰ ਦਿੱਤੀ ਤੇ ਇਕ ਹੋਰ ਜਵਾਨ ਨੂੰ ਅਧਮਰਿਆ ਕਰ ਦਿੱਤਾ। ਕੀ ਉਨ੍ਹਾਂ ਨੇ ਕੁਝ ਹਥਿਆਰਾਂ ਦਾ ਇਸਤੇਮਾਲ ਨਹੀਂ ਕੀਤਾ ਹੋਵੇਗਾ? ਕੀ ਉਨ੍ਹਾਂ ਨੇ ਇਨ੍ਹਾਂ ਪੁਲੀਸ ਵਾਲਿਆਂ ਦੇ ਹਥਿਆਰ ਉਥੇ ਪਏ ਰਹਿਣ ਦਿੱਤੇ ਹੋਣਗੇ? ਉਹ ਡਰਪੋਕ ਅੱਤਵਾਦੀ ਹਨ, ਕੁਸ਼ਤੀ ਲੜਨ ਵਾਲੇ ਪਹਿਲਵਾਨ ਨਹੀਂ। ਉਹ ਨਿਹੱਥਿਆਂ 'ਤੇ ਵਾਰ ਕਰਨ ਵਾਲੇ ਬਰਹਿਮ ਸ਼ਸਤਰਧਾਰੀਆਂ, ਜੰਗਲੀ ਪਸ਼ੂਆਂ ਨਾਲੋਂ ਵੀ ਵਧੇਰੇ ਖੂੰਖਾਰ ਹੁੰਦੇ ਹਨ। ਮਨੁੱਖੀ ਅਧਿਕਾਰ ਕਮਿਸ਼ਨ ਨੇ ਸਾਰੇ ਮਾਮਲੇ 'ਤੇ ਮੱਧ ਪ੍ਰਦੇਸ਼ ਸਰਕਾਰ ਤੋਂ ਰਿਪੋਰਟ ਮੰਗੀ ਹੈ, ਉਹ ਤਾਂ ਉਸ ਨੇ ਠੀਕ ਕੀਤਾ, ਪਰ ਉਸ ਤੋਂ ਪਹਿਲਾਂ ਇਹ ਵੀ ਤੈਅ ਕਰਨਾ ਚਾਹੀਦਾ ਹੈ ਕਿ ਮਨੁੱਖ ਕੌਣ ਹੈ ਤੇ ਅਧਿਕਾਰ ਕਿਸ ਦੇ ਹੁੰਦੇ ਹਨ? ਜਿਨ੍ਹਾਂ ਦੇ ਅਧਿਕਾਰ ਹੁੰਦੇ ਹਨ, ਉਨ੍ਹਾਂ ਦੇ ਕੁਝ ਫਰਜ਼ ਵੀ ਹੁੰਦੇ ਹਨ ਜਾਂ ਨਹੀਂ ਹੁੰਦੇ?

ਜੇਕਰ ਇਹ ਅੱਤਵਾਦੀ ਮਾਰੇ ਜਾਂ ਫੜੇ ਨਾ ਜਾਂਦੇ ਤਾਂ ਸਮਝ ਲਓ ਕਿ ਮੱਧ ਪ੍ਰਦੇਸ਼ ਦੀ ਸ਼ਿਵਰਾਜ ਚੌਹਾਨ ਅਤੇ ਕੇਂਦਰ ਦੀ ਮੋਦੀ ਸਰਕਾਰ 'ਤੇ ਏਨਾ ਜ਼ਬਰਦਸਤ ਹਮਲਾ ਹੁੰਦਾ ਕਿ ਉਨ੍ਹਾਂ ਦਾ ਜਿਊਣਾ ਹਰਾਮ ਹੋ ਜਾਂਦਾ। ਵਿਰੋਧੀ ਤਾਂ ਉਨ੍ਹਾਂ ਨੂੰ ਉਲਟਾ ਟੰਗਣ ਦੀ ਕੋਸ਼ਿਸ਼ ਕਰਦੇ ਹੀ, ਜਨਤਾ ਵਿਚ ਵੀ 56 ਇੰਚ ਦੀ ਛਾਤੀ ਦਾ ਮਜ਼ਾਕ ਉਡਦਾ। ਦੋਵੇਂ ਸਰਕਾਰਾਂ ਭਾਜਪਾ ਦੀਆਂ ਹਨ। ਭੁਪਾਲ ਦੀ ਸਜ਼ਾ ਦਿੱਲੀ ਨੂੰ ਵੀ ਭੁਗਤਨੀ ਪੈਂਦੀ। ਅੱਤਵਾਦੀਆਂ ਦੇ ਹੌਸਲੇ ਹੋਰ ਬੁਲੰਦ ਹੋ ਜਾਂਦੇ ਪਰ ਮੁੱਖ ਮੰਤਰੀ ਸ਼ਿਵਰਾਜ ਚੌਹਾਨ ਅਤੇ ਉਨ੍ਹਾਂ ਦੀ ਪੁਲੀਸ ਨੇ ਇਹ ਕੰਮ ਕਰ ਦਿਖਾਇਆ ਕਿ ਜਨਤਾ ਉਨ੍ਹਾਂ ਨੂੰ ਵਧਾਈਆਂ ਦੇ ਰਹੀ ਹੈ। ਪਰ ਇਨ੍ਹਾਂ ਵਧਾਈਆਂ ਨੇ ਅਨੇਕ ਬਿਆਨਵੀਰ ਨੇਤਾਵਾਂ ਨੂੰ ਨਿਰਾਸ਼ ਕਰ ਦਿੱਤਾ। ਫਿਰ ਵੀ ਉਹ ਮੰਨੇ ਨਹੀਂ। ਉਹ ਕਹਿਣ ਲੱਗੇ ਕਿ ਅੱਤਵਾਦੀਆਂ ਅਤੇ ਪੁਲੀਸ ਵਿਚਾਲੇ ਹੋਏ ਮੁਕਾਬਲੇ ਫਰਜ਼ੀ ਹਨ। ਪਹਿਲਾਂ ਵੀ ਉਨ੍ਹਾਂ ਨੇ ਪਾਕਿਸਤਾਨ ਖ਼ਿਲਾਫ਼ ਕੀਤੀ ਗਈ ਸਰਜੀਕਲ ਸਟਰਾਈਕ ਨੂੰ ਫਰਜ਼ੀਕਲ ਸਟਰਾਈਕ ਕਹਿ ਦਿੱਤਾ ਸੀ। ਭੁਪਾਲ ਕੋਲ ਈਂਟਖੇੜੀ ਵਿਚ ਜੋ ਹੋਇਆ ਹੈ, ਉਸ ਨੂੰ ਕਰੋੜਾਂ ਲੋਕ ਹੁਣ ਤਕ ਦੇਖ ਚੁੱਕੇ ਹਨ। ਇਸ ਮੁਕਾਬਲੇ ਬਾਰੇ ਵੀ ਕਈ ਸ਼ੱਕ ਖੜ੍ਹੇ ਹੋ ਗਏ ਹਨ। ਕਿਹਾ ਇਹ ਜਾ ਰਿਹਾ ਹੈ ਕਿ ਅੱਤਵਾਦੀਆਂ ਦਾ ਜੇਲ੍ਹ ਤੋੜ ਕੇ ਭੱਜਣਾ ਅਤੇ ਪੁਲੀਸ ਦਾ ਉਨ੍ਹਾਂ ਨੂੰ ਮਾਰ ਦੇਣਾ ਪਹਿਲਾਂ ਹੀ ਮਿੱਥੀ ਯੋਜਨਾ ਦਾ ਨਤੀਜਾ ਹੈ। ਇਸ ਦਾ ਕੀ ਅਰਥ ਕੱਢਿਆ ਜਾਵੇ? ਕੀ ਇਹ ਕੀ ਸੂਬਾ ਸਰਕਾਰ ਨੇ ਅੱਤਵਾਦੀਆਂ ਨੂੰ ਕਿਹਾ ਕਿ ਤੁਹਾਨੂੰ ਭੱਜ ਜਾਣ ਦਾ ਮੌਕਾ ਦਿੱਤਾ ਜਾਵੇਗਾ। ਅਸੀਂ ਤੁਹਾਨੂੰ ਨਵੇਂ ਕੱਪੜੇ, ਜੁੱਤੇ ਤੇ ਘੜੀਆਂ ਵਗੈਰਾ ਵੀ ਦੇ ਦਿੰਦੇ ਹਾਂ ਤਾਂ ਕਿ ਜਦੋਂ ਤੁਸੀਂ ਇਕੋ ਸਮੇਂ ਬਾਹਰ ਨਿਕਲੋ ਤਾਂ ਕੈਦੀਆਂ ਦੇ ਕੱਪੜਿਆਂ ਵਿਚ ਪਛਾਣੇ ਨਾ ਜਾਵੋ। ਉਧਰ ਪੁਲੀਸ ਨੂੰ ਵੀ ਸਾਵਧਾਨ ਕਰ ਦਿੱਤਾ ਕਿ ਤੁਸੀਂ ਤਿਆਰੀ ਰੱਖਣਾ। ਜਿਵੇਂ ਹੀ ਇਹ ਕੈਦੀ ਭੱਜੇ, ਸਰਕਾਰ ਨੇ ਉਨ੍ਹਾਂ ਦੇ ਪਿਛੇ ਪੁਲੀਸ ਦੌੜਾ ਦਿੱਤੀ ਅਤੇ ਪੁਲੀਸ ਨੇ ਉਨ੍ਹਾਂ ਨਿਹੱਥੇ ਅੱਤਵਾਦੀਆਂ ਨੂੰ ਮਾਰ ਦਿੱਤਾ। ਇਹ ਨਾਟਕ ਇਸ ਲਈ ਰਚਿਆ ਗਿਆ ਕਿ ਮੋਦੀ ਸਰਕਾਰ ਦੀ ਦਿਖ ਚਮਕਾਉਣੀ ਹੈ, ਉਤਰ ਪ੍ਰਦੇਸ਼ ਦੀ ਚੋਣ ਜਿੱਤਣੀ ਹੈ ਤੇ ਜਨਤਾ ਨੂੰ ਇਹ ਦੱਸਣਾ ਹੈ ਕਿ ਇਹ 56 ਇੰਚ ਦੀ ਛਾਤੀ ਵਾਲੀ ਸਰਕਾਰ ਹੈ। ਕੀ ਕਿਸੇ ਖੁੱਲ੍ਹੇ ਲੋਕਤੰਤਰ ਵਿਚ ਏਨੀ ਡੂੰਘੀ ਸਾਜ਼ਿਸ਼ ਲੁਕੀ ਰਹਿ ਸਕਦੀ ਹੈ? ਅਜਿਹੀ ਸਾਜ਼ਿਸ਼ ਦੀ ਕਲਪਨਾ ਹੀ ਕਿਸੇ ਦਿਮਾਗੀ ਫਿਤੂਰ ਤੋਂ ਘੱਟ ਨਹੀਂ ਹੈ। ਇਹ ਠੀਕ ਹੈ ਕਿ ਪੁਲੀਸ ਇਕਤਰਫ਼ਾ ਮੁਕਾਬਲਾ ਕਰਦੀ ਰਹਿੰਦੀ ਹੈ ਤੇ ਕਈ ਵਾਰ ਮਾਸੂਮ ਅਤੇ ਨਿਹੱਥੇ ਲੋਕ ਵੀ ਮਾਰੇ ਜਾਂਦੇ ਹਨ। ਅਜਿਹੇ ਮਾਮਲਿਆਂ ਦੀ ਕਠੋਰ ਤੇ ਨਿਰਪੱਖ ਜਾਂਚ ਜ਼ਰੂਰ ਹੋਣੀ ਚਾਹੀਦੀ ਹੈ ਤੇ ਉਨ੍ਹਾਂ 'ਤੇ ਤਿੱਖੇ ਸਵਾਲ ਵੀ ਪੁਛੇ ਜਾਣੇ ਚਾਹੀਦੇ ਹਨ ਪਰ ਕੀ ਇਹ ਅੱਤਵਾਦੀ ਬੇਕਸੂਰ ਸਨ? ਉਨ੍ਹਾਂ ਨੇ ਅੱਤਵਾਦੀਆਂ ਦੇ ਨਾਤੇ ਕਿੰਨੇ ਭਿਆਨਕ ਜੁਰਮ ਕੀਤੇ ਹਨ, ਇਹ ਤਾਂ ਅਦਾਲਤਾਂ ਨੇ ਤੈਅ ਕਰਨਾ ਸੀ। ਹੋ ਸਕਦਾ ਹੈ ਕਿ ਉਨ੍ਹਾਂ ਵਿਚੋਂ ਕੁਝ ਬੇਗੁਨਾਹ ਵੀ ਸਿੱਧ ਹੋ ਜਾਂਦੇ ਪਰ ਉਨ੍ਹਾਂ ਨੇ ਜੇਲ੍ਹ 'ਚੋਂ ਭੱਜਦੇ ਸਮੇਂ ਜੋ ਕੀਤਾ, ਕੀ ਇਹ ਉਨ੍ਹਾਂ ਨੂੰ ਬੇਕਸੂਰ ਰਹਿਣ ਦਿੰਦਾ ਹੈ? ਉਨ੍ਹਾਂ ਸਾਰਿਆਂ ਨੇ ਮਿਲ ਕੇ ਹੌਲਦਾਰ ਯਾਦਵ ਦੀ ਹੱਤਿਆ ਕੀਤੀ, ਇਕ ਜਵਾਨ ਨੂੰ ਮਾਰ-ਮਾਰ ਕੇ ਅਧਮਰਿਆ ਕਰ ਦਿੱਤਾ, ਜੇਲ੍ਹ ਦੀ ਦੀਵਾਰ ਅਤੇ ਜੰਦਰੇ ਤੋੜ ਦਿੱਤੇ ਤੇ ਦੀਵਾਰ ਕੁੱਦ ਕੇ ਭੱਜ ਨਿਕਲੇ। ਏਨਾ ਹੀ ਨਹੀਂ, ਘੇਰੇ ਜਾਣ 'ਤੇ ਉਹ ਹਤਿਆਰੇ ਆਤਮ-ਸਮਰਪਣ ਕਰ ਦਿੰਦੇ ਤਾਂ ਉਨ੍ਹਾਂ ਨੂੰ ਚਪੇੜ ਮਾਰਨਾ ਵੀ ਗ਼ਲਤ ਹੁੰਦਾ, ਪਰ ਉਨ੍ਹਾਂ ਨੇ ਪੁਲੀਸ ਦਾ ਮੁਕਾਬਲਾ ਕੀਤਾ, ਭੱਜਣ ਦੀ ਕੋਸ਼ਿਸ਼ ਕੀਤੀ ਤੇ ਪੱਥਰਾਂ ਨਾਲ ਵਾਰ ਕੀਤਾ। ਉਨ੍ਹਾਂ ਕੋਲ ਹਥਿਆਰ ਸਨ ਜਾਂ ਨਹੀਂ, ਇਸ 'ਤੇ ਵੱਖ ਵੱਖ ਤੱਥ ਸਾਹਮਣੇ ਆ ਰਹੇ ਹਨ, ਪਰ ਉਨ੍ਹਾਂ ਨੇ ਗੋਲੀਆਂ ਚਲਾਈਆਂ ਜਾਂ ਨਹੀਂ, ਜੇਕਰ ਪੁਲੀਸ ਉਨ੍ਹਾਂ ਦਾ ਕੰਮ ਤਮਾਮ ਨਾ ਕਰਦੀ ਤਾਂ ਕੀ ਕਰਦੀ? ਉਨ੍ਹਾਂ ਵਿਚੋਂ ਇਕ-ਅੱਧ ਬਚ ਜਾਂਦਾ ਤਾਂ ਬਿਹਤਰ ਹੁੰਦਾ, ਪਰ ਮੁਕਾਬਲੇ ਵੇਲੇ ਏਨਾ ਹੋਸ਼ ਕਿਸ ਨੂੰ ਰਹਿੰਦਾ ਹੈ? ਜਾਂ ਤਾਂ ਤੁਸੀਂ ਉਨ੍ਹਾਂ ਨੂੰ ਮਾਰੋ ਜਾਂ ਖ਼ੁਦ ਮਰੋ!

ਕੁਝ ਨੇਤਾਵਾਂ ਨੇ ਇਹ ਸਵਾਲ ਵੀ ਪੁਛਿਆ ਹੈ ਕਿ ਸਿਰਫ਼ ਮੁਸਲਮਾਨ ਕੈਦੀਆਂ ਨੂੰ ਹੀ ਕਿਉਂ ਮਰਵਾਇਆ ਗਿਆ? ਇਸ ਤਰਕ 'ਤੇ ਕੀ ਕਿਹਾ ਜਾਵੇ? ਜਦੋਂ ਨੇਤਾਵਾਂ ਨੇ ਦੇਖਿਆ ਕਿ ਉਨ੍ਹਾਂ ਦੇ ਹੋਰਨਾਂ ਬਚਗਾਨਾ ਸਵਾਲਾਂ 'ਤੇ ਲੋਕ ਹੱਸ ਰਹ ਹਨ ਤਾਂ ਉਨ੍ਹਾਂ ਨੇ ਆਪਣੇ ਖਾਲੀ ਤਰਕਸ਼ 'ਚੋਂ ਇਹ ਤੀਰ ਕੱਢਿਆ। ਇਸ ਸਾਰੀ ਘਟਨਾ ਨੂੰ ਫਿਰਕੂ ਰੰਗ ਵਿਚ ਰੰਗਣ ਵਾਲੇ ਨੇਤਾ ਇਹ ਭੁੱਲ ਜਾਂਦੇ ਹਨ ਕਿ ਅਜਿਹਾ ਤਰਕ ਕਰਕੇ ਉਹ ਭਾਜਪਾ ਦੇ ਵੋਟ-ਬੈਂਕ ਨੂੰ ਮਜ਼ਬੂਤ ਕਰ ਰਹੇ ਹਨ। ਇਸ ਤੋਂ ਇਲਾਵਾ ਉਹ ਦੇਸ਼ ਦੇ ਕਰੋੜਾਂ ਦੇਸ਼ ਭਗਤ ਮੁਸਲਮਾਨਾਂ ਨਾਲ ਅਣਜਾਣੇ ਹੀ ਦੁਸ਼ਮਣੀ ਕਰ ਰਹੇ ਹਨ। ਇਨ੍ਹਾਂ ਅੱਤਵਾਦੀਆਂ ਨੂੰ ਦੇਸ਼ ਦੇ ਮੁਸਲਮਾਨਾਂ ਨਾਲ ਸਿੱਧਾ ਜੋੜ ਰਹੇ ਹਨ। ਉੜੀਸਾ ਵਿਚ ਕੁਝ ਦਿਨ ਪਹਿਲਾਂ ਹੋਏ ਮੁਕਾਬਲੇ ਵਿਚ ਕਈ ਅੱਤਵਾਦੀ ਮਾਰੇ ਗਏ। ਕੀ ਇਹ ਮੁਸਲਮਾਨ ਸਨ? ਇਹ ਨਕਸਲੀ ਸਨ ਤੇ ਹਿੰਦੂ ਸਨ। ਉਦੋਂ ਤਾਂ ਕਿਸੇ ਨੇਤਾ ਦਾ ਮੂੰਹ ਵੀ ਨਹੀਂ ਖੁੱਲ੍ਹਿਆ। ਕਿਉਂ? ਕਿਉਂਕਿ ਉਹ ਮੂੰਹ ਖੋਲ੍ਹਦੇ ਤਾਂ ਉਸ ਵਿਚ ਸਿਆਸੀ ਹਲਵਾ-ਪੂਰੀ ਨਹੀਂ ਮਿਲਣੀ ਸੀ। ਭੁਪਾਲ ਦੇ ਮੁਕਾਬਲੇ ਨੇ ਵੀ ਉਨ੍ਹਾਂ ਦੀ ਹਲਵਾ-ਪੂਰੀ ਖੋਹ ਲਈ, ਪਰ ਹੁਣ ਉਹ ਤਰਕਾਂ ਦੇ ਚਨੇ-ਮੁਰਮਰੇ ਨਾਲ ਆਪਣਾ ਢਿੱਡ ਭਰ ਰਹੇ ਹਨ। ਇਹ ਠੀਕ ਹੈ ਕਿ ਇਸ ਮੁੱਦੇ 'ਤੇ ਆਮ ਲੋਕ ਵਿਰੋਧੀਆਂ ਦੇ ਖੋਖਲੇ ਤਰਕਾਂ 'ਤੇ ਧਿਆਨ ਨਹੀਂ ਦੇ ਰਹੇ ਤੇ ਅੱਤਵਾਦੀਆਂ ਦੀ ਹੱਤਿਆ 'ਤੇ ਸੰਤੋਸ਼ ਪ੍ਰਗਟ ਕਰ ਰਹੇ ਹਨ ਪਰ ਸਭ ਇਹ ਜਾਣਨਾ ਚਾਹੁੰਦੇ ਹਨ ਕਿ ਸੂਬਿਆਂ ਦੀਆਂ ਇਹ ਜੇਲ੍ਹਾਂ, ਜੇਲ੍ਹਾਂ ਹਨ ਜਾਂ ਧਰਮਸ਼ਾਲਾਵਾਂ ਹਨ? ਇਨ੍ਹਾਂ ਵਿਚ ਗ੍ਰਿਫ਼ਤਾਰ ਅਪਰਾਧੀ ਵੀ ਨੇਤਾਵਾਂ ਵਾਂਗ ਮੌਜ-ਮਜ਼ੇ ਕਰਦੇ ਹਨ ਤੇ ਜਦੋਂ ਚਾਹੇ ਜੇਲ੍ਹ ਤੋੜ ਕੇ ਫਰਾਰ ਹੋ ਜਾਂਦੇ ਹਨ। ਇਸ ਲਾਪ੍ਰਵਾਹੀ ਦੀ ਜਾਂਚ ਸਿਰਫ਼ ਮੱਧ ਪ੍ਰਦੇਸ਼ ਦੀ ਹੀ ਨਹੀਂ, ਭਾਰਤ ਦੀਆਂ ਸਾਰੀਆਂ ਜੇਲ੍ਹਾਂ ਬਾਰੇ ਹੋਣੀ ਚਾਹੀਦੀ ਹੈ।

**(ਲੇਖਕ ਭਾਰਤੀ ਵਿਦੇਸ਼ ਨੀਤੀ ਪ੍ਰੀਸ਼ਦ ਦੇ ਮੁਖੀ ਹਨ)**

# ਕਾਂਗਰਸ ਨੇ ਰਾਹੁਲ ਗਾਂਧੀ ਨੂੰ ਪ੍ਰਧਾਨ ਬਣਾਉਣ ਦਾ ਪ੍ਰਸਤਾਵ ਸੋਨੀਆ ਗਾਂਧੀ ਨੂੰ ਭੇਜਿਆ

### 130 ਸਾਲ ਬਾਅਦ ਪਹਿਲੀ ਵਾਰ ਵਰਕਿੰਗ ਕਮੇਟੀ ਨੇ ਕਿਸੇ ਨਾਂ ਦੀ ਸਿਫ਼ਾਰਸ਼ ਕੀਤੀ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਰਾਹੁਲ ਗਾਂਧੀ ਦਾ ਕਾਂਗਰਸ ਪਾਰਟੀ ਦਾ ਕੌਮੀ ਪ੍ਰਧਾਨ ਬਣਨਾ ਲਗਭਗ ਤੈਅ ਹੋ ਗਿਆ ਹੈ। ਹਾਲੇ ਇਸ ਦਾ ਰਸਮੀ ਐਲਾਨ ਹੋਣਾ ਬਾਕੀ ਹੈ। ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਇਸ ਸਬੰਧੀ ਸਹਿਮਤੀ ਪ੍ਰਗਟਾਈ ਗਈ। 130 ਸਾਲ ਪੁਰਾਣੀ ਕਾਂਗਰਸ ਵਿਚ ਪਹਿਲੀ ਵਾਰ ਵਰਕਿੰਗ ਕਮੇਟੀ ਨੇ ਇਕ ਸੁਰ ਹੋ ਕੇ ਕਿਸੇ ਨੇਤਾ ਦੇ ਨਾਂ ਦੀ ਸਿਫ਼ਾਰਸ਼ ਕੀਤੀ ਹੈ। ਇਸ ਮੀਟਿੰਗ ਵਿੱਚ ਮੌਜੂਦਾ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਗ਼ੈਰਹਾਜ਼ਰ ਸਨ। ਇਸੇ ਦੌਰਾਨ ਰਾਹੁਲ ਗਾਂਧੀ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਦੇਸ਼ ਵਾਸੀਆਂ ਨੂੰ ਮਿਲੇ ਮੁੱਢਲੇ ਅਧਿਕਾਰਾਂ ਅਤੇ ਆਜ਼ਾਦੀ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤੇ ਜਮਹੂਰੀਅਤ ਕਾਲੇ ਦੌਰ ਵਿਚੋਂ ਲੰਘ ਰਹੀ ਹੈ। ਚਾਰ ਘੰਟੇ ਚੱਲੀ ਕਮੇਟੀ ਦੀ ਮੀਟਿੰਗ ਵਿੱਚ ਜਦੋਂ ਸੀਨੀਆਰ ਆਗੂ ਏ.ਕੇ. ਐਂਟਨੀ ਨੇ



ਰਾਹੁਲ ਗਾਂਧੀ ਨੂੰ ਇਸ 130 ਸਾਲ ਪੁਰਾਣੀ ਪਾਰਟੀ ਦਾ ਪ੍ਰਧਾਨ ਬਣਾਏ ਜਾਣ ਦੀ ਗੱਲ ਆਖੀ ਤਾਂ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਸਮੇਤ ਸਾਰੇ ਮੈਂਬਰਾਂ ਨੇ ਸਹਿਮਤੀ ਪ੍ਰਗਟਾਈ। ਮੀਡੀਆ ਨੂੰ ਸੰਬੋਧਨ ਕਰਦਿਆਂ ਸ੍ਰੀ ਐਂਟਨੀ ਨੇ ਕਿਹਾ ਕਿ ਕਰੋੜਾਂ ਕਾਂਗਰਸੀ ਵਰਕਰਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਕਮੇਟੀ ਮੈਂਬਰਾਂ ਨੇ ਰਾਹੁਲ ਨੂੰ ਪਾਰਟੀ ਪ੍ਰਧਾਨ ਬਣਾਉਣ ਸਬੰਧੀ ਹਾਮੀ ਭਰੀ ਹੈ। ਇਸ ਦੌਰਾਨ ਕਾਂਗਰਸ ਵਰਕਿੰਗ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਰਾਹੁਲ ਗਾਂਧੀ ਨੇ ਕਿਹਾ ਕਿ ਵਿਚਾਰਾਂ ਦੀ ਆਜ਼ਾਦੀ ਨੂੰ ਖ਼ਤਮ ਕਰਨ ਦੇ ਮੋਦੀ ਸਰਕਾਰ ਦੇ ਯਤਨਾਂ ਦਾ ਵਿਰੋਧ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਰਤ ਦੀ ਜਮਹੂਰੀਅਤ ਇਸ ਵੇਲੇ ਆਪਣੇ ਸਭ ਤੋਂ ਕਾਲੇ ਦੌਰ ਵਿਚੋਂ ਲੰਘ ਰਹੀ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੂੰ ਸਵਾਲ ਬਿਲਕੁਲ ਪਸੰਦ ਨਹੀਂ ਹਨ, ਕਿਉਂਕਿ ਸਰਕਾਰ ਕੋਲ ਜਵਾਬ ਹੀ ਨਹੀਂ ਹਨ।

# ਸਿਆਸੀ ਜੰਗਾਂ ਜਿੱਤਣ ਲਈ ਜਰਨੈਲਾਂ 'ਤੇ ਟੇਕ ਕਿਉਂ ?

**ਜਦੋਂ ਅਸੀਂ 'ਸੁਰੱਖਿਆ ਬਲਾਂ' ਨੂੰ ਆਪਣੀ ਮਰਜ਼ੀ ਕਰਨ ਦੀ ਇਜਾਜ਼ਤ ਦੇ ਦਿੱਤੀ, ਤਾਂ ਜਿਨ੍ਹਾਂ ਹੋਰਨਾਂ ਬਲਾਂ ਵਿੱਚ ਹਿੰਸਾ ਆਰੰਭਣ ਤੇ ਭੜਕਾਉਣ ਦੀ ਸਮਰੱਥਾ ਹੈ, ਉਨ੍ਹਾਂ ਦਾ ਵੀ ਰੁਖ਼ ਅਜਿਹਾ ਹੀ ਹੋ ਜਾਣਾ ਸੁਭਾਵਕ ਹੈ। ਜੇ ਫ਼ੌਜ ਪਾਕਿਸਤਾਨੀਆਂ ਦੇ ਨੱਕ ਭੰਨ ਸਕਦੀ ਹੈ, ਤਾਂ ਸੀਮਾ ਸੁਰੱਖਿਆ ਬਲ ਭਾਵ ਬੀ.ਐਸ. ਐਫ਼. ਵੀ ਇੰਝ ਕਰ ਸਕਦੀ ਹੈ ਅਤੇ ਜੇ ਬੀ.ਐਸ. ਐਫ਼. ਨੂੰ ਲੋੜ ਤੋਂ ਵੱਧ ਪ੍ਰਤੀਕਰਮ ਪ੍ਰਗਟਾਉਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ, ਤਦ ਪੁਲੀਸ ਦੇ ਜਵਾਨ ਭੁਪਾਲ ਵਿਚ ਗੋਲੀਬਾਰੀ ਕਰ ਕੇ 'ਸਿਮੀ' (ਸਟੂਡੈਂਟਸ ਇਸਲਾਮਿਕ ਮੂਵਮੈਂਟ ਆੱਫ਼ ਇੰਡੀਆ) ਦੇ ਮੁੰਡਿਆਂ ਨੂੰ ਕਿਉਂ ਨਹੀਂ ਮਾਰ ਸਕਦੇ ?**





**ਹਰੀਸ਼ ਖਰੇ**

ਦੀਵਾਲੀ ਵਾਲੇ ਦਿਨ ਸਵੇਰੇ 9:17 ਵਜੇ ਫ਼ੋਨ 'ਤੇ ਇੱਕ ਟੈਕਸਟ-ਸੁਨੇਹਾ ਆ ਜਾਂਦਾ ਹੈ: "ਦੀਵਾਲੀ ਮੁਬਾਰਕ! ਯੁਵਾ ਮਾਮਲਿਆਂ ਅਤੇ ਖੇਡਾਂ ਬਾਰੇ ਰਾਜ ਮੰਤਰੀ ਸ੍ਰੀ ਵਿਜੇ ਗੋਇਲ ਫ਼ੌਜੀ ਜਵਾਨਾਂ ਨਾਲ ਦੀਵਾਲੀ ਮਨਾਉਣਗੇ ਅੱਜ ਦਿਨੇ 11:30 ਵਜੇ, ਰਾਜਪੂਤਾਨਾ ਰਾਈਫ਼ਲਜ਼ ਰੈਜੀਮੈਂਟਲ ਸੈਂਟਰ, ਦਿੱਲੀ ਛਾਉਣੀ। ਕਿਰਪਾ ਕਰ ਕੇ ਕਵਰ ਕਰੋ।" ਫਿਰ ਸ਼ਾਮੀਂ ਇੱਕ ਹੋਰ ਟੈਕਸਟ-ਸੁਨੇਹਾ ਆਉਂਦਾ ਹੈ: "ਕਿਰਪਾ ਕਰ ਕੇ ਪ੍ਰੈੱਸ ਰਿਲੀਜ਼ ਲਈ ਆਪਣਾ ਮੇਲ-ਬਾੱਕਸ ਚੈੱਕ ਕਰੋ' ਵਿਜੇ ਗੋਇਲ ਨੇ ਫ਼ੌਜੀ ਜਵਾਨਾਂ ਨਾਲ ਦੀਵਾਲੀ ਮਨਾਈ। ਸਮਾਰੋਹ ਦੀਆਂ ਤਸਵੀਰਾਂ ਵੀ ਨਾਲ ਹਨ।

ਅਜਿਹੇ ਸੁਨੇਹਿਆਂ ਤੋਂ ਇਹ ਯਕੀਨ ਹੋਣਾ ਸੁਭਾਵਕ ਹੀ ਹੈ ਕਿ ਕੇਂਦਰੀ ਕੈਬਨਿਟ ਦੇ 60 ਹੋਰ ਮੈਂਬਰ ਵੀ ਕਿਸੇ ਇਸ ਜਾਂ ਉਸ ਫ਼ੌਜੀ ਯੂਨਿਟ ਨਾਲ ਇਸੇ ਤਰ੍ਹਾਂ ਦੀਵਾਲੀ ਧੂਮ-ਧਾਮ ਨਾਲ ਮਨਾ ਰਹੇ ਹੋਣਗੇ। ਅਜਿਹੇ ਹੱਦੋਂ ਵੱਧ ਦੇ ਲੋਕ-ਸੰਪਰਕ ਲਈ ਕੋਈ ਉਨ੍ਹਾਂ ਦੀ ਝਾੜ-ਝੰਬ ਵੀ ਨਹੀਂ ਕਰ ਸਕਦਾ ਕਿਉਂਕਿ ਉਨ੍ਹਾਂ ਨੂੰ ਇਹ ਸਭ ਕਰਨ ਦੀਆਂ ਬਾਕਾਇਦਾ ਹਦਾਇਤਾਂ ਜਾਰੀ ਹੋਈਆਂ ਹਨ। ਦਰਅਸਲ, ਦੀਵਾਲੀ ਤੋਂ ਕਈ ਦਿਨ ਪਹਿਲਾਂ ਅਜਿਹੇ ਇਸ਼ਤਿਹਾਰ ਆਉਣੇ ਸ਼ੁਰੂ ਹੋ ਗਏ ਸਨ, ਜੋ ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਵਿੱਢੀ ਮੁਹਿੰਮ 'ਫ਼ੌਜੀ ਜਵਾਨਾਂ ਨੂੰ ਸੰਦੇਸ਼' ਵੱਲ ਦਿਵਾਉਂਦੇ ਸਨ। ਇਹ ਆਮ ਨਾਗਰਿਕਾਂ ਉੱਤੇ ਦਬਾਅ ਪਾ ਕੇ ਇਹ ਚੇਤੇ ਕਰਵਾਉਂਦੇ ਸਨ ਕਿ ਇਸ ਦੀਵਾਲੀ ਨੂੰ ਚੇਤੇ ਕਰੋ 'ਸਾਡੇ ਬਹਾਦਰ ਜਵਾਨਾਂ ਨੂੰ, ਜੋ ਸਾਡੇ ਰਾਸ਼ਟਰ ਦੀ ਨਿਰੰਤਰ ਰਾਖੀ ਕਰਦੇ ਹੋ। ਲੱਖਾਂ ਲੋਕ ਪਹਿਲਾਂ ਹੀ ਆਪਣੇ ਸੁਨੇਹੇ ਭੇਜ ਚੁੱਕੇ ਹਨ, ਕੀ ਤੁਸੀਂ ਭੇਜਿਆ ਹੈ ?'

ਕੁਝ ਦਿਨ ਪਹਿਲਾਂ ਸੁਣਿਆ ਸੀ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਾਰੇ ਅਧਿਕਾਰੀਆਂ ਨੂੰ ਹੁਕਮ ਦਿੱਤਾ ਸੀ ਕਿ ਫ਼ੌਜੀ ਤੇ ਸਾਬਕਾ-ਫ਼ੌਜੀ ਜਦੋਂ ਵੀ ਕਦੇ ਸਰਕਾਰੀ ਦਫ਼ਤਰਾਂ ਵਿਚ ਆਉਣ, ਤਾਂ ਉਨ੍ਹਾਂ ਦਾ ਯੋਗ ਸਤਿਕਾਰ ਕੀਤਾ ਜਾਵੇ। 'ਇਕਨੌਮਿਕ ਟਾਈਮਜ਼' (27 ਅਕਤੂਬਰ) ਨੇ ਇੱਕ ਖ਼ਬਰ ਪ੍ਰਕਾਸ਼ਤ ਕੀਤੀ ਸੀ ਕਿ ਭਾਰਤੀ ਜਨਤਾ ਪਾਰਟੀ ਕਿਵੇਂ ਉੱਤਰ ਪ੍ਰਦੇਸ਼ ਵਿੱਚ ਫ਼ੌਜੀ ਜਵਾਨਾਂ ਦੇ ਪਰਿਵਾਰਾਂ ਨੂੰ ਦੀਵਾਲੀ ਦੀਆਂ ਵਧਾਈਆਂ ਭੇਜਣ ਦੀਆਂ ਤਿਆਰੀਆਂ ਕਰ ਰਹੀ ਹੈ। ਜ਼ਾਹਰ ਹੈ ਪੰਜਾਬ ਅਤੇ ਉੱਤਰ ਪ੍ਰਦੇਸ਼-ਦੋਵਾਂ ਹੀ ਸੂਬਿਆਂ ਵਿੱਚ ਕੁਝ ਮਹੀਨਿਆਂ ਵਿਚ ਵਿਧਾਨ ਸਭਾ ਚੋਣਾਂ ਹੋਣੀਆਂ ਤੈਅ ਹਨ।

ਇਹ ਕੁਝ ਮੁੱਕਿਆ ਹੀ ਸੀ ਕਿ ਦੀਵਾਲੀ ਤੋਂ ਕੁਝ ਦਿਨਾਂ ਬਾਅਦ, ਫ਼ੌਜ ਦੇ ਇੱਕ ਸੇਵਾਮੁਕਤ ਸੂਬੇਦਾਰ ਨੇ 'ਇੱਕ ਰੈਂਕ, ਇੱਕ ਪੈਨਸ਼ਨ' (ਓ.ਆਰ.ਓ.ਪੀ.) ਦੀ ਮੰਗ ਦੇ ਹੱਕ ਵਿੱਚ ਖ਼ੁਦਕੁਸ਼ੀ ਕਰ ਲਈ। ਫ਼ੌਜ ਵਿਚੋਂ ਸੇਵਾਮੁਕਤ ਇੱਕ ਵਿਅਕਤੀ ਖ਼ੁਦਕੁਸ਼ੀ ਕਰ ਲਵੇ, ਇਹ ਬਹੁਤ ਦੁਖਦਾਈ ਗੱਲ ਹੈ; ਇਹ ਗੱਲ ਹੋਰ ਵੀ ਉਦਾਸ ਕਰ ਦੇਣ ਵਾਲੀ ਅਤੇ ਕੋਝੀ ਹੈ ਕਿ ਪੇਸ਼ੇਵਰਾਨਾ ਸਿਆਸੀ ਆਗੂ ਇਸ ਦੁਖਾਂਤ ਤੋਂ ਸਿਆਸੀ ਲਾਹਾ ਲੈਣ ਦੀ ਹੋੜ ਵਿੱਚ ਤੁਰਤ-ਫੁਰਤ ਪੈ ਗਏ। ਇਸ ਤੋਂ ਪਹਿਲਾਂ ਗ਼ੈਰ-ਭਾਜਪਾ ਸਿਆਸੀ ਆਗੂ 'ਖ਼ੂਨ ਕੀ ਦਲਾਲੀ' ਦੀਆਂ ਗੱਲਾਂ ਕਰ ਕੇ ਸਰਕਾਰ ਨੂੰ ਤਾਅਨੇ-ਮਿਹਣੇ ਦੇ ਰਹੇ ਸਨ, ਹੁਣ ਭਾਜਪਾ ਦੀ ਵਾਰੀ ਅਜਿਹਾ ਭਰਮ ਪੈਦਾ ਕਰਨ ਦੀ ਹੈ ਕਿ ਸਾਬਕਾ ਫ਼ੌਜੀ ਦੀ ਖ਼ੁਦਕੁਸ਼ੀ ਕਿਹੜੀ ਕੋਈ ਉਤੇਜਿਤ ਹੋਣ ਵਾਲੀ ਗੱਲ ਹੈ ਅਤੇ ਅਜਿਹੀ ਮੌਤ ਦਾ ਸਿਆਸੀਕਰਨ ਮਾੜੀ ਗੱਲ ਹੈ।

ਸਰਕਾਰ ਵੱਲੋਂ ਫ਼ੌਜੀਆਂ ਦੀ ਆਸਾਧਾਰਨ ਮਹਿਮਾ ਅਤੇ ਫ਼ੌਜੀ ਕਦਰਾਂ-ਕੀਮਤਾਂ ਤੇ ਜਜ਼ਬੇ ਦੇ ਗੁਣਗਾਨ ਨੂੰ ਜਮਹੂਰੀ ਆਵਾਜ਼ਾਂ ਅਤੇ ਜਮਹੂਰੀ ਸੋਚ ਵਾਲੇ ਲੋਕ ਕਿਵੇਂ ਵੇਖਦੇ ਹਨ ? ਕੀ ਅਸੀਂ ਸੰਸਥਾਗਤ ਤਰਜੀਹਾਂ ਦੇ ਸਮੁੱਚੇ ਦਰਸ਼ਨ ਨੂੰ ਮੁੜ-ਵਿਵਸਥਿਤ ਕਰਨ ਦੇ ਅਮਲ ਵਿੱਚ ਹਾਂ ? ਉਦਾਹਰਣ ਵਜੋਂ, ਆਮਦਨ ਟੈਕਸ ਵਿਭਾਗ ਦੀ ਇਸ਼ਤਿਹਾਰਬਾਜ਼ੀ ਦਾ ਰੌਂਅ ਵੇਖੋ : ਇਸ ਨੇ ਇਸ਼ਤਿਹਾਰ ਪ੍ਰਕਾਸ਼ਤ ਕਰਵਾਏ ਹਨ, ਜਿਨ੍ਹਾਂ ਵਿੱਚ ਇੱਕ ਫ਼ੌਜੀ ਜਵਾਨ ਅਤਿਅੰਤ ਖ਼ਤਰਨਾਕ ਤੇ ਜੋਖ਼ਿਮ ਭਰਪੂਰ ਪਹਾੜੀ ਸਰਹੱਦ 'ਤੇ ਚੌਕਸ ਖੜ੍ਹਾ ਹੈ। ਇਸ਼ਤਿਹਾਰ ਕਹਿੰਦਾ ਹੈ, "ਉਹ ਆਪਣਾ ਫ਼ਰਜ਼ ਨਿਭਾ ਰਿਹਾ ਹੈ, ਕੀ ਤੁਸੀਂ ਵੀ ਆਪਣੇ ਫ਼ਰਜ਼ ਨਿਭਾਉਂਦੇ ਹੋ ?" ਇੱਥੇ ਸ਼ਬਦ 'ਉਹ' ਫ਼ੌਜੀ ਜਵਾਨ ਲਈ ਵਰਤਿਆ ਗਿਆ ਹੈ ਅਤੇ 'ਤੁਸੀਂ' 'ਟੈਕਸ ਕਟੌਤੀਕਾਰਾਂ' ਲਈ ਹੈ, ਜਿਨ੍ਹਾਂ ਨੂੰ ਸਖ਼ਤੀ ਨਾਲ ਇਹ ਚੇਤੇ ਕਰਵਾਇਆ ਗਿਆ ਹੈ ਕਿ ਉਨ੍ਹਾਂ ਨੂੰ ਟੀ.ਡੀ.ਐਸ. ਕਾਰਜ-ਵਿਧੀਆਂ ਦੀ ਪੂਰੀ ਤਰ੍ਹਾਂ ਪਾਲਣਾ ਕਰਨੀ ਚਾਹੀਦੀ ਹੈ।

ਨਵੀਂ ਸਿਵਲੀਅਨ -ਫ਼ੌਜੀ ਕੈਮਿਸਟਰੀ ਦਾ ਇਹ ਜ਼ਾਬਤਾ ਕੋਈ ਬਹੁਤਾ ਗੁੰਝਲਦਾਰ ਨਹੀਂ ਹੈ। ਫ਼ੌਜੀ ਅਤੇ ਉਸ ਦੀ ਸ਼ਹਾਦਤ ਤੋਂ ਉਚਿਤਤਾ, ਸਿਆਸੀ ਸਨਮਾਨਯੋਗਤਾ ਅਤੇ ਚੋਣ-ਲਾਹੇ ਲੈਣ ਦੇ ਯਤਨ ਕੀਤੇ ਜਾ ਰਹੇ ਹਨ। ਫ਼ੌਜ ਅਤੇ ਹੋਰ ਸੁਰੱਖਿਆ ਬਲਾਂ ਨੂੰ ਬਿਨਾਂ ਸੋਚੇ-ਸਮਝੇ ਨਵੇਂ ਖ਼ਗੋਲ, ਨਵੇਂ ਸਨਮਾਨ ਤੇ ਨਵੀਂ ਖ਼ੁਦਮੁਖ਼ਤਿਆਰੀ ਨਾਲ ਲੈਸ ਕੀਤਾ ਜਾ ਰਿਹਾ ਹੈ।

ਸਰਜੀਕਲ ਹਮਲਿਆਂ ਦੇ ਬਾਅਦ ਦੇ ਦਿਨਾਂ ਦੌਰਾਨ, ਵਿਭਿੰਨ ਮੰਤਰੀਆਂ ਅਤੇ ਅਧਿਕਾਰਤ ਬੁਲਾਰਿਆਂ ਨੇ ਇਹ ਸਪਸ਼ਟ ਕਰ ਦਿੱਤਾ ਹੈ: (1) ਇਹ ਫ਼ੈਸਲਾ ਫ਼ੌਜ ਨੇ ਲੈਣਾ ਹੈ ਕਿ ਪਾਕਿਸਤਾਨ ਦੇ ਅਹਿਮਕਾਨਾ ਦਾਅਵੇ ਕਿ 'ਸਰਹੱਦ ਪਾਰ ਤੋਂ ਕੋਈ ਹਮਲੇ ਨਹੀਂ ਹੋਏ', ਦੇ ਸਬੂਤ ਦੇਣੇ ਹਨ ਜਾਂ ਨਹੀਂ; (2) ਇਹ ਫ਼ੈਸਲਾ ਫ਼ੌਜ ਨੇ ਲੈਣਾ ਹੈ ਕਿ ਪਾਕਿਸਤਾਨ ਵੱਲੋਂ ਕੀਤਆਂ ਜਾਣ ਵਾਲੀਆਂ ਭੜਕਾਹਟ ਭਰੀਆਂ ਕਾਰਵਾਈਆਂ, ਜੇ ਕੋਈ ਹੁੰਦੀਆਂ ਹਨ, ਦਾ ਜਵਾਬ ਕਿਵੇਂ ਦਿੱਤਾ ਜਾਣਾ ਚਾਹੀਦਾ ਹੈ ਅਤੇ (3) ਫ਼ੌਜ ਜੋ ਜੋ ਵੀ ਆਖਦੀ ਹੈ ਜਾਂ ਦਾਅਵੇ ਕਰਦੀ ਹੈ, ਉਨ੍ਹਾਂ ਨੂੰ ਹਰ ਹਾਲਤ ਵਿੱਚ ਬਿਨਾਂ ਕਿਸੇ ਝਿਜਕ ਜਾਂ ਅਸਹਿਮਤੀ ਦੇ ਪ੍ਰਵਾਨ ਕਰਨਾ ਚਾਹੀਦਾ ਹੈ।

ਸਾਡਾ ਗਣਤੰਤਰ ਹੁਣ ਆਪਣੇ ਰਾਜਸੀ ਮਾਰਗ ਦੇ ਉਸ ਦੋਰਾਹੇ 'ਤੇ ਆਣ ਖਲੋਤਾ ਹੈ। (ਅਜਿਹੀ ਸਥਿਤੀ ਪਹਿਲਾਂ ਕਦੇ ਨਹੀਂ ਆਈ) ਜੋ ਕਿ ਸਮਾਂ ਪੈਣ ਦੇ ਨਾਲ ਨਾਲ ਕੇਵਲ ਜਮਹੂਰੀ ਨਾਖ਼ੁਸ਼ੀ ਦਾ ਬਾਇਜ਼ ਬਣ ਸਕਦਾ ਹੈ। ਆਖ਼ਰ, ਇੰਨੇ ਸਾਲਾਂ ਦੌਰਾਨ ਪੀੜ੍ਹੀ-ਦਰ-ਪੀੜ੍ਹੀ ਭਾਰਤੀਆਂ ਨੂੰ ਇਹ ਮਾਣ ਰਿਹਾ ਹੈ ਕਿ ਜਵਾਹਰਲਾਲ ਨਹਿਰੂ ਅਤੇ ਹੋਰ ਜਮਹੂਰੀ ਲੋਕਾਂ ਨੇ ਇਹ ਵੇਖਿਆ ਸੀ ਕਿ ਫ਼ੌਜ ਬੈਰਕਾਂ ਵਿੱਚ ਰਹੇ ਅਤੇ ਸਿਵਲ ਅਥਾਰਟੀ ਦਾ ਜੰਗ ਅਤੇ ਅਮਨ ਦੇ ਮਾਮਲਿਆਂ ਉੱਤੇ ਦ੍ਰਿੜ੍ਹਤਾ ਨਾਲ ਪੂਰਾ ਕੰਟਰੋਲ ਰਹੇ।

ਸਾਡੇ ਸਿਆਸੀ ਹਜ਼ੂਮ ਨੂੰ ਫ਼ੌਜੀਆਂ ਦੇ ਕੰਧਾੜੇ ਚੜ੍ਹਨ ਦੀ ਕੋਈ ਜ਼ਰੂਰਤ ਨਹੀਂ ਹੈ। ਬੁਨਿਆਦੀ ਹਕੀਕਤ ਇਹ ਹੈ ਕਿ ਸਿਆਸੀ ਨੇਤਾਵਾਂ ਕੋਲ ਸੰਵਿਧਾਨਕ ਤੇ ਸਿਆਸੀ ਤਾਕਤ ਕੇਵਲ ਇਸ ਕਰ ਕੇ ਆਈ ਕਿਉਂਕਿ ਉਨ੍ਹਾਂ ਨੂੰ ਸ਼ਾਸਨ ਚਲਾਉਣ ਦਾ ਲੋਕ ਫ਼ਤਵਾ ਹਾਸਲ ਹੁੰਦਾ ਹੈ ਅਤੇ ਉਹ ਵੀ ਨਿਰਪੱਖ, ਆਜ਼ਾਦ ਤੇ ਪਾਰਦਰਸ਼ੀ ਚੋਣ ਮੁਕਾਬਲਿਆਂ ਰਾਹੀਂ। ਨਾਗਰਿਕਾਂ ਤੋਂ ਮਿਲੇ ਇਸ ਅਧਿਕਾਰ ਵਿੱਚ ਇੱਕ ਪਵਿੱਤਰਤਾ ਨਿਹਿਤ ਹੁੰਦੀ ਸੀ, ਅਤੇ ਇਸੇ ਪਵਿੱਤਰਤਾ ਕਾਰਨ ਹੀ ਲੋਕਪ੍ਰਤੀਨਿਧਾਂ ਦੀ ਆਗਿਆ ਦਾ ਪਾਲਣ ਵੀ ਹੁੰਦਾ ਸੀ ਤੇ ਉਨ੍ਹਾਂ ਦਾ ਸਤਿਕਾਰ ਵੀ ਕੀਤਾ ਜਾਂਦਾ ਸੀ। ਇਸੇ ਲਈ ਇਹ ਕਿਹਾ ਜਾਂਦਾ ਹੈ ਕਿ 'ਅਸੀਂ ਭਾਰਤ ਦੇ ਲੋਕ' ਹੀ ਅੰਤਿਮ ਸ਼ਕਤੀ ਤੇ ਪ੍ਰਭੂਸੱਤਾ ਸੰਪੰਨ ਹਾਂ।

ਪਹਿਲਾਂ, ਸਿਆਸੀ ਆਗੂ ਬਾਰੇ ਸਮਝਿਆ ਜਾਂਦਾ ਸੀ ਕਿ ਉਸ ਕੋਲ ਕੋਈ ਵਿਸ਼ੇਸ਼ ਸ਼ਲਾਘਾਯੋਗ ਹੁਨਰ ਤੇ ਦ੍ਰਿਸ਼ਟੀਕੋਣ ਹਨ। ਉਸ ਦਾ 'ਇੱਕ ਸਿਆਸੀ ਆਗੂ' ਵਜੋਂ ਸਤਿਕਾਰ ਕੀਤਾ ਜਾਂਦਾ ਸੀ ਕਿਉਂਕਿ ਉਸ ਬਾਰੇ ਇਹ ਪ੍ਰਭਾਵ ਹੁੰਦਾ ਸੀ ਕਿ ਉਸ ਨੇ ਲੋਕਾਂ ਦੇ ਮੁੱਦਿਆਂ ਤੇ ਉਨ੍ਹਾਂ ਦੇ ਸ਼ਿਕਵੇ-ਸ਼ਿਕਾਇਤਾਂ ਨੂੰ ਸਮਝਣ ਲਈ ਤਰੱਦਦ ਕੀਤਾ ਹੈ। ਇੱਕ 'ਆਗੂ' ਵਜੋਂ ਮਾਨਤਾ ਹਾਸਲ ਕਰਨ ਦੇ ਚਾਹਵਾਨ ਸਿਆਸੀ ਕਾਰਕੁਨ ਵਿਚ ਭਿੰਨ-ਭਿੰਨ ਸਮਾਜਕ ਕਦਰਾਂ-ਕੀਮਤਾਂ ਅਤੇ ਦਾਅਵਿਆਂ ਵਿੱਚ ਇੱਕਸੁਰਤਾ ਲਿਆਉਣ ਦੀ ਇੱਛਾ-ਸ਼ਕਤੀ ਤੇ ਚਾਹਨਾ ਹੋਣੀ ਚਾਹੀਦੀ ਸੀ, ਤਾਂ ਜੋ 'ਲੋਕ ਭਲਾਈ' ਲਈ ਕੁਝ ਨਾ ਕੁਝ ਸੰਭਵ ਹੋ ਸਕੇ। ਉਸ ਨੇ ਕਿਸੇ ਗੱਲ ਨੂੰ ਆਪਣੇ ਕਿਸੇ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਦਿਆਂ ਜਬਰੀ ਨਹੀਂ ਮਨਵਾਉਣਾ ਹੁੰਦਾ ਸੀ; ਉਸ ਨੇ ਪ੍ਰੋਤਸਾਹਨ ਤੇ ਪ੍ਰੇਰਨਾ ਹੀ ਹਰ ਹਾਲਤ ਵਿੱਚ ਉਸ ਦੀਆਂ ਪਹਿਲੀਆਂ, ਦੂਜੀਆਂ ਤੇ ਤੀਜੀਆਂ ਤਰਜੀਹਾਂ ਹੁੰਦੀਆਂ ਸਨ। ਦਰਅਸਲ, ਕੇਵਲ ਤਾਨਾਸ਼ਾਹ ਹੀ ਜ਼ੋਰ-ਜਬਰ ਅਤੇ ਬਾਂਹ-ਮਰੋੜੂ ਵਿਧੀਆਂ ਉੱਪਰ ਨਿਰਭਰ ਕਰਦੇ ਹਨ; ਸਿਆਸਤ ਕੋਲ ਅਜਿਹੀ ਕੋਈ ਗੁੰਜਾਇਸ਼ ਨਹੀਂ ਹੁੰਦੀ। ਇਨ੍ਹਾਂ ਸਾਰੇ ਸਾਲਾਂ ਦੌਰਾਨ ਇਸ ਮਾਮਲੇ ਬਾਰੇ ਪੂਰੀ ਆਮ ਸਹਿਮਤੀ ਰਹੀ ਸੀ ਕਿ ਹਥਿਆਰਬੰਦ ਫ਼ੌਜਾਂ ਇੱਕ ਵਡਮੁੱਲੀ ਸੰਸਥਾ ਹਨ, ਜਿਸ ਨੂੰ ਅਧਿਕਾਰ ਤੇ ਮਾਪਦੰਡ ਸੰਵਿਧਾਨ ਤੋਂ ਮਿਲੇ ਹਨ; ਅਤੇ ਫਿਰ ਇੱਕ ਸੰਸਥਾ ਦੇ ਰੂਪ ਵਿੱਚ ਹੀ ਹਥਿਆਰਬੰਦ ਬਲ ਵੀ ਜਮਹੂਰੀ ਅਤੇ ਧਰਮ-ਨਿਰਪੱਖ ਕਦਰਾਂ-ਕੀਮਤਾਂ ਦੀ ਹਿਫ਼ਾਜ਼ਤ ਪ੍ਰਤੀ ਵਚਨਬੱਧ ਹਨ। ਇਹ ਵੀ ਸਹੀ ਹੈ ਕਿ ਹਥਿਆਰਬੰਦ ਬਲਾਂ ਨੇ ਵੀ ਕਦੇ ਅਜਿਹਾ ਕੁਝ ਨਹੀਂ ਪ੍ਰਗਟਾਇਆ ਜਿਸ ਨੂੰ ਜਮਹੂਰੀ ਜਵਾਬਦੇਹੀ ਦੇ ਘੇਰੇ ਤੋਂ ਬਾਹਰੀ ਕਾਰਵਾਈ ਕਿਹਾ ਜਾ ਸਕੇ; ਅਤੇ ਨਾ ਹੀ ਉਨ੍ਹਾਂ ਕਦੇ ਰਾਸ਼ਟਰੀ ਸਰੋਤਾਂ ਵਿੱਚੋਂ ਆਪਣੇ ਲਈ ਕੋਈ ਬਹੁਤਾ ਵੱਡਾ ਹਿੱਸਾ ਮੰਗਿਆ ਹੈ। ਸਾਡੇ ਗੁਆਂਢੀ ਦੇਸ਼ ਤੋਂ ਉਲਟ, ਹਥਿਆਰਬੰਦ ਬਲਾਂ ਨੇ ਕਦੇ ਆਪਣੀਆਂ ਹੱਕਦਾਰੀਆਂ ਦੀ ਵਿਆਕਰਣ ਦੀ ਕੋਈ ਗੱਲ ਕੀਤੀ-ਉਹ ਵੀ ਅਜਿਹੀਆਂ ਹਕੀਕਤਾਂ ਦੇ ਬਾਵਜੂਦ, ਕਿ ਪਿਛਲੇ ਤਿੰਨ ਦਹਾਕਿਆਂ ਜਾਂ ਇੰਨੇ ਕੁ ਸਮੇਂ ਤੋਂ ਅਸੀਂ ਦੇਸ਼ ਦੇ ਵੱਡੇ ਹਿੱਸਿਆਂ ਵਿੱਚ ਅਮਨ ਕਾਨੂੰਨ ਦੀ ਵਿਵਸਥਾ ਬਹਾਲ ਕਰਨ ਲਈ ਭਾਰਤੀ ਫ਼ੌਜ ਦੀ ਦਮਨਸ਼ੀਲ ਤਾਕਤ ਉੱਤੇ ਵਧੇਰੇ ਨਿਰਭਰ ਹੁੰਦੇ ਆ ਰਹੇ ਹਾਂ।

ਫਿਰ ਵੀ, ਅਸੀਂ ਵੇਖਦੇ ਹਾਂ ਕਿ ਇਨ੍ਹਾਂ ਸਾਰੇ ਸਾਲਾਂ ਦੌਰਾਨ ਭਾਰਤੀ ਗਣਰਾਜ ਦੀ ਸੇਵਾ ਕਰਨ ਵਾਲੀਆਂ ਕੁਝ ਵਿਹਾਰਕ ਮਨੌਤਾਂ ਦੀ ਮੁੜ-ਵਿਵਸਥਾ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਪਾਕਿਸਤਾਨ, ਜਿੱਥੇ ਫ਼ੌਜੀ ਜਰਨੈਲ ਇਹ ਫ਼ੈਸਲਾ ਲੈਂਦੇ ਰਹੇ ਹਨ ਕਿ ਸਿਆਸੀ ਆਗੂ ਅਸਮਰੱਥ ਸਨ ਤੇ ਪਾਕਿਸਤਾਨੀ ਰਾਸ਼ਟਰ ਦੇ ਬਿਹਤਰ ਹਿਤਾਂ ਦੀ ਰਾਖੀ ਕਰਨ ਦੇ ਅਯੋਗ ਸਨ; ਅਸੀਂ ਹੁਣ ਨਾ ਸਿਰਫ਼ ਫ਼ੌਜੀ ਜਰਨੈਲਾਂ ਅੱਗੇ ਲੋੜੋਂ ਵੱਧ ਸਿਰ ਨਿਵਾਉਣ ਲੱਗੇ ਹਾਂ ਸਗੋਂ ਅਸੀਂ 'ਸਮਰੱਥਾ' ਤੇ ਕਾਬਲੀਅਤ ਨੂੰ ਵੀ ਮੁੜ-ਪਰਿਭਾਸ਼ਿਤ ਕਰਨ ਲੱਗੇ ਹਾਂ। ਅਚਾਨਕ ਅਜਿਹੇ ਹਾਲਾਤ ਪੈਦਾ ਹੋ ਗਏ ਕਿ ਇੱਕ ਆਗੂ ਦੀ ਸਮਰੱਥਾ ਦੀ ਪਰਖ ਇਸ ਗੱਲ ਤੋਂ ਕੀਤੀ ਜਾਵੇਗੀ ਕਿ ਉਹ ਤਾਕਤ ਦੀ ਵਰਤੋਂ ਦੀ ਇਜਾਜ਼ਤ ਦੇਣ ਦਾ ਇੱਛੁਕ ਹੈ ਜਾਂ ਨਹੀਂ। ਅਤੇ ਜੇ ਇੱਛੁਕ ਹੈ ਤਾਂ 'ਸੁਰੱਖਿਆ ਬਲਾਂ' ਨੂੰ ਇਹ ਫ਼ੈਸਲਾ ਕਰਨ ਦੇਣ ਦੀ ਖ਼ੁੱਲ੍ਹ ਦੇਣ ਲਈ ਤਿਆਰ ਹੈ ਕਿ ਤਾਕਤ ਦੀ ਵਰਤੋਂ ਕਿਵੇਂ ਤੇ ਕਦੋਂ ਕਰਨੀ ਹੈ।

ਅਤੇ ਜਦੋਂ ਅਸੀਂ 'ਸੁਰੱਖਿਆ ਬਲਾਂ' ਨੂੰ ਆਪਣੀ ਮਰਜ਼ੀ ਕਰਨ ਦੀ ਇਜਾਜ਼ਤ ਦੇ ਦਿੱਤੀ, ਤਾਂ ਜਿਨ੍ਹਾਂ ਹੋਰਨਾਂ ਬਲਾਂ ਵਿੱਚ ਹਿੰਸਾ ਆਰੰਭਣ ਤੇ ਭੜਕਾਉਣ ਦੀ ਸਮਰੱਥਾ ਹੈ, ਉਨ੍ਹਾਂ ਦਾ ਵੀ ਰੁਖ਼ ਅਜਿਹਾ ਹੀ ਹੋ ਜਾਣਾ ਸੁਭਾਵਕ ਹੈ। ਜੇ ਫ਼ੌਜ 'ਪਾਕਿਸਤਾਨੀਆਂ ਦੇ ਨੱਕ ਭੰਨ ਸਕਦੀ ਹੈ, "ਤਾਂ ਸੀਮਾ ਸੁਰੱਖਿਆ ਬਲ ਭਾਵ ਬੀ.ਐਸ.ਐਫ਼. ਵੀ ਇੰਝ ਕਰ ਸਕਦੀ ਹੈ। ਅਤੇ ਜੇ ਬੀ.ਐਸ.ਐਫ਼. ਨੂੰ ਲੋੜ ਤੋਂ ਵੱਧ ਪ੍ਰਤੀਕਰਮ ਪ੍ਰਗਟਾਉਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ, ਤਦ ਪੁਲੀਸ ਦੇ ਜਵਾਨ ਭੁਪਾਲ ਵਿਚ ਗੋਲੀਬਾਰੀ ਕਰ ਕੇ 'ਸਿਮੀ' (ਸਟੂਡੈਂਟਸ ਇਸਲਾਮਿਕ ਮੂਵਮੈਂਟ ਆੱਫ਼ ਇੰਡੀਆ) ਦੇ ਮੁੰਡਿਆਂ ਨੂੰ ਕਿਉਂ ਨਹੀਂ ਮਾਰ ਸਕਦੇ ?

ਇਹ ਸਭ ਕੁਝ ਹਿੰਸਾ ਨੂੰ ਮਨਜ਼ੂਰ ਕਰਨ ਦੀ ਪ੍ਰਵਿਰਤੀ ਨਾਲ ਆ ਜੁੜਿਆ ਹੈ। ਨਹਿਰੂ ਦਾ ਭਾਰਤ ਹੁਣ ਟਕਰਾਅ ਤੇ ਤਕਾਜ਼ੇ ਨੂੰ ਖ਼ੁਸ਼ੀ ਨਾਲ ਪ੍ਰਵਾਨ ਕਰਨ ਦੀ ਬਿਰਤੀ ਦੇ ਪਰਛਾਵੇਂ ਹੇਠ ਇਕ ਨਵੀਂ ਪਛਾਣ ਹਾਸਲ ਕਰਦਾ ਜਾ ਰਿਹਾ ਹੈ। ਫ਼ੌਜ ਉੱਪਰ ਨਿਰਭਰ ਰਾਜ ਵਾਲੇ ਤੱਤ ਸਾਡੇ ਗਣਰਾਜ ਦੀ ਢਾਲ ਉੱਤੇ ਸਥਾਪਤ ਕੀਤੇ ਜਾ ਰਹੇ ਹਨ।

# ਜਲ੍ਹਿਆਂਵਾਲਾ ਬਾਗ਼ ਕਾਂਡ ਲਈ ਬਰਤਾਨਵੀ ਪ੍ਰਧਾਨ ਮੰਤਰੀ ਮੁਆਫ਼ੀ ਮੰਗੇ : ਸ਼ਸ਼ੀ ਥਰੂਰ

ਨਵੀਂ ਦਿੱਲੀ/ਬਿਊਰੋ ਨਿਊਜ਼ : ਕਾਂਗਰਸੀ ਆਗੂ ਸ਼ਸ਼ੀ ਥਰੂਰ ਦਾ ਮੰਨਣਾ ਹੈ ਕਿ ਬਰਤਾਨੀਆ ਵੱਲੋਂ ਬਸਤੀਵਾਦੀ ਸ਼ੋਸ਼ਣ ਲਈ ਹਰਜਾਨੇ ਦਾ ਫਾਰਮੂਲਾ ਮੁਸ਼ਕਲ ਹੈ ਪਰ ਬਰਤਾਨੀਆ ਦੇ ਪ੍ਰਧਾਨ ਮੰਤਰੀ ਵੱਲੋਂ ਜਲ੍ਹਿਆਂਵਾਲਾ ਬਾਗ਼ ਦੁਖਾਂਤ ਦੀ ਸ਼ਤਾਬਦੀ ਮੌਕੇ 'ਗੋਡਿਆਂ ਭਾਰ ਹੋ ਕੇ' ਕਤਲੇਆਮ ਲਈ ਮੁਆਫ਼ੀ ਮੰਗਣ ਕਾਰਨ ਅਜਿਹੀ ਭਾਵਨਾ ਕੁਝ ਹੱਦ ਦੂਰ ਹੋਵੇਗੀ ਕਿ ਉਸ ਵੇਲੇ ਹੋਈਆਂ ਗ਼ਲਤੀਆਂ ਮੰਨੀਆਂ ਨਹੀਂ ਗਈਆਂ।



ਹਰਜਾਨੇ ਦਾ ਮੁੱਦਾ ਉਦੋਂ ਚਰਚਾ ਵਿੱਚ ਆਇਆ, ਜਦੋਂ ਸ੍ਰੀ ਥਰੂਰ ਨੇ ਪਿਛਲੇ ਸਾਲ ਆਕਸਫੋਰਡ ਵਿੱਚ 'ਬਰਤਾਨੀਆ ਆਪਣੀਆਂ ਪੁਰਾਣੀਆਂ ਬਸਤੀਆਂ ਦਾ ਕਰਜ਼ਦਾਰ ਹੈ' ਵਿਸ਼ੇ ਉਤੇ ਭਾਸ਼ਣ ਦਿੱਤਾ ਸੀ। ਉਨ੍ਹਾਂ ਦਾ ਇਹ ਭਾਸ਼ਣ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਸੀ। ਹੁਣ 'ਹਨੇਰ ਕਾਲ: ਭਾਰਤ ਵਿੱਚ ਬਰਤਾਨਵੀ ਸਾਮਰਾਜ' ਨਾਮੀ ਪੁਸਤਕ ਵਿੱਚ ਸ੍ਰੀ ਥਰੂਰ ਨੇ ਅਜਿਹੇ ਕਈ ਤਰੀਕਿਆਂ ਬਾਰੇ ਗੱਲ ਕੀਤੀ ਹੈ ਜਿਨ੍ਹਾਂ ਰਾਹੀਂ ਬਰਤਾਨੀਆ ਨੇ ਭਾਰਤ ਨੂੰ ਤਕਰੀਬਨ ਤਬਾਹ ਕਰ ਦਿੱਤਾ ਸੀ। ਤਿਰੂਵਨੰਤਪੁਰਮ ਦੇ ਸੰਸਦ ਮੈਂਬਰ ਨੇ ਕਿਹਾ ਕਿ ਗ਼ਲਤੀਆਂ ਦੀ ਕੋਈ ਮਾਤਰਾ ਤਾਂ ਤੈਅ ਨਹੀਂ ਕੀਤੀ ਜਾ ਸਕਦੀ। ਵਿੱਤੀ ਹਰਜਾਨੇ ਨਾਲੋਂ ਜਿਹੜੀ ਗੱਲ ਜ਼ਿਆਦਾ ਜ਼ਰੂਰੀ ਹੈ, ਉਹ ਹੈ ਮੁਆਫ਼ੀ। ਉਨ੍ਹਾਂ ਕਿਹਾ ਕਿ ਅੱਜ ਦੇ ਬਰਤਾਨਵੀ ਵਾਸੀ ਆਪਣੇ ਪੂਰਵਜਾਂ ਵੱਲੋਂ ਕੀਤੀਆਂ ਗ਼ਲਤੀਆਂ ਲਈ ਜ਼ਿੰਮੇਵਾਰ ਨਹੀਂ। ਨਾ ਉਹ ਉਨ੍ਹਾਂ ਲੋਕਾਂ ਤੋਂ ਮੁਆਫ਼ੀ ਮੰਗ ਸਕਦੇ ਹਨ, ਜਿਨ੍ਹਾਂ ਨਾਲ ਗ਼ਲਤ ਹੋਇਆ ਪਰ ਇਸ ਨਾਲ ਇਹ ਭਾਵਨਾ ਪੈਦਾ ਹੋਵੇਗੀ ਕਿ ਇਕ ਸਮੁੱਚਾ ਸਮਾਜ ਪੂਰੀ ਮਨੁੱਖਤਾ ਤੋਂ ਮੁਆਫ਼ੀ ਮੰਗ ਰਿਹਾ ਹੈ। ਸ੍ਰੀ ਥਰੂਰ ਨੇ ਕਿਹਾ ਕਿ ਵਿੱਤੀ ਹਰਜਾਨੇ ਦਾ ਫਾਰਮੂਲਾ ਮੁਸ਼ਕਲ ਹੈ ਕਿਉਂਕਿ ਕੁੱਲ ਹਰਜਾਨਾ ਦਿੱਤਾ ਨਹੀਂ ਜਾਵੇਗਾ ਅਤੇ ਜੋ ਦਿੱਤਾ ਜਾਵੇਗਾ, ਉਹ ਕਾਫ਼ੀ ਨਹੀਂ ਹੋਵੇਗਾ। ਉਨ੍ਹਾਂ ਦੋ ਮਿਸਾਲਾਂ ਦਿੰਦਿਆਂ ਕਿਹਾ ਕਿ ਜਰਮਨੀ ਦੇ ਸੋਸ਼ਲ ਡੈਮੋਕਰੈਟ ਆਗੂ ਵਿਲੀ ਬ੍ਰੈਂਡਟ ਨੇ ਨਾਜ਼ੀਆਂ ਦੇ ਜੁਰਮਾਂ ਲਈ ਵਾਰਸਾ ਗੈਟੋ ਵਿੱਚ ਗੋਡਿਆਂ ਭਾਰ ਹੋ ਕੇ ਮੁਆਫ਼ੀ ਮੰਗੀ। ਭਾਵੇਂ ਉਹ ਇਨ੍ਹਾਂ ਜੁਰਮਾਂ ਨਾਲ ਕਿਸੇ ਵੀ ਤਰ੍ਹਾਂ ਸਬੰਧਤ ਨਹੀਂ ਸਨ। ਹਾਲ ਹੀ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਾਮਾਗਾਟਾ ਮਾਰੂ ਦੁਖਾਂਤ ਲਈ ਮੁਆਫ਼ੀ ਮੰਗੀ। ਹਾਲਾਂਕਿ ਕੈਨੇਡਾ ਅਸਲ ਵਿੱਚ ਕਿਸੇ ਵੀ ਕਤਲ ਲਈ ਜ਼ਿੰਮੇਵਾਰ ਨਹੀਂ। ਉਨ੍ਹਾਂ ਕਿਹਾ ਕਿ ਇਸ ਮਾਡਲ ਨੂੰ ਭਾਰਤ ਦੇ ਸੰਦਰਭ ਵਿੱਚ ਵੀ ਅਪਣਾਇਆ ਜਾਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋ ਮੁਆਫ਼ੀਆਂ ਨੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਲਈ ਆਦਰਸ਼ ਸਥਾਪਤ ਕੀਤਾ ਹੈ ਕਿ ਉਹ ਜਲ੍ਹਿਆਂਵਾਲਾ ਬਾਗ਼ ਦੀ ਸ਼ਤਾਬਦੀ ਮੌਕੇ ਉਥੇ ਜਾਣ ਅਤੇ ਬੀਤੇ ਵਿੱਚ ਕੀਤੇ ਸਾਰੇ ਗੁਨਾਹਾਂ ਲਈ ਗੋਡਿਆਂ ਭਾਰ ਹੋ ਕੇ ਮੁਆਫ਼ੀ ਮੰਗਣ।

# *ਸਾਕਾ ਨੀਲਾ ਤਾਰਾ :* ਬਰਤਾਨਵੀ ਸਰਕਾਰ ਦੀ ਸ਼ੱਕੀ ਭੂਮਿਕਾ ਜ਼ਾਹਰ ਕਰਨ ਵਾਲੇ ਹੋਰ ਦਸਤਾਵੇਜ਼ ਲੀਕ

## ਸਿੱਖ ਫੈਡਰੇਸ਼ਨ ਯੂ.ਕੇ. ਨੇ ਬਰਤਾਨਵੀ ਸਰਕਾਰ ਨੂੰ ਭੇਜਿਆ ਕਾਨੂੰਨੀ ਨੋਟਿਸ



**ਲੰਡਨ/ਬਿਊਰੋ ਨਿਊਜ਼ :**
ਬਰਤਾਨੀਆਂ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਅਤੇ ਭਾਰਤ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਦੋਸਤੀ ਦੁਨੀਆ ਭਰ ਵਿਚ ਮਸ਼ਹੂਰ ਰਹੀ ਹੈ ਪਰ ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ 'ਤੇ ਭਾਰਤੀ ਫੌਜ ਵੱਲੋਂ ਕੀਤੇ ਗਏ ਹਮਲੇ ਤੋਂ 30 ਸਾਲ ਬਾਅਦ ਬਰਤਾਨੀਆ ਸਰਕਾਰ ਦੇ ਜਾਰੀ ਹੋਏ ਦਸਤਾਵੇਜ਼ਾਂ ਤੋਂ ਦੋਵਾਂ ਪ੍ਰਧਾਨ ਮੰਤਰੀਆਂ ਦੀ ਦੋਸਤੀ ਸਿੱਖ ਹਿਰਦਿਆਂ ਨੂੰ ਵਲੂੰਧਰਦੀ ਹੈ। ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਗਏ ਹਮਲੇ 'ਸਾਕਾ ਨੀਲਾ ਤਾਰਾ ਆਪਰੇਸ਼ਨ' ਵਿਚ ਬਰਤਾਨਵੀ ਸਰਕਾਰ ਦੀ ਭੂਮਿਕਾ ਸਬੰਧੀ ਨਵੇਂ ਜਾਰੀ ਕੀਤੇ ਦਸਤਾਵੇਜ਼ਾਂ ਨੂੰ ਕੌਮੀ ਪੁਰਾਤੱਤਵ ਕੇਂਦਰ ਤੋਂ ਹਟਾ ਲਿਆ ਗਿਆ ਹੈ ਜਿਨ੍ਹਾਂ ਤੋਂ ਸੰਕੇਤ ਮਿਲਦੇ ਸਨ ਕਿ ਸਾਕਾ ਨੀਲਾ ਤਾਰਾ ਤੋਂ ਬਾਅਦ ਵੀ ਬਰਤਾਨੀਆ ਨੇ ਭਾਰਤ ਦੀ ਮਦਦ ਕੀਤੀ ਸੀ ਪਰ 2014 ਵਿਚ ਸਾਬਕਾ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਹੋਈ ਜਾਂਚ ਸਬੰਧੀ ਜੋ ਰਿਪੋਰਟ ਸਰ ਜੈਰਮੀ ਹੇਅਵੁੱਡ ਨੇ ਤਿਆਰ ਕੀਤੀ ਸੀ, ਜਿਹੜੀ ਸਾਬਕਾ ਵਿਦੇਸ਼ ਮੰਤਰੀ ਵਿਲੀਅਮ ਹੇਗ ਨੇ ਸੰਸਦ ਵਿਚ ਜਾਰੀ ਕੀਤੀ ਸੀ, ਇਕ ਝੂਠ ਦਾ ਪੁਲੰਦਾ ਸੀ। ਬਰਤਾਨੀਆ ਦੇ ਕਾਨੂੰਨ ਅਨੁਸਾਰ ਹਰ 30 ਸਾਲ ਬਾਅਦ ਸਰਕਾਰ ਦੀਆਂ ਖੁਫੀਆ ਰਿਪੋਰਟਾਂ ਨੂੰ ਜਨਤਕ ਕੀਤਾ ਜਾਂਦਾ ਹੈ। ਜਦੋਂ ਸਾਕਾ ਨੀਲਾ ਤਾਰਾ ਵਿਚ ਬਰਤਾਨੀਆ ਦੀ ਭੂਮਿਕਾ ਦਾ ਪਹਿਲੀ ਵਾਰ ਪਤਾ ਲੱਗਾ ਉਦੋਂ ਤੋਂ ਹੀ ਸਿੱਖ ਫੈਡਰੇਸ਼ਨ ਯੂ.ਕੇ. ਕਾਨੂੰਨੀ ਅਤੇ ਖੋਜ ਪੱਖਾਂ 'ਤੇ ਕੰਮ ਕਰ ਰਹੀ ਸੀ, ਤਾਂ ਕਿ ਸਚਾਈ ਲੋਕਾਂ ਦੇ ਸਾਹਮਣੇ ਆ ਸਕੇ। 1984 ਦੇ ਹੋਰ ਦਸਤਾਵੇਜ਼ ਸਰਕਾਰ ਵੱਲੋਂ 26 ਅਗਸਤ 2016 ਨੂੰ ਜਾਰੀ ਕੀਤੇ ਗਏ ਜਿਸ ਵਿਚ ਮੁੜ ਸਿੱਖਾਂ 'ਤੇ ਭਾਰਤ ਸਰਕਾਰ ਵੱਲੋਂ ਕੀਤੇ ਗਏ ਤਸ਼ੱਦਦ ਅਤੇ ਬਰਤਾਨੀਆ ਦੀ ਦਖ਼ਲ ਅੰਦਾਜ਼ੀ ਸਬੰਧੀ ਕੁਝ ਸਬੂਤ ਮਿਲ ਰਹੇ ਸਨ ਜਿਨ੍ਹਾਂ ਨੂੰ ਫੈਡਰੇਸ਼ਨ ਦੇ ਮਾਹਰਾਂ ਨੇ ਤੁਰੰਤ ਨੋਟ ਕੀਤਾ ਅਤੇ ਜਿਉਂ ਹੀ ਇਸ ਮਾਮਲੇ ਨੂੰ ਵਿਦੇਸ਼ ਮੰਤਰੀ ਦੇ ਧਿਆਨ ਵਿਚ ਲਿਆਉਣ ਲਈ 13 ਸਤੰਬਰ ਨੂੰ ਚਿੱਠੀ ਲਿਖੀ ਤਾਂ ਬਹੁਤ ਹੀ ਵਿਉਂਤਬੰਦੀ ਨਾਲ 21 ਸਤੰਬਰ ਨੂੰ ਸਰਕਾਰ ਨੇ ਫਾਈਲਾਂ ਹਟਾ ਲਈਆਂ ਅਤੇ 30 ਸਤੰਬਰ ਨੂੰ ਸਿੱਖਾਂ ਨਾਲ ਮੀਟਿੰਗ ਕਰਨ ਲਈ 13 ਅਕਤੂਬਰ ਦੀ ਤਾਰੀਖ ਰੱਖ ਲਈ, ਜੋ ਕਿਸੇ ਸਿਰੇ ਨਾ ਚੜ੍ਹੀ। ਵਿਦੇਸ਼ ਮੰਤਰਾਲੇ ਦੇ ਅਧਿਕਾਰੀ ਇਸ ਸਬੰਧੀ ਗੱਲਬਾਤ ਅੱਗੇ ਨਾ ਤੋਰ ਸਕੇ ਕਿਉਂਕਿ ਫਾਈਲਾਂ ਹੀ ਗਾਇਬ ਕਰ ਦਿੱਤੀਆਂ ਗਈਆਂ ਸਨ। ਸਿੱਖ ਫੈਡਰੇਸ਼ਨ ਦੇ ਚੇਅਰਮੈਨ ਭਾਈ ਅਮਰੀਕ ਸਿੰਘ ਗਿੱਲ ਅਤੇ ਸਲਾਹਕਾਰ ਦਬਿੰਦਰਜੀਤ ਸਿੰਘ ਨੇ ਦੱਸਿਆ ਕਿ ਇਨ੍ਹਾਂ ਫਾਈਲਾਂ ਵਿਚ 3 ਜੁਲਾਈ 1984 ਨੂੰ ਨੈਸ਼ਨਲ ਸਕਿਊਰਿਟੀ ਗਾਰਡ ਸਬੰਧੀ ਅਹਿਮ ਜਾਣਕਾਰੀ ਸੀ।

# ਸਿੱਖ ਜਥੇਬੰਦੀਆਂ ਨੇ 1984 ਦੇ ਸਿੱਖ ਕਤਲੇਆਮ ਮਾਮਲੇ 'ਚ ਸੰਯੁਕਤ ਰਾਸ਼ਟਰ ਦਾ ਦਖ਼ਲ ਮੰਗਿਆ




## ਮੋਗਾ ਵਿਚ ਕੀਤਾ ਨਸਲਕੁਸ਼ੀ ਯਾਦਗਾਰੀ ਮਾਰਚ

ਮੋਗਾ/ਬਿਊਰੋ ਨਿਊਜ਼ : ਨਵੰਬਰ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜਾਵਾਂ ਦੇਣ ਵਿਚ ਨਾਕਾਮਯਾਬ ਰਹੇ ਭਾਰਤੀ ਰਾਜਨੀਤਕ ਅਤੇ ਕਾਨੂੰਨੀ ਢਾਂਚੇ ਖ਼ਿਲਾਫ਼ 3 ਨਵੰਬਰ ਨੂੰ ਦਲ ਖ਼ਾਲਸਾ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸਿੱਖ ਯੂਥ ਆਫ ਪੰਜਾਬ ਵਲੋਂ 'ਨਸਲਕੁਸ਼ੀ ਯਾਦਗਾਰੀ ਮਾਰਚ' ਕੀਤਾ ਗਿਆ। ਤਿੰਨਾਂ ਜਥੇਬੰਦੀਆਂ ਨੇ ਵਿਸ਼ਵ ਦੀਆਂ ਵੱਡੀਆਂ ਤਾਕਤਾਂ ਅਤੇ ਸੰਯੁਕਤ ਰਾਸ਼ਟਰ ਨੂੰ ਇਸ ਮਸਲੇ 'ਤੇ ਆਪਣੀ ਚੁੱਪ ਤੋੜਨ ਅਤੇ ਇਨਸਾਫ ਲਈ ਦਖਲਅੰਦਾਜ਼ੀ ਕਰਨ ਦੀ ਅਪੀਲ ਕੀਤੀ।

ਸੜਕਾਂ 'ਤੇ ਜਜ਼ਬੇ ਭਰਪੂਰ ਰੋਸ ਪ੍ਰਦਰਸ਼ਨ ਕਰਦਿਆਂ ਸਿੱਖ ਜਥੇਬੰਦੀਆਂ ਦੇ ਕਾਰਕੁਨਾਂ ਨੇ ਕਤਲੇਆਮ ਵਿਰੁੱਧ ਆਪਣੇ ਗੁੱਸੇ ਅਤੇ ਦਰਦ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨੇ ਹੱਥਾਂ ਵਿਚ ਸਿੱਖ ਨਸਲਕੁਸ਼ੀ ਖ਼ਿਲਾਫ਼ ਸੁਨੇਹਾ ਦਿੰਦੀਆਂ ਤਖਤੀਆਂ ਅਤੇ ਪੋਸਟਰ ਫੜੇ ਹੋਏ ਸਨ। ਇਨ੍ਹਾਂ ਵਿਚੋਂ ਇਕ ਬੈਨਰ 'ਤੇ ਲਿਖਿਆ ਹੋਇਆ ਸੀ: "ਦਿੱਲੀ ਚਾਹੁੰਦੀ ਹੈ ਕਿ ਸਿੱਖ 1984 ਭੁੱਲ ਜਾਣ, ਪਰ ਅਸੀਂ ਯਾਦ ਰੱਖਾਂਗੇ ਜਿਨ੍ਹਾਂ ਨੇ ਸਾਡੇ ਨਾਲ ਮੌਤ ਦਾ ਤਾਂਡਵ ਖੇਡਿਆ"।

ਦਲ ਖ਼ਾਲਸਾ ਪ੍ਰਧਾਨ ਭਾਈ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ 32 ਸਾਲ ਪਹਿਲਾਂ 1 ਅਤੇ 2 ਨਵੰਬਰ ਨੂੰ ਭਾਰਤੀ ਲੋਕਾਂ, ਸਿਆਸਤਦਾਨਾਂ, ਪੁਲੀਸ, ਨੀਮ ਫੌਜੀ ਦਸਤਿਆਂ, ਪ੍ਰਸ਼ਾਸਨਿਕ ਅਧਿਕਾਰੀਆਂ ਨੇ ਮਿਲ ਕੇ ਸਿੱਖਾਂ ਨੂੰ ਮਾਰਿਆ, ਲੁਟਿਆ ਤੇ ਜ਼ਲੀਲ ਕੀਤਾ ਸੀ, ਸਿੱਖ ਬੀਬੀਆਂ ਨੂੰ ਬੇਪੱਤ ਕੀਤਾ ਅਤੇ ਗੁਰਦੁਆਰਿਆਂ ਨੂੰ ਅੱਗਾਂ ਲਾਈਆਂ ਅਤੇ ਬਾਅਦ ਵਿਚ ਇਸ ਸਾਰੇ ਜ਼ੁਲਮ ਨੂੰ ਹਿੰਦੂ ਬਹੁਗਿਣਤੀ ਦਾ ਗੁੱਸਾ ਦੱਸ ਕੇ ਜਾਇਜ਼ ਠਹਿਰਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਕੁਝ ਵਿਅਕਤੀਆਂ ਨੂੰ ਛੱਡ ਹਿੰਦੁਸਤਾਨ ਦੀ ਬਹੁਤਾਤ ਸਿਵਲ ਸੁਸਾਇਟੀ ਨੇ ਸਿੱਖਾਂ ਦੇ ਇਸ ਕਤਲੇਆਮ ਨੂੰ ਚੁੱਪ ਕਰਕੇ ਦੇਖਿਆ ਅਤੇ ਸਿੱਖਾਂ ਨੂੰ ਹੋਰ ਨੀਵਾਂ ਦਿਖਾਉਣ ਲਈ ਇਸ ਕਤਲੇਆਮ ਤੋਂ ਕੁਝ ਸਮੇਂ ਬਾਅਦ ਹੋਈਆਂ ਲੋਕ ਸਭਾ ਚੋਣਾਂ ਵਿਚ ਰਾਜੀਵ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਨੂੰ ਭਾਰੀ ਬਹੁਮਤ ਦੇ ਕੇ ਜਿਤਾਇਆ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕਾਰਜਕਾਰੀ ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ ਨੇ ਦੋਸ਼ ਲਾਇਆ ਕਿ ਸਿੱਖ ਕਤਲੇਆਮ ਦੀ ਘਾੜਤ ਅਤੇ ਸਾਜਿਸ਼ ਰਾਜੀਵ ਗਾਂਧੀ ਵਲੋਂ ਘੜੀ ਗਈ ਸੀ ਅਤੇ ਇਸ ਨੂੰ ਨੇਪਰੇ ਕਮਲ ਨਾਥ, ਜਗਦੀਸ਼ ਟਾਈਟਲਰ, ਅਰਜਨ ਦਾਸ, ਸੱਜਣ ਕੁਮਾਰ ਵਰਗੇ ਕਾਂਗਰਸੀਆਂ ਵਲੋਂ ਚੜ੍ਹਾਇਆ ਗਿਆ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਅਤੇ ਅਫਸਰਸ਼ਾਹੀ ਨੇ ਇਸ ਤਾਂਡਵ ਵਿਚ ਸ਼ਾਸਕਾਂ ਦੀ ਪੂਰੀ ਮਦਦ ਕੀਤੀ ਜਿਸ ਤੋਂ ਬਿਨਾਂ ਜਾਨੂੰਨੀ ਤੇ ਫਿਰਕੂ ਹੁਲੜਬਾਜ਼ਾਂ ਲਈ ਆਪਣੇ ਤੌਰ 'ਤੇ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕਰਨਾ ਮੁਮਕਿਨ ਹੀ ਨਹੀਂ ਸੀ। ਉਨ੍ਹਾਂ ਕਿਹਾ ਕਿ ਇਸ ਮਾਰਚ ਦੀ ਰਿਪੋਰਟ ਦਿੱਲੀ ਸਥਿਤ ਯੂ.ਐਨ.ਓ ਦਫਤਰ ਨੂੰ ਅਗਲੀ ਕਾਰਵਾਈ ਲਈ ਸੌਂਪੀ ਜਾਵੇਗੀ। ਦਲ ਖ਼ਾਲਸਾ ਦੇ ਬੁਲਾਰੇ ਭਾਈ ਕੰਵਰਪਾਲ ਸਿੰਘ ਨੇ ਕਿਹਾ ਕਿ ਚੋਣਾਂ ਦਾ ਮੌਸਮ ਹੋਣ ਕਰਕੇ 'ਆਪ' ਪਾਰਟੀ ਅਤੇ ਭਾਜਪਾ ਵਰਗੀਆਂ ਹਿੰਦ ਨਵਾਜ਼ ਪਾਰਟੀਆਂ ਸਿੱਖਾਂ ਨੂੰ ਇਨਸਾਫ ਦੇਣ ਦੇ ਮਾਮਲੇ ਵਿੱਚ ਵੱਧ-ਚੜ੍ਹ ਕੇ ਬਿਆਨਬਾਜ਼ੀ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਹ ਪਾਰਟੀਆਂ ਸਿਰਫ ਮਗਰਮੱਛ ਦੇ ਹੰਝੂ ਕੇਰ ਰਹੀਆਂ ਹਨ ਅਤੇ ਅਫਸੋਸ ਦੀ ਗੱਲ ਹੈ ਕਿ ਇਨ੍ਹਾਂ ਦੇ ਇਨਸਾਫ ਦੇ ਮਾਇਨੇ ਕੇਵਲ ਮਾਲੀ ਮਦਦ ਤੱਕ ਸੀਮਤ ਹਨ, ਜਿਸ ਨੂੰ ਕਦੇ ਵੀ ਇਨਸਾਫ ਨਹੀਂ ਕਿਹਾ ਜਾ ਸਕਦਾ। ਉਨ੍ਹਾਂ ਕਿਹਾ ਕਿ ਕੌਮਾਂਤਰੀ ਭਾਈਚਾਰੇ ਅਤੇ ਸੰਯੁਕਤ ਰਾਸ਼ਟਰ ਦੀ ਇਸ ਮਸਲੇ 'ਤੇ ਚੁੱਪ ਨੇ ਸਿੱਖਾਂ ਨੂੰ ਡਾਢਾ ਪ੍ਰੇਸ਼ਾਨ ਕੀਤਾ ਹੈ। ਭਾਜਪਾ ਅਤੇ 'ਆਪ' ਵਲੋਂ ਜਾਂਚ ਲਈ "ਸਿੱਟ" (ਵਿਸ਼ੇਸ਼ ਜਾਂਚ ਟੀਮ) ਬਣਾਉਣ ਦੀ ਦੌੜ ਉੱਤੇ ਸਖਤ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ 32 ਵਰ੍ਹਿਆਂ ਵਿਚ 9 ਕਮਿਸ਼ਨ ਅਤੇ ਕਮੇਟੀਆਂ ਬਣ ਚੁੱਕੀਆਂ ਹਨ, ਪਰ ਇਨ੍ਹਾਂ ਸਾਰਿਆਂ ਨੇ ਇਨਸਾਫ ਦਾ ਘਾਣ ਅਤੇ ਗਰਭਪਾਤ ਕੀਤਾ ਹੈ। ਉਨ੍ਹਾਂ ਕਿਹਾ ਸੱਤਾ ਦੇ ਗਲਿਆਰਿਆਂ ਵਿਚ ਜਾ ਪਾਰਟੀ ਹਕੂਮਤ ਕਰ ਰਹੀ ਹੈ। ਉਸ ਨੇ ਇਹ ਭਰਮ ਫੈਲਾ ਰੱਖਿਆ ਹੈ ਕਿ ਉਸ ਦੇ ਫਿਰਕੂ ਕਾਰਕੁਨਾਂ ਨੇ ਇਸ ਕਤਲੇਆਮ ਵਿਚ ਕੋਈ ਸ਼ਮੂਲੀਅਤ ਨਹੀਂ ਕੀਤੀ।

# ਸਿੱਖ ਕਤਲੇਆਮ ਦੀ ਦਰਦਨਾਕ ਦਾਸਤਾਨ ਬਿਆਨ ਕਰਦੀ ਵਿਕਰਮ ਕਪੂਰ ਦੀ ਕਿਤਾਬ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦੇਸ਼ ਦੇ ਸਮਾਜਕ ਤਾਣੇ ਬਾਣੇ ਨੂੰ ਹਮੇਸ਼ਾ ਲਈ ਬਦਲ ਕੇ ਰੱਖ ਦੇਣ ਵਾਲੇ 1984 ਦੇ ਸਿੱਖ ਨਸਲਕੁਸ਼ੀ ਦੀ ਰੌਂਗਟੇ ਖੜੇ ਕਰਨ ਵਾਲੀ ਦਾਸਤਾਨ ਦੀਆਂ ਕਹਾਣੀਆਂ ਨੂੰ ਕਿਤਾਬ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ।

ਵਿਕਰਮ ਕਪੂਰ ਅਤੇ ਅਮੇਰੀਲਿਸ ਪਬਲਿਸ਼ਿੰਗ ਹਾਊਸ ਵਲੋਂ '1984 ਦੇ ਸਿੱਖ ਕਤਲੇਆਮ ਦੇ ਨਿਜੀ ਬਿਰਤਾਂਤ ਅਤੇ ਕਾਲਪਨਿਕ ਕਹਾਣੀਆਂ' ਨਾਂ ਦੇ ਸਿਰਲੇਖ ਅਧੀਨ ਕਿਤਾਬ ਪ੍ਰਕਾਸ਼ਤ ਕੀਤੀ ਗਈ ਹੈ। ਲੇਖਕ ਕਪੂਰ ਕਹਿੰਦੇ ਹਨ ਕਿ ਇਸ ਕਿਤਾਬ ਦਾ ਗ਼ੈਰ ਕਾਲਪਨਿਕ ਹਿੱਸਾ ਜਿਥੇ ਉਸ ਸਮੇਂ ਦੇ ਤੱਥਾਂ ਨਾਲ ਭਰਪੂਰ ਇਤਿਹਾਸ ਨੂੰ ਖੰਘਾਲਦਿਆਂ ਲਿਖਿਆ ਗਿਆ ਹੈ, ਉਥੇ ਕਾਲਪਨਿਕਤਾ ਦੇ ਤਾਣੇ ਬਾਣੇ ਵਿਚ ਬੁਣੀਆਂ ਕਹਾਣੀਆਂ ਉਨ੍ਹਾਂ ਦਹਿਸ਼ਤ ਭਰੇ ਦਿਨਾਂ ਦੀ ਯਾਦ ਦਵਾਉਂਦੀਆਂ ਹਨ।




ਪੰਜਾਬੀ ਦੀ ਮੰਨੀ ਪ੍ਰਮੰਨੀ ਲੇਖਕਾ ਅਜੀਤ ਕੌਰ ਨੇ ਨਵੰਬਰ 1984 ਵਿਚ ਲਿਖਿਆ ਹੈ ਕਿ ਉਹ ਅਕਤੂਬਰ ਅਤੇ ਨਵੰਬਰ ਮਹੀਨੇ ਦੇ ਪਹਿਲੇ ਤਿੰਨ ਦਿਨ ਤਕ ਅਪਣੇ ਘਰ ਦੀਆਂ ਸਾਰੀਆਂ ਖਿੜਕੀਆਂ ਤੇ ਦਰਵਾਜ਼ੇ ਬੰਦ ਕਰ ਕੇ ਆਪਣੀ ਧੀ ਸਮੇਤ ਘਰ ਅੰਦਰ ਲੁਕੀ ਰਹੀ। ਪਰ ਜਦ ਯਮੁਨਾ ਪਾਰ ਦੀਆਂ ਕਾਲੋਨੀਆਂ ਵਿਚ ਹਜ਼ਾਰਾਂ ਲੋਕਾਂ ਨੂੰ ਮਾਰਿਆ ਜਾ ਰਿਹਾ ਸੀ ਤਾਂ ਘਰਾਂ ਵਿਚ ਬੁਜ਼ਦਿਲਾਂ ਵਾਂਗ ਲੁਕਿਆ ਰਹਿਣਾ ਵੀ ਔਖਾ ਹੋ ਗਿਆ। ਸਾਹਿਤਕ ਪ੍ਰਚਾਰਕ ਪ੍ਰੀਤੀ ਗਿੱਲ 1984 ਦੇ ਉਨ੍ਹਾਂ ਤਿੰਨ ਦਿਨਾਂ ਨੂੰ ਤ੍ਰਾਸਦੀਪੂਰਨ ਮੰਨਦੀ ਹੈ। ਪਛਾਣ ਦਾ ਸਵਾਲ ਵਿਚ ਉਨ੍ਹਾਂ ਇਸੇ ਪੱਖ ਨੂੰ ਉਘੇੜਿਆ ਹੈ। ਦਿੱਲੀ ਦੀ ਰਹਿਣ ਵਾਲੀ ਲੇਖਿਕਾ ਹੁਮਾ ਕੁਰੈਸ਼ੀ ਨੇ ਲਿਖਿਆ ਹੈ ਕਿ ਉਨ੍ਹਾਂ ਦੇ ਇਕ ਦੋਸਤ ਨੇ ਉਨ੍ਹਾਂ ਦਿਨਾਂ ਵਿਚ ਉਨ੍ਹਾਂ ਨੂੰ ਘਰੋਂ ਬਾਹਰ ਨਿਕਲਣ ਸਮੇਂ ਇਹ ਕਹਿ ਕੇ ਸਾਵਧਾਨ ਕੀਤਾ ਕਿ ਸੋਚ ਕੇ ਬਾਹਰ ਨਿਕਲਣਾ ਕਿਉਂਕਿ ਤੁਸੀਂ ਸਰਦਾਰਨੀਆਂ ਵਾਂਗ ਦਿਸਦੇ ਹੋ। ਕਈ ਸਿੱਖ ਦੋਸਤਾਂ ਤੋਂ ਦੰਗਿਆਂ ਦਾ ਸੱਚ ਸੁਣ ਕੇ ਉਨ੍ਹਾਂ ਮਹਿਸੂਸ ਕੀਤਾ ਕਿ ਜਦ ਮੁਸਲਿਮ ਇਲਾਕਿਆਂ ਵਿਚ ਦੰਗੇ ਹੁੰਦੇ ਹਨ ਤਾਂ ਮੁਸਲਿਮ ਸਮਾਜ ਕਿਸ ਤਰ੍ਹਾਂ ਦੇ ਹਾਲਾਤ ਵਿਚੋਂ ਦੀ ਲੰਘਦਾ ਹੋਵੇਗਾ।

## ਸਿੱਖ ਕਤਲੇਆਮ ’ਤੇ ਚੁੱਪ ਰਹਿਣ ਵਾਲੇ ਅਫ਼ਸਰਾਂ ਨੂੰ ਬਰਾਬਰ ਦਾ ਦੋਸ਼ੀ ਮੰਨਿਆ ਜਾਵੇ : ਜਸਟਿਸ ਅਨਿਲ ਦੇਵ ਸਿੰਘ

**ਨਵੀਂ ਦਿੱਲੀ/ਬਿਊਰੋ ਨਿਊਜ਼ :** 1984 ਦੇ ਸਿੱਖ ਕਤਲੇਆਮ ਦੀ 32ਵੀਂ ਬਰਸੀ ਮੌਕੇ ਰਾਜਸਥਾਨ ਹਾਈ ਕੋਰਟ ਦੇ ਸਾਬਕਾ ਚੀਫ ਜਸਟਿਸ ਅਨਿਲ ਦੇਵ ਸਿੰਘ ਨੇ ਕਿਹਾ ਕਿ ਫ਼ਰਜ਼ ਤੋਂ ਮੂੰਹ ਮੋੜਨ ਵਾਲੇ ਅਤੇ ਦੰਗਾਕਾਰੀਆਂ ਉਤੇ ਅੱਖਾਂ ਮੀਚਣ ਵਾਲੇ ਸਰਕਾਰੀ ਅਫ਼ਸਰਾਂ ਨੂੰ ਇਸ ਕਤਲੋਗਾਰਤ ਵਿੱਚ ਮਦਦ ਕਰਨ ਵਾਲੇ ਐਲਾਨਿਆ ਜਾਣਾ ਚਾਹੀਦਾ ਹੈ। ਦੰਗਿਆਂ ਸਬੰਧੀ ਸਿੱਖ ਫੋਰਮ ਵੱਲੋਂ ਕਰਾਈ ਗਈ ਪੈਨਲ ਬਹਿਸ ਵਿੱਚ ਜਸਟਿਸ ਅਨਿਲ ਦੇਵ ਨੇ ਇਸ ਕਤਲੋਗਾਰਤ ਦੇ ਗਵਾਹਾਂ ਨੂੰ ਸੁਰੱਖਿਆ ਨਾ ਦਿੱਤੇ ਜਾਣ ਨੂੰ ‘ਮੰਦਭਾਗਾ’ ਕਰਾਰ ਦਿੱਤਾ। ਉਨ੍ਹਾਂ ਨੇ ਦਿੱਲੀ ਹਾਈ ਕੋਰਟ ਦੇ ਜਸਟਿਸ ਹੁੰਦੇ ਸਮੇਂ 1996 ਵਿੱਚ ਦੰਗਾ ਪੀੜਤਾਂ ਨੂੰ ਮਿਲਣ ਵਾਲੀ ਮੁਆਵਜ਼ਾ ਰਾਸ਼ੀ ਵਿੱਚ ਵਾਧਾ ਕੀਤਾ ਸੀ। ਉਨ੍ਹਾਂ ਕਿਹਾ, ‘ਇਹ ਮੰਦਭਾਗਾ ਹੈ ਕਿ 1984 ਦੇ ਕਤਲੇਆਮ ਦੇ ਗਵਾਹਾਂ ਨੂੰ ਕੋਈ ਸੁਰੱਖਿਆ ਨਹੀਂ ਦਿੱਤੀ ਗਈ। ਇਸ ਮਾਮਲੇ ਦੇ ਦੋਸ਼ੀਆਂ ਵਿੱਚ ਡਰ ਪੈਦਾ ਕਰਨ ਦੀ ਲੋੜ ਹੈ ਅਤੇ ਨਿਸ਼ਚਿਤ ਤੌਰ ’ਤੇ ਉਨ੍ਹਾਂ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਆਪਣੇ ਫ਼ਰਜ਼ ਤੋਂ ਮੂੰਹ ਮੋੜਨ ਵਾਲੇ ਅਤੇ ਦੰਗਾਕਾਰੀਆਂ ’ਤੇ ਅੱਖਾਂ ਬੰਦ ਕਰਨ ਵਾਲੇ ਸਰਕਾਰੀ ਅਫ਼ਸਰਾਂ ਨੂੰ ਦੰਗਿਆਂ ਵਿੱਚ ਮਦਦ ਕਰਨ ਵਾਲੇ ਐਲਾਨਿਆ ਜਾਣਾ ਚਾਹੀਦਾ ਹੈ।’ ਦੰਗਾ ਪੀੜਤਾਂ ਲਈ ਲੜਨ ਵਾਲੇ ਉੱਘੇ ਵਕੀਲ ਐਚ ਐਸ ਫੂਲਕਾ ਨੇ ਕਿਹਾ, ‘ਜਦੋਂ ਤਕ ਅਸੀਂ ਅਪਰਾਧੀਆਂ ਨੂੰ ਇਨਸਾਫ਼ ਦੇ ਕਟਹਿਰੇ ਵਿੱਚ ਨਹੀਂ ਖੜਾ ਕਰਦੇ ਉਦੋਂ ਤੱਕ ਅਸੀਂ ਹਾਰ ਨਹੀਂ ਮੰਨਾਂਗੇ ਤਾਂ ਜੋ ਕੋਈ ਹੋਰ ਆਗੂ ਦੁਬਾਰਾ ਆਪਣੀ ਸ਼ਕਤੀ ਦੀ ਦੁਰਵਰਤੋਂ ਨਾ ਕਰੇ। ਕੋਈ ਵੀ ਵਿਅਕਤੀ ਦੇਸ਼ ਜਾਂ ਕਾਨੂੰਨ ਤੋਂ ਵੱਡਾ ਨਹੀਂ ਹੈ।’ ਉਨ੍ਹਾਂ ਕਿਹਾ ਕਿ ਇਸ ਕਤਲੇਆਮ ਨੂੰ ਭੁੱਲਿਆ ਨਹੀਂ ਜਾ ਸਕਦਾ ਕਿਉਂਕਿ ਅਪਰਾਧੀਆਂ ਦੇ ਬਚ ਨਿਕਲਣ ਬਾਅਦ ਦੇ ਸਾਲਾਂ ਦੌਰਾਨ ਇਸੇ ਤਰ੍ਹਾਂ (1993 ਬਾਬਰੀ ਮਸਜਿਦ, 2002 ਗੋਧਰਾ ਦੰਗੇ ਅਤੇ 2014 ਵਿੱਚ ਮੁਜ਼ੱਫ਼ਰਨਗਰ ਦੰਗੇ) ਦੇ ਹੋਰ ਵੀ ਦੰਗੇ ਹੋਏ ਹਨ।



# ਸਿੱਖ ਕਤਲੇਆਮ ਵਰਗੇ ਜੁਰਮ ਦੀ ਸਜ਼ਾ ਨਾ ਦੇਣ ਨਾਲ ਨਾਸੂਰ ਬਣ ਜਾਂਦੇ ਹਨ ਜ਼ਖ਼ਮ : ਹਾਈ ਕੋਰਟ

### ਸੁਣਵਾਈ ਤੋਂ ਜੱਜ ਨੂੰ ਹਟਾਉਣ ਦੀ ਸੱਜਣ ਕੁਮਾਰ ਦੀ ਪਟੀਸ਼ਨ ਰੱਦ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਦਿੱਲੀ ਹਾਈ ਕੋਰਟ ਨੇ ਕਾਂਗਰਸੀ ਨੇਤਾ ਸੱਜਣ ਕੁਮਾਰ ਅਤੇ ਹੋਰਨਾਂ ਦੀ 1984 ਦੇ ਸਿੱਖ ਕਤਲੇਆਮ ਦਾ ਇਕ ਮਾਮਲਾ ਹੋਰ ਅਦਾਲਤ ਵਿਚ ਭੇਜਣ ਸਬੰਧੀ ਦਾਇਰ ਪਟੀਸ਼ਨਾਂ ਖਾਰਜ ਕਰ ਦਿੱਤੀਆਂ ਅਤੇ ਕਿਹਾ ਕਿ ਇਸ ਸਬੰਧੀ ਦਲੀਲਾਂ ਆਧਾਰਹੀਣ ਤੇ ਗਲਤ ਹਨ ਅਤੇ ਇਹ ਕਾਨੂੰਨ ਦੀ ਦੁਰਵਰਤੋਂ ਹੈ। ਜਸਟਿਸ ਗੀਤਾ ਮਿੱਤਲ ਅਤੇ ਜਸਟਿਸ ਪੀ.ਐਸ. ਤੇਜੀ ’ਤੇ ਆਧਾਰਤ ਬੈਂਚ ਨੇ ਉਨ੍ਹਾਂ ਦੀ ਪਟੀਸ਼ਨ ਰੱਦ ਕਰਦਿਆਂ ਕਿਹਾ ਕਿ ਦਿੱਤੀਆਂ ਗਈਆਂ ਦਲੀਲਾਂ ਅਦਾਲਤ ਦੀ ਮਾਣਹਾਨੀ ਹੈ ਪਰ ਉਹ ਕੋਈ ਕਾਰਵਾਈ ਨਹੀਂ ਸ਼ੁਰੂ ਕਰ ਰਹੀ ਕਿਉਂਕਿ ਇਸ ਨਾਲ ਸੁਣਵਾਈ ਵਿਚ ਦੇਰੀ ਹੋਵੇਗੀ। ਪਟੀਸ਼ਨ ਵਿਚ ਦੋਸ਼ ਲਾਇਆ ਗਿਆ ਸੀ ਕਿ ਡਿਵੀਜ਼ਨ ਬੈਂਚ ਦਾ ਇਕ ਮੈਂਬਰ ਪੱਖਪਾਤੀ ਹੈ। ਬੈਂਚ ਨੇ ਕਿਹਾ ਕਿ ਮੌਜੂਦਾ ਦਰਖਾਸਤਾਂ ਆਧਾਰਹੀਣ, ਮੰਦਭਾਵਨਾ ਵਾਲੀਆਂ ਤੇ ਗਲਤ ਹਨ। ਸਾਨੂੰ ਇਨ੍ਹਾਂ ਵਿਚ ਕੋਈ ਖੂਬੀ ਨਹੀਂ ਦਿਸੀ, ਇਸ ਲਈ ਇਹ ਰੱਦ ਕੀਤੀਆਂ ਜਾਂਦੀਆਂ ਹਨ। ਇਸ ਨੇ ਅੱਗੇ ਕਿਹਾ ਕਿ ਇਹ ਕਾਨੂੰਨ ਦੀ ਦੁਰਵਰਤੋਂ ਹੈ। ਸੱਜਣ ਕੁਮਾਰ ਤੇ ਹੋਰਨਾਂ ਨੇ ਆਪਣੀਆਂ ਅਰਜ਼ੀਆਂ ਵਿਚ ਦੋਸ਼ ਲਾਇਆ ਸੀ ਕਿ ਜਸਟਿਸ ਤੇਜੀ ਨੂੰ ਮਾਮਲੇ ਦੀ ਸੁਣਵਾਈ ਨਹੀਂ ਕਰਨੀ ਚਾਹੀਦੀ ਕਿਉਂਕਿ ਉਹ ਹੇਠਲੀ ਅਦਾਲਤ ਦੇ ਜੱਜ ਵਜੋਂ ਇਸ ਤੋਂ ਪਹਿਲਾਂ ਇਸ ਮਾਮਲੇ ’ਤੇ ਸੁਣਵਾਈ ਕਰ ਚੁੱਕੇ ਹਨ। ਉਨ੍ਹਾਂ ਦੀਆਂ ਦਲੀਲਾਂ ਦਾ ਵਿਰੋਧ ਕਰਦਿਆਂ ਸੀ.ਬੀ.ਆਈ. ਨੇ ਕਿਹਾ ਸੀ ਕਿ ਜਸਟਿਸ ਤੇਜੀ ਨੇ ਮਾਮਲੇ ਵਿਚ ਕਦੇ ਵੀ ਸੁਣਵਾਈ ਨਹੀਂ ਕੀਤੀ ਸਿਰਫ ਜ਼ਮਾਨਤ ਦੀ ਅਰਜ਼ੀ



’ਤੇ ਸੁਣਵਾਈ ਕੀਤੀ ਸੀ ਜਦੋਂ ਉਹ ਸੈਸ਼ਨ ਜੱਜ ਵਜੋਂ ਹੇਠਲੀ ਅਦਾਲਤ ਦੇ ਜੱਜ ਸਨ। ਬੈਂਚ ਨੇ ਕਿਹਾ ਕਿ ਇਸ ਮਾਮਲੇ ਵਿਚ ਜਿਨ੍ਹਾਂ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ ਉਨ੍ਹਾਂ ਵਿਚੋਂ ਕੋਈ ਵੀ ਬੈਂਚ ਦੇ ਇਕ ਮੈਂਬਰ ’ਤੇ ਕਥਿਤ ਪੱਖਪਾਤ ਕਰਨ ਦਾ ਦੋਸ਼ ਲਾਉਣ ਵਾਲੇ ਬਿਨੇਕਾਰਾਂ ਵਿਚ ਸ਼ਾਮਲ ਨਹੀਂ, ਇਸ ਲਈ ਅਨਿਆਂ ਹੋਣ ਦਾ ਕੋਈ ਖਦਸ਼ਾ ਨਹੀਂ। ਜੱਜਾਂ ਨੇ ਕਿਹਾ ਕਿ ਅਰਜ਼ੀਆਂ ਸਿਰਫ ਮਾਮਲੇ ਨੂੰ ਲਟਕਾਉਣ ਦੀਆਂ ਚਾਲਾਂ ਹਨ। ਅਸੀਂ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦੇ ਸਕਦੇ ਕਿਉਂਕਿ ਘਟਨਾ 1984 ਦੀ ਹੈ। ਬੈਂਚ ਨੇ ਕਿਹਾ ਕਿ ਪਟੀਸ਼ਨਾਂ ਵਿਚ ਦਿੱਤੀਆਂ ਦਲੀਲਾਂ ਅਦਾਲਤ ਦੀ ਮਾਣਹਾਨੀ ਹੈ ਪਰ ਇਹ ਸੱਜਣ ਕੁਮਾਰ ਅਤੇ ਹੋਰਨਾਂ ਖ਼ਿਲਾਫ਼ ਇਸ ਤਰ੍ਹਾਂ ਦੀ ਕੋਈ ਕਾਰਵਾਈ ਸ਼ੁਰੂ ਨਹੀਂ ਕਰ ਰਿਹਾ ਤਾਂ ਜੋ ਮਾਮਲੇ ਵਿਚ ਹੋਰ ਦੇਰੀ ਨਾ ਹੋਵੇ। ਬੈਂਚ ਨੇ ਆਪਣੇ ਹੁਕਮ ਵਿਚ ਕਿਹਾ ਕਿ ਉਹ ਬਿਨੇਕਾਰਾਂ ’ਤੇ ਇਸ ਤਰ੍ਹਾਂ ਦੇ ਆਧਾਰਹੀਣ ਦੋਸ਼ ਲਾਉਣ ਲਈ ਕੋਈ ਜੁਰਮਾਨਾ ਨਹੀਂ ਲਾ ਰਿਹਾ, ਇਸ ਲਈ ਕੋਈ ਪੱਖਪਾਤ ਹੋਣ ਦਾ ਡਰ ਨਹੀਂ ਜਿਵੇਂ ਉਨ੍ਹਾਂ ਨੇ ਖਦਸ਼ਾ ਜ਼ਾਹਰ ਕੀਤਾ ਹੈ। ਸੱਜਣ ਕੁਮਾਰ ਤੋਂ ਇਲਾਵਾ, ਸਾਬਕਾ ਵਿਧਾਇਕ ਮਹੇਂਦਰ ਯਾਦਵ ਜਿਸ ਨੂੰ ਮਾਮਲੇ ਵਿਚ ਤਿੰਨ ਸਾਲ ਦੀ ਸਜ਼ਾ ਸੁਣਾਈ ਸੀ ਅਤੇ ਮੌਜੂਦਾ ਸਮੇਂ ਜ਼ਮਾਨਤ ’ਤੇ ਹੈ ਨੇ ਦੋਸ਼ ਲਾਇਆ ਸੀ ਕਿ ਜਸਟਿਸ ਤੇਜੀ ਮਾਮਲੇ ਵਿਚ ਖਾਸ ਰੁਚੀ ਦਿਖਾ ਰਹੇ ਹਨ, ਇਸ ਲਈ ਉਨ੍ਹਾਂ ਨੂੰ ਇਨ੍ਹਾਂ ਅਪੀਲਾਂ ਤੋਂ ਆਪਣੇ ਆਪ ਨੂੰ ਲਾਂਭੇ ਕਰ ਲੈਣਾ ਚਾਹੀਦਾ ਹੈ। ਦੋਸ਼ੀ ਕਿਸ਼ਨ ਖੋਖਰ ਜਿਸ ਨੂੰ ਵੀ ਤਿੰਨ ਸਾਲ ਦੀ ਸਜ਼ਾ ਸੁਣਾਈ ਸੀ ਅਤੇ ਮੌਜੂਦਾ ਸਮੇਂ ਜ਼ਮਾਨਤ ’ਤੇ ਹੈ ਨੇ ਵੀ ਇਸੇ ਤਰ੍ਹਾਂ ਦੀ ਪਟੀਸ਼ਨ ਦਾਇਰ ਕੀਤੀ ਸੀ। ਕੁਮਾਰ ਨੂੰ 2013 ਵਿਚ ਹੇਠਲੀ ਅਦਾਲਤ ਨੇ 1984 ਦੇ ਸਿੱਖ ਕਤਲੇਆਮ ਦੌਰਾਨ ਦਿੱਲੀ ਛਾਉਣੀ ਦੇ ਰਾਜ ਨਗਰ ਇਲਾਕੇ ਵਿਚ ਪੰਜ ਸਿੱਖਾਂ ਕੇਹਰ ਸਿੰਘ, ਗੁਰਪ੍ਰੀਤ ਸਿੰਘ, ਰਘੁਵੇਂਦਰ ਸਿੰਘ, ਨਰੇਂਦਰਪਾਲ ਸਿੰਘ ਅਤੇ ਕੁਲਦੀਪ ਸਿੰਘ ਜਿਹੜੇ ਇਕ ਹੀ ਪਰਿਵਾਰ ਨਾਲ ਸਬੰਧਤ ਸਨ, ਨੂੰ ਭੀੜ ਵਲੋਂ ਕਤਲ ਕਰ ਦੇਣ ਨਾਲ ਸਬੰਧਤ ਮਾਮਲੇ ਵਿਚ ਬਰੀ ਕਰ ਦਿੱਤਾ ਸੀ। ਅਦਾਲਤ ਨੇ ਸੱਜਣ ਕੁਮਾਰ ਨੂੰ ਬਰੀ ਕਰਦਿਆਂ ਪੰਜ ਦੋਸ਼ੀਆਂ ਨੂੰ ਕਸੂਰਵਾਰ ਐਲਾਨਿਆ ਸੀ। ਸਾਬਕਾ ਕੌਂਸਲਰ ਬਲਵਾਨ ਖੋਖਰ, ਗਿਰਧਾਰੀ ਲਾਲ ਅਤੇ ਸਾਬਕਾ ਜਲ ਸੈਨਾ ਅਧਿਕਾਰੀ ਕੈਪਟਨ ਭਾਗਮਲ ਨੂੰ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਜਦਕਿ ਯਾਦਵ ਤੇ ਖੋਖਰ ਨੂੰ ਤਿੰਨ ਤਿੰਨ ਸਾਲ ਦੀ ਸਜ਼ਾ ਦਿੱਤੀ ਸੀ ਜਿਸ ਨੂੰ ਉਨ੍ਹਾਂ ਨੇ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ। ਸੱਜਣ ਕੁਮਾਰ ਤੇ ਹੋਰਨਾਂ ਖਿਲਾਫ ਕੇਸ ਜਸਟਿਸ ਜੀ.ਟੀ. ਨਾਨਾਵਤੀ ਕਮਿਸ਼ਨ ਦੀ ਸਿਫਾਰਸ਼ ’ਤੇ 2005 ਵਿਚ ਦਰਜ ਕੀਤਾ ਸੀ।



# ’84 ਦੇ ਪੀੜਤਾਂ ਨੂੰ ਨਿਆਂ ਦਿਵਾਉਣ ਲਈ ‘ਆਪ’ ਆਗੂ ਬੈਠੇ ਭੁੱਖ ਹੜਤਾਲ ’ਤੇ

**ਐਸ.ਏ.ਐਸ. ਨਗਰ/ਬਿਊਰੋ ਨਿਊਜ਼ :**
ਆਮ ਆਦਮੀ ਪਾਰਟੀ (ਆਪ) ਨੇ ਨਵੰਬਰ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਅਤੇ ਸਿੱਖ ਦੰਗਿਆਂ ਲਈ ਜ਼ਿੰਮੇਵਾਰ ਕਾਂਗਰਸ ਆਗੂਆਂ ਨੂੰ ਕਾਨੂੰਨ ਅਨੁਸਾਰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਸਬੰਧੀ ਇੱਕ ਰੋਜ਼ਾ ਭੁੱਖ ਹੜਤਾਲ ਕੀਤੀ ਅਤੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇੱਥੋਂ ਦੇ ਗੁਰਦੁਆਰਾ ਅੰਬ ਸਾਹਿਬ ਦੇ ਸਾਹਮਣੇ ਮੰਡੀ ਗਰਾਊਂਡ ਵਿੱਚ ‘ਆਪ’ ਦੇ ਸੀਨੀਅਰ ਆਗੂ ਐਚ.ਐਸ. ਫੂਲਕਾ, ਭਗਵੰਤ ਮਾਨ, ਜਰਨੈਲ ਸਿੰਘ, ਗੁਰਪ੍ਰੀਤ ਸਿੰਘ ਵੜੈਚ (ਘੁੱਗੀ), ਸੁਖਪਾਲ ਸਿੰਘ ਖਹਿਰਾ, ਪ੍ਰੋ. ਬਲਜਿੰਦਰ ਕੌਰ, ਹਿੰਮਤ ਸਿੰਘ ਸ਼ੇਰਗਿੱਲ, ਕੰਵਰ ਸੰਧੂ, ਯਾਮਨੀ ਤੋਮਰ, ਦਰਸ਼ਨ ਸਿੰਘ ਧਾਲੀਵਾਲ ਭੁੱਖ ਹੜਤਾਲ ’ਤੇ ਬੈਠੇ। ਇਸ ਮੌਕੇ ਸ੍ਰੀ ਫੂਲਕਾ ਨੇ ਦੋਸ਼ ਲਾਇਆ ਕਿ ਭਾਜਪਾ ਤੇ ਕਾਂਗਰਸ ਵਿਚ ਅੰਦਰਖਾਤੇ ਸਿਆਸੀ ਸਾਂਝ ਕਰਕੇ ਹੁਣ ਤੱਕ ਸਿੱਖ ਕਤਲੇਆਮ ਲਈ ਜ਼ਿੰਮੇਵਾਰ ਕਾਂਗਰਸ ਆਗੂਆਂ ਨੂੰ ਕਾਨੂੰਨ ਅਨੁਸਾਰ ਸਜ਼ਾਵਾਂ ਨਹੀਂ ਮਿਲ ਸਕੀਆਂ ਹਨ। ਇਸ ਕਾਰਨ ਪੀੜਤ ਪਰਿਵਾਰ 3 ਦਹਾਕਿਆਂ ਤੋਂ ਇਨਸਾਫ਼ ਲਈ ਭਟਕ ਰਹੇ ਹਨ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜਦੋਂ ਤੱਕ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲ ਜਾਂਦੀਆਂ ਉਦੋਂ ਤੱਕ ‘ਆਪ’ ਚੁੱਪ ਕਰਕੇ ਨਹੀਂ ਬੈਠੇਗੀ। ਆਪ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ (ਘੁੱਗੀ) ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਕਲੀਨ ਚਿੱਟ ਦੇਣਾ ਮੰਦਭਾਗਾ ਹੈ। ਅਦਾਲਤ ਦੇ ਫ਼ੈਸਲੇ ਤੋਂ ਪਹਿਲਾਂ ਅਜਿਹੀ ਟਿੱਪਣੀ ਕਰਕੇ ਕੈਪਟਨ ਨੇ ਪੀੜਤ ਪਰਿਵਾਰਾਂ ਦੇ ਜ਼ਖ਼ਮਾਂ ’ਤੇ ਲੂਣ ਛਿੜਕਣ ਦਾ ਕੰਮ ਕੀਤਾ ਹੈ। ਇਸ ਲਈ ਕੈਪਟਨ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ 15 ਦਿਨਾਂ ਤੱਕ ਕੈਪਟਨ ਨੇ ਮੁਆਫ਼ੀ ਨਾ ਮੰਗੀ ਤਾਂ ‘ਆਪ’ ਦੇ ਵਾਲੰਟੀਅਰਾਂ ਵੱਲੋਂ ਪੰਜਾਬ ਵਿੱਚ ਥਾਂ-ਥਾਂ ’ਤੇ ਕੈਪਟਨ ਦਾ ਘਿਰਾਓ ਕੀਤਾ ਜਾਵੇਗਾ। ਸੰਸਦ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਸਿੱਖ ਕਤਲੇਆਮ ਦੇ ਪੀੜਤ ਪਰਿਵਾਰ ਅੱਜ ਵੀ ਇਨਸਾਫ਼ ਲਈ ਸਰਕਾਰੀ ਦਫ਼ਤਰਾਂ ਦੇ ਧੱਕੇ ਖਾ ਰਹੇ ਹਨ ਜਦੋਂ ਕਿ ਦੋਸ਼ੀ ਆਜ਼ਾਦ ਘੁੰਮ ਰਹੇ ਹਨ। ਇਸ ਮੌਕੇ ਸਿੱਖ ਕਤਲੇਆਮ ਦੀ ਚਸ਼ਮਦੀਦ ਗਵਾਹ ਨਿਰਪ੍ਰੀਤ ਕੌਰ ਵੀ ਹਾਜ਼ਰ ਸੀ। ਸ਼ਾਮ ਸਵਾ 5 ਵਜੇ ਵਿਧਾਇਕ ਜਰਨੈਲ ਸਿੰਘ ਨੇ ਅਰਦਾਸ ਕਰਕੇ ਭੁੱਖ ਹੜਤਾਲ ਖ਼ਤਮ ਕਰਨ ਦਾ ਐਲਾਨ ਕੀਤਾ ਅਤੇ ਮ੍ਰਿਤਕਾ ਨੂੰ ਸ਼ਰਧਾਂਜਲੀ ਭੇਟ ਕੀਤੀ।




ਮੁਹਾਲੀ ਵਿੱਚ ‘ਆਪ’ ਦੇ ਸੀਨੀਅਰ ਆਗੂ ਐਚਐਸ ਫੂਲਕਾ ਧਰਨੇ ਨੂੰ ਸੰਬੋਧਨ ਕਰਦੇ ਹੋਏ।

### ਕੁਰਾਨ ਸ਼ਰੀਫ਼ ਬੇਅਦਬੀ ਮਾਮਲਾ :

# ਪੁਲੀਸ ਨੇ ਧਮਕਾਇਆ-ਕਹੋ ਕਿ ਨਰੇਸ਼ ਯਾਦਵ ਨੇ ਸਾਜ਼ਿਸ਼ ਰਚੀ : ਮੁੱਖ ਮੁਲਜ਼ਮ ਵਿਜੈ

**ਸੰਗਰੂਰ/ਬਿਊਰੋ ਨਿਊਜ਼ :**
ਮਲੇਰਕੋਟਲਾ ਦੇ ਕੁਰਾਨ ਸ਼ਰੀਫ ਬੇਅਦਬੀ ਮਾਮਲੇ ਵਿੱਚ ਉਸ ਸਮੇਂ ਨਵਾਂ ਮੋੜ ਆ ਗਿਆ ਜਦੋਂ ਕੇਸ ਦੇ ਮੁੱਖ ਮੁਲਜ਼ਮ ਵਿਜੇ ਕੁਮਾਰ ਨੇ ਚੁੱਪ ਤੋੜਦਿਆਂ ਮੀਡੀਆ ਸਾਹਮਣੇ ਖੁਲਾਸਾ ਕੀਤਾ ਕਿ ਬੇਅਦਬੀ ਮਾਮਲੇ ਵਿੱਚ ਪੁਲੀਸ ਵੱਲੋਂ ਉਸ ਦੇ ਬਿਆਨ ਡਰਾ ਧਮਕਾ ਕੇ ਲਏ ਗਏ ਹਨ। ਵਿਜੇ ਕੁਮਾਰ ਨੇ ਦੋਸ਼ ਲਾਇਆ ਕਿ ਪੁਲੀਸ ਵੱਲੋਂ ਉਸ ਨੂੰ ਧਮਕੀ ਦਿੱਤੀ ਗਈ ਸੀ ਕਿ ਉਸ ਦੇ ਖ਼ਿਲਾਫ਼ ਕਤਲ ਅਤੇ ਇਰਾਦਾ ਕਤਲ ਦੇ ਦੋਸ਼ ਹੇਠ ਕੇਸ ਦਰਜ ਕਰ ਦਿੱਤਾ ਜਾਵੇਗਾ। ਵਿਜੈ ਨੇ ਕਿਹਾ, ‘ਡਰਦਿਆਂ ਮੈਂ ਉਹੀ ਕੀਤਾ ਜੋ ਪੁਲੀਸ ਨੇ ਮੈਨੂੰ ਕਿਹਾ।’ ਵਿਜੇ ਕੁਮਾਰ ਇਥੇ ਕੁਰਾਨ ਸਰੀਫ ਬੇਅਦਬੀ ਕੇਸ ਵਿੱਚ ਵਧੀਕ ਸੈਸ਼ਨ ਜੱਜ ਦੀ ਅਦਾਲਤ ਵਿੱਚ ਪੇਸ਼ ਹੋਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਸ ਨੇ ਪੁਲੀਸ ਵੱਲੋਂ ਦਰਜ ਕੀਤੀ ਗਈ ਐਫ.ਆਈ.ਆਰ. ਉਪਰ ਵੀ ਸਵਾਲ ਖੜ੍ਹੇ ਕੀਤੇ। ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਯਾਦਵ ਖ਼ਿਲਾਫ਼ ਲਗਾਏ ਗਏ ਦੋਸ਼ਾਂ ਬਾਰੇ ਵਿਜੇ ਕੁਮਾਰ ਨੇ ਕਿਹਾ ਕਿ ਸਾਰੇ ਦੋਸ਼ ਪੁਲੀਸ ਦੀ ਧਮਕੀ ਦੇ ਕਾਰਨ ਹੀ ਲਗਾਏ ਗਏ ਅਤੇ ਇਹ ਪੁਲੀਸ ਦੀ ਆਪਣੀ ਹੀ ਯੋਜਨਾ ਸੀ।




ਵਿਜੇ ਕੁਮਾਰ ਨੇ ਦਾਅਵਾ ਕੀਤਾ ਕਿ ਪੁਲੀਸ ਵਲੋਂ ਦਰਜ ਕੀਤੀ ਐਫ਼ਆਈਆਰ ਵਿੱਚ ਘਟਨਾ ਮੌਕੇ ਬਲੈਰੋ ਗੱਡੀ ਦੀ ਵਰਤੋਂ ਕਰਨਾ ਵਿਖਾਇਆ ਗਿਆ ਹੈ ਜਦੋਂ ਕਿ ਉਸ ਪਾਸੋਂ ਥਾਰ ਜੀਪ ਬਰਾਮਦ ਕੀਤੀ ਹੈ। ਐਫ਼ਆਈਆਰ ਵਿੱਚ ਪੁਲੀਸ ਵਲੋਂ ਬਲੈਰੋ ਗੱਡੀ ਦੀ ਪਿਛਲੀ ਖਿੜਕੀ ਰਾਹੀਂ ਧਾਰਮਿਕ ਪੰਨੇ ਸੁੱਟਣ ਦੀ ਗੱਲ ਕਹੀ ਗਈ ਹੈ ਜਦੋਂ ਕਿ ਥਾਰ ਜੀਪ ਦੇ ਪਿਛਲੇ ਪਾਸੇ ਕੋਈ ਖਿੜਕੀ ਹੀ ਨਹੀਂ ਹੈ। ਓਧਰ ਦਿੱਲੀ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਯਾਦਵ ਵੀ ਕੇਸ ਦੀ ਸੁਣਵਾਈ ਦੌਰਾਨ ਅਦਾਲਤ ਵਿੱਚ ਪੇਸ਼ ਹੋਏ। ਉਸ ਨੇ ਕਿਹਾ ਕਿ ਪੁਲੀਸ ਵੱਲੋਂ ਉਸ ਨੂੰ ਝੂਠਾ ਫਸਾਇਆ ਗਿਆ ਹੈ। ਉਸ ਦੇ ਵਕੀਲ ਹਰਪਾਲ ਸਿੰਘ ਚੀਮਾ ਨੇ ਕਿਹਾ ਹੈ ਕਿ ਅਦਾਲਤ ਵਿੱਚ ਅਰਜ਼ੀ ਦਾਇਰ ਕਰਕੇ ਪੁਲੀਸ ਵੱਲੋਂ ਵਿਜੇ ਕੁਮਾਰ ਦੇ 164-ਏ ਤਹਿਤ ਦਰਜ ਕੀਤੇ ਬਿਆਨ ਦੀ ਕਾਪੀ, ਘਟਨਾ ਮੌਕੇ ਦੀ ਸੀਸੀਟੀਵੀ ਫੁਟੇਜ ਅਤੇ ਕਾਲ ਡਿਟੇਲ ਦੀ ਮੰਗ ਕੀਤੀ ਗਈ ਹੈ। ਕੇਸ ਦੀ ਅਗਲੀ ਸੁਣਵਾਈ ਲਈ ਅਦਾਲਤ ਵਲੋਂ 1 ਦਸੰਬਰ ਦੀ ਤਾਰੀਖ ਪੇਸ਼ੀ ਨਿਸ਼ਚਿਤ ਕੀਤੀ ਗਈ ਹੈ।

## ਪੰਜਾਬ ਵਿਚ ਸ਼ਰਾਬ ਮਾਫ਼ੀਆ ਹੱਥੋਂ ਇਕ ਮਹੀਨੇ ’ਚ ਚੌਥਾ ਕਤਲ

**ਮੋਗਾ/ਬਿਊਰੋ ਨਿਊਜ਼ :** ਇਥੇ ਥਾਣਾ ਸਮਾਲਸਰ ਅਧੀਨ ਪਿੰਡ ਠੱਠੀ ਭਾਈ ਵਿੱਚ ਸ਼ਰਾਬ ਠੇਕੇਦਾਰ ਦੇ ਲੱਠਮਾਰਾਂ ਨੇ ਸਾਬਕਾ ਫ਼ੌਜੀ ਦੀ ਬੇਰਹਿਮੀ ਨਾਲ ਕੁੱਟ ਮਾਰ ਕੀਤੀ ਅਤੇ ਉਹ ਜ਼ਖ਼ਮਾਂ ਦੀ ਤਾਬ ਨਾ ਝਲਦਾ ਹੋਇਆ ਮੋਗਾ ਸਿਵਲ ਹਸਪਤਾਲ ਵਿੱਚ ਦਮ ਤੋੜ ਗਿਆ। ਥਾਣਾ ਸਮਾਲਸਰ ਮੁਖੀ ਭੁਪਿੰਦਰ ਸਿੰਘ ਨੇ ਕਿਹਾ ਕਿ ਮਾਮਲੇ ਦੀ ਜਾਂਚ ਜਾਰੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਾਬਕਾ ਫ਼ੌਜੀ ਬੇਅੰਤ ਸਿੰਘ (40) ਪੁੱਤਰ ਜਰਨੈਲ ਸਿੰਘ ਪਿੰਡ ਚੀਦਾ (ਬਾਘਾਪੁਰਾਣਾ) ਨੇੜਲੇ ਪਿੰਡ ਠੱਠੀ ਭਾਈ ਵਿਖੇ ਸ਼ਰਾਬ ਦੇ ਠੇਕੇ ਤੋਂ ਲੰਘੀ ਰਾਤ ਕਰੀਬ 9.30 ਵਜੇ ਸ਼ਰਾਬ ਲੈਣ ਗਿਆ ਸੀ।



ਬਾਕੀ ਸਫ਼ਾ 34 ’ਤੇ

# ਇਕ ਰੈਂਕ ਇਕ ਪੈਨਸ਼ਨ ਤੋਂ ਦੁਖੀ ਸਾਬਕਾ ਫ਼ੌਜੀ ਨੇ ਕੀਤੀ ਖ਼ੁਦਕੁਸ਼ੀ

## ਮੋਦੀ ਅਤੇ ਪੁਲੀਸ 'ਤੇ ਵਰ੍ਹੇ ਰਾਹੁਲ ਗਾਂਧੀ ਤੇ ਕੇਜਰੀਵਾਲ



### ਰਾਜਨਾਥ ਸਿੰਘ ਨੇ ਪੁਲੀਸ ਕਾਰਵਾਈ ਦਾ ਕੀਤਾ ਬਚਾਅ

**ਨਵੀਂ ਦਿੱਲੀ :** ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਦਿੱਲੀ ਪੁਲੀਸ ਵੱਲੋਂ ਕਾਂਗਰਸ ਆਗੂ ਰਾਹੁਲ ਗਾਂਧੀ ਅਤੇ 'ਆਪ' ਆਗੂ ਤੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਖ਼ਿਲਾਫ਼ ਦਿੱਲੀ ਪੁਲੀਸ ਵੱਲੋਂ ਕੀਤੀ ਗਈ ਕਾਰਵਾਈ ਦਾ ਬਚਾਅ ਕੀਤਾ। ਉਨ੍ਹਾਂ ਕਿਹਾ ਕਿ ਦਿੱਲੀ ਪੁਲੀਸ ਜੋਖ਼ਮ ਘਟਾਉਣ ਲਈ ਹਰ ਸੰਭਵ ਕਾਰਵਾਈ ਕਰੇਗੀ। ਗ੍ਰਹਿ ਮੰਤਰੀ ਨੇ ਕਿਹਾ ਕਿ 'ਇਕ ਰੈਂਕ ਇਕ ਪੈਨਸ਼ਨ' ਦੀ ਮੰਗ ਨੂੰ ਉਨ੍ਹਾਂ ਦੀ ਸਰਕਾਰ ਅਤੇ ਪ੍ਰਧਾਨ ਮੰਤਰੀ ਨੇ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਵੱਲੋਂ ਇਸ ਮਸਲੇ ਉੱਤੇ ਸਿਆਸਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

### ਜ਼ਹਿਰ ਕਿਥੋਂ ਆਇਆ ?

ਨਵੀਂ ਦਿੱਲੀ : ਸੂਬੇਦਾਰ (ਸੇਵਾਮੁਕਤ) ਰਾਮ ਕਿਸ਼ਨ ਗਰੇਵਾਲ ਵੱਲੋਂ ਖ਼ੁਦਕੁਸ਼ੀ ਕੀਤੇ ਜਾਣ ਨੂੰ ਗੰਭੀਰ ਮਾਮਲਾ ਮੰਨਦਿਆਂ ਕੇਂਦਰ ਸਰਕਾਰ ਨੇ ਇਸ ਦੀ ਪੂਰੀ ਜਾਂਚ ਕਰਾਉਣ ਦਾ ਫ਼ੈਸਲਾ ਲਿਆ ਹੈ। ਸੂਤਰਾਂ ਮੁਤਾਬਕ ਇਸ ਗੱਲ ਦੀ ਜਾਂਚ ਕੀਤੀ ਜਾਏਗੀ ਕਿ ਗਰੇਵਾਲ ਨੂੰ ਜ਼ਹਿਰ ਕਿਸ ਨੇ ਮੁਹੱਈਆ ਕਰਵਾਇਆ ਅਤੇ ਕਿਸੇ ਨੇ ਉਸ ਨੂੰ ਸਖ਼ਤ ਕਦਮ ਚੁੱਕਣ ਲਈ ਉਕਸਾਇਆ ਤਾਂ ਨਹੀਂ। ਰੱਖਿਆ ਮੰਤਰਾਲੇ ਦੇ ਨਾਮ ਉਸ ਕੋਲ 31 ਅਕਤੂਬਰ ਦਾ ਲਿਖਿਆ ਪੱਤਰ ਸੀ ਅਤੇ ਉਸ ਨੇ ਪਹਿਲੀ ਨਵੰਬਰ ਨੂੰ ਖ਼ੁਦਕੁਸ਼ੀ ਕਰ ਲਈ ਜਿਸ ਤੋਂ ਕਈ ਸਵਾਲ ਖੜ੍ਹੇ ਹੋ ਗਏ ਹਨ। ਸੂਤਰਾਂ ਨੇ ਕਿਹਾ ਕਿ ਇਸ ਗੱਲ ਦੀ ਵੀ ਜਾਂਚ ਹੋਏਗੀ ਕਿ ਸਾਬਕਾ ਸੈਨਿਕ ਨਾਲ ਕਿਹੜੇ ਸਾਥੀ ਸਨ, ਜਿਸ ਵੇਲੇ ਉਸ ਨੇ ਖ਼ੁਦਕੁਸ਼ੀ ਕੀਤੀ।

### ਖ਼ੁਦਕੁਸ਼ੀ ਨੋਟ- 'ਮੈਂ ਦੇਸ਼ ਤੇ ਸਾਥੀਆਂ ਲਈ ਜਾਨ ਦੇ ਰਿਹਾਂ'

ਨਵੀਂ ਦਿੱਲੀ: ਸਾਬਕਾ ਸੂਬੇਦਾਰ ਰਾਮ ਕਿਸ਼ਨ ਗਰੇਵਾਲ ਨੇ ਜਾਨ ਦੇਣ ਤੋਂ ਪਹਿਲਾਂ ਖ਼ੁਦਕੁਸ਼ੀ ਨੋਟ ਵਿਚ ਲਿਖਿਆ ਕਿ ਉਹ ਦੇਸ਼ ਅਤੇ ਬਹਾਦਰ ਸਾਥੀ ਜਵਾਨਾਂ ਲਈ ਆਪਣੀ ਜਾਨ ਦੇਣ ਜਾ ਰਹੇ ਹਨ। ਜਿਹੜਾ ਦਸਤਾਵੇਜ਼ ਉਹ ਰੱਖਿਆ ਮੰਤਰਾਲੇ ਨੂੰ ਸੌਂਪਣ ਆਏ ਸਨ, ਉਸੇ 'ਤੇ ਉਨ੍ਹਾਂ ਖ਼ੁਦਕੁਸ਼ੀ ਨੋਟ ਲਿਖਿਆ। ਨਿਊਜ਼ ਚੈਨਲਾਂ 'ਤੇ ਬੇਟੇ ਨਾਲ ਹੋਈ ਗੱਲਬਾਤ ਦੇ ਆਖਰੀ ਅੰਸ਼ ਸੁਣਾਏ ਗਏ ਜਿਸ ਵਿਚ ਗਰੇਵਾਲ ਆਖਦੇ ਦਿਖਾਈ ਦੇ ਰਹੇ ਹਨ ਕਿ ਉਨ੍ਹਾਂ ਜ਼ਹਿਰ ਖਾ ਲਿਆ ਹੈ ਅਤੇ ਉਹ ਇਕ ਰੈਂਕ ਇਕ ਪੈਨਸ਼ਨ ਅਤੇ ਆਪਣੇ ਸਾਥੀ ਜਵਾਨਾਂ, ਜਿਨ੍ਹਾਂ ਨੂੰ ਬਣਦਾ ਮਾਣ ਨਹੀਂ ਮਿਲਿਆ, ਲਈ ਆਪਣੀ ਜਾਨ ਦੇ ਰਹੇ ਹਨ।

**ਨਵੀਂ ਦਿੱਲੀ/ਬਿਊਰੋ ਨਿਊਜ਼ :** ਇਕ ਰੈਂਕ ਇਕ ਪੈਨਸ਼ਨ ਦੇ ਮੁੱਦੇ 'ਤੇ ਸਾਬਕਾ ਫ਼ੌਜੀ ਰਾਮ ਕਿਸ਼ਨ ਗਰੇਵਾਲ (70) ਨੇ ਖ਼ੁਦਕੁਸ਼ੀ ਕਰ ਲਈ। ਇਸ ਮਗਰੋਂ ਦੇਸ਼ ਦੀ ਰਾਜਧਾਨੀ ਵਿਚ ਸਿਆਸੀ ਲਾਹਾ ਲੈਣ ਦਾ ਦੌਰ ਸ਼ੁਰੂ ਹੋ ਗਿਆ। ਕਾਂਗਰਸ ਮੀਤ ਪ੍ਰਧਾਨ ਰਾਹੁਲ ਗਾਂਧੀ ਨੂੰ ਦਿੱਲੀ ਪੁਲੀਸ ਨੇ ਦੋ ਵਾਰ ਹਿਰਾਸਤ ਵਿਚ ਲਿਆ ਜਦਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗਤੀਵਿਧੀ ਨੂੰ ਸੀਮਤ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੀ ਪਾਰਟੀ ਦੇ ਕਈ ਵਰਕਰਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਦੋਵੇਂ ਪਾਰਟੀਆਂ ਨੇ ਇਹ ਵੀ ਦੋਸ਼ ਲਾਏ ਕਿ ਮੋਦੀ ਸਰਕਾਰ ਹਰਿਆਣਾ ਦੇ ਭਿਵਾਨੀ ਜ਼ਿਲ੍ਹੇ ਦੇ ਵਸਨੀਕ ਰਾਮ ਕਿਸ਼ਨ ਗਰੇਵਾਲ ਦੀ ਮੌਤ ਲਈ ਜ਼ਿੰਮੇਵਾਰ ਹੈ। ਸਾਬਕਾ ਸੈਨਿਕ ਗਰੇਵਾਲ ਨੇ ਜਨਪੱਥ 'ਤੇ ਇਕ ਸਰਕਾਰੀ ਇਮਾਰਤ ਦੇ ਅਹਾਤੇ ਵਿਚ ਕੋਈ ਜ਼ਹਿਰੀਲੀ ਵਸਤੂ ਖਾ ਕੇ ਆਪਣੀ ਜਾਨ ਦੇ ਦਿੱਤੀ ਸੀ।

ਸਾਬਕਾ ਸੈਨਿਕ ਦੇ ਲੜਕੇ ਜਸਵੰਤ ਨੇ ਦੱਸਿਆ ਕਿ ਉਸ ਦੇ ਪਿਤਾ ਖ਼ੁਦਕੁਸ਼ੀ ਨੋਟ ਵੀ ਛੱਡ ਕੇ ਗਏ ਹਨ। ਉਧਰ ਪੁਲੀਸ ਦਾ ਕਹਿਣਾ ਹੈ ਕਿ ਸ੍ਰੀ ਗਰੇਵਾਲ ਆਪਣੇ ਤਿੰਨ ਸਾਥੀਆਂ ਨਾਲ ਰੱਖਿਆ ਮੰਤਰੀ ਮਨੋਹਰ ਪਰੀਕਰ ਨੂੰ 'ਇਕ ਰੈਂਕ ਇਕ ਪੈਨਸ਼ਨ' ਦੇ ਮੁੱਦੇ 'ਤੇ ਮੰਗ ਪੱਤਰ ਸੌਂਪਣ ਲਈ ਦਿੱਲੀ ਆਏ ਸਨ। ਉਨ੍ਹਾਂ ਦੇ ਦੋਸਤਾਂ ਦਾ ਕਹਿਣਾ ਹੈ ਕਿ ਸ੍ਰੀ ਗਰੇਵਾਲ ਨੇ ਥਲ ਸੈਨਾ ਅਤੇ ਡਿਫੈਂਸ ਸਕਿਊਰਟੀ ਕੋਰ ਵਿਚ 30 ਵਰ੍ਹਿਆਂ ਤਕ ਸੇਵਾਵਾਂ ਨਿਭਾਈਆਂ ਅਤੇ ਉਹ ਕੁਝ ਸਮੇਂ ਤੋਂ ਇਸ ਮੁੱਦੇ ਤੋਂ ਪਰੇਸ਼ਾਨ ਚਲੇ ਆ ਰਹੇ ਸਨ। ਰੱਖਿਆ ਮੰਤਰਾਲੇ ਦੇ ਸੂਤਰਾਂ ਨੇ ਕਿਹਾ ਕਿ ਰਿਕਾਰਡ ਮੁਤਾਬਕ ਸ੍ਰੀ ਪਰੀਕਰ ਨਾਲ ਮੁਲਾਕਾਤ ਦੀ ਕੋਈ ਬੇਨਤੀ ਨਹੀਂ ਆਈ ਸੀ। ਉਂਜ ਸ੍ਰੀ ਪਰੀਕਰ ਨੇ ਟਵੀਟ ਕਰ ਕੇ ਸਾਬਕਾ ਸੈਨਿਕ ਦੀ ਮੌਤ 'ਤੇ ਅਫ਼ਸੋਸ ਪ੍ਰਗਟ ਕਰਦਿਆਂ ਅਧਿਕਾਰੀਆਂ ਤੋਂ ਵੇਰਵੇ ਮੰਗ ਲਏ ਹਨ।

ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸਮੇਤ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਦੇ ਕਈ ਆਗੂਆਂ ਨੂੰ ਪੁਲੀਸ ਨੇ ਫੜੀ ਰੱਖਿਆ। ਰਾਹੁਲ ਗਾਂਧੀ ਨੇ ਕਿਹਾ ਕਿ ਦਿੱਲੀ ਪੁਲੀਸ ਦੀ ਕਾਰਵਾਈ ਮੋਦੀ ਸਰਕਾਰ ਦੀ ਗ਼ੈਰ ਜਮਹੂਰੀ ਮਾਨਸਿਕਤਾ ਨੂੰ ਦਰਸਾਉਂਦੀ ਹੈ। ਕੇਜਰੀਵਾਲ ਨੇ ਪ੍ਰਧਾਨ ਮੰਤਰੀ 'ਤੇ ਪ੍ਰਪੰਚ ਕਰਨ ਦੇ ਦੋਸ਼ ਲਾਉਂਦਿਆਂ ਕਿਹਾ ਕਿ ਉਹ ਇਕ ਰੈਂਕ ਇਕ ਪੈਨਸ਼ਨ ਦੇ ਮੁੱਦੇ 'ਤੇ ਝੂਠ ਬੋਲ ਰਹੇ ਹਨ।

ਕਾਂਗਰਸ ਮੀਤ ਪ੍ਰਧਾਨ ਨੂੰ ਮੰਦਿਰ ਮਾਰਗ ਅਤੇ ਪਾਰਲੀਮੈਂਟ ਸਟਰੀਟ ਪੁਲੀਸ ਥਾਣੇ ਵਿਚ ਰੱਖਿਆ ਗਿਆ ਜਦਕਿ ਕੇਜਰੀਵਾਲ ਦੀ ਗਤੀਵਿਧੀ ਉਸ ਸਮੇਂ ਰੋਕ ਦਿੱਤੀ ਗਈ ਜਦੋਂ ਉਹ ਸਾਬਕਾ ਫ਼ੌਜੀ ਦੇ ਸੋਗ ਵਿਚ ਡੁੱਬੇ ਪਰਿਵਾਰ ਨੂੰ ਮਿਲਣ ਲਈ ਜਾ ਰਹੇ ਸਨ। ਕੇਜਰੀਵਾਲ ਨੇ ਕਿਹਾ ਕਿ ਗਰੇਵਾਲ ਦੀ ਸ਼ਹੀਦੀ ਬੇਕਾਰ ਨਹੀਂ ਜਾਏਗੀ। ਕਰੀਬ ਤਿੰਨ ਘੰਟੇ ਗੱਡੀ ਵਿਚ ਬੈਠੇ ਰਹਿਣ ਮਗਰੋਂ ਦਿੱਲੀ ਪੁਲੀਸ ਨੇ ਕੇਜਰੀਵਾਲ ਨੂੰ ਹਿਰਾਸਤ 'ਚ ਲੈ ਲਿਆ। ਰਾਹੁਲ ਨੂੰ ਬਾਅਦ ਵਿਚ ਤੁਗਲਕ ਰੋਡ ਥਾਣੇ ਵਿਚ ਲਿਜਾਇਆ ਗਿਆ। ਰਾਤ ਨੂੰ ਤਿਲਕ ਮਾਰਗ ਥਾਣੇ ਤੋਂ ਰਿਹਾਅ ਹੋਣ ਮਗਰੋਂ ਰਾਹੁਲ ਗਾਂਧੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਰਾਮ ਕਿਸ਼ਨ ਦੇ ਪਰਿਵਾਰ ਤੋਂ ਮੁਆਫ਼ੀ ਮੰਗਣ। ਮਰਹੂਮ ਸੈਨਿਕ ਦੇ ਲੜਕੇ ਜਸਵੰਤ ਸਮੇਤ ਪਰਿਵਾਰ ਦੇ 12 ਮੈਂਬਰਾਂ ਨੂੰ ਵੀ ਹਿਰਾਸਤ ਵਿਚ ਲੈ ਲਿਆ ਗਿਆ। ਇਨ੍ਹਾਂ ਵਿਚੋਂ ਕੁਝ ਨੇ ਦੋਸ਼ ਲਾਏ ਕਿ ਜਦੋਂ ਉਹ ਰਾਮ ਮਨੋਹਰ ਲੋਹੀਆ ਹਸਪਤਾਲ, ਜਿਥੇ ਸ੍ਰੀ ਗਰੇਵਾਲ ਦੀ ਦੇਹ ਰੱਖੀ ਗਈ ਹੈ, ਪੁੱਜੇ ਤਾਂ ਪੁਲੀਸ ਨੇ ਉਨ੍ਹਾਂ ਨੂੰ ਕੁੱਟਿਆ ਵੀ।ਕਾਂਗਰਸ ਦੇ ਰਣਦੀਪ ਸੁਰਜੇਵਾਲਾ,




ਜਯੋਤਿਰਦਿੱਤਿਆ ਸਿੰਧੀਆ ਅਤੇ ਕੁਮਾਰੀ ਸੈਲਜਾ ਸਮੇਤ ਕਈ ਆਗੂਆਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਜਦਕਿ 'ਆਪ' ਦੇ ਕਈ ਵਰਕਰਾਂ ਨੂੰ ਪੁਲੀਸ ਪਾਰਲੀਮੈਂਟ ਸਟਰੀਟ ਥਾਣੇ ਦੇ ਬਾਹਰ ਘੜੀਸਦੀ ਹੋਈ ਨਜ਼ਰ ਆਈ ਜਿਥੇ ਸ੍ਰੀ ਸਿਸੋਦੀਆ ਨੂੰ ਕਈ ਘੰਟਿਆਂ ਤਕ ਹਿਰਾਸਤ ਵਿਚ ਰੱਖਿਆ ਗਿਆ।

ਜ਼ਿਕਰਯੋਗ ਹੈ ਕਿ ਸਾਬਕਾ ਸੈਨਿਕ ਵੱਲੋਂ ਖ਼ੁਦਕੁਸ਼ੀ ਦਾ ਮਾਮਲਾ ਉਸ ਸਮੇਂ ਸਾਹਮਣੇ ਆਇਆ ਹੈ ਜਦੋਂ 'ਇਕ ਰੈਂਕ ਇਕ ਪੈਨਸ਼ਨ' ਸਬੰਧੀ ਬਣਾਈ ਗਈ ਇਕ ਮੈਂਬਰੀ ਜੁਡੀਸ਼ਲ ਕਮੇਟੀ ਨੇ ਸ੍ਰੀ ਪਰੀਕਰ ਨੂੰ ਰਿਪੋਰਟ ਸੌਂਪ ਦਿੱਤੀ ਹੈ। ਕੇਂਦਰ ਸਰਕਾਰ ਨੇ 'ਇਕ ਰੈਂਕ ਇਕ ਪੈਨਸ਼ਨ' ਨੂੰ ਲਾਗੂ ਕਰ ਦਿੱਤਾ ਸੀ ਪਰ ਉਸ ਦੀਆਂ ਖਾਮੀਆਂ ਨੂੰ ਦੂਰ ਕਰਨ ਲਈ ਜਸਟਿਸ (ਸੇਵਾਮੁਕਤ) ਐਲ ਨਰਸਿਮ੍ਹਾ ਰੈੱਡੀ ਦੀ ਚੇਅਰਮੈਨੀ ਹੇਠ ਕਮੇਟੀ ਬਣਾਈ ਸੀ। ਮੰਤਰਾਲੇ ਵੱਲੋਂ ਰਿਪੋਰਟ ਘੋਖੀ ਜਾ ਰਹੀ ਹੈ ਅਤੇ ਸੂਤਰਾਂ ਦਾ ਕਹਿਣਾ ਹੈ ਕਿ ਇਸ ਬਾਬਤ ਛੇਤੀ ਹੀ ਕੋਈ ਫ਼ੈਸਲਾ ਲਿਆ ਜਾਏਗਾ।

ਅੰਮ੍ਰਿਤਸਰ : ਦਿੱਲੀ ਦੇ ਜੰਤਰ ਮੰਤਰ ਵਿੱਚ ਖ਼ੁਦਕੁਸ਼ੀ ਕਰਨ ਵਾਲੇ ਸਾਬਕਾ ਫੌਜੀ ਰਾਮਕਿਸ਼ਨ ਦੇ ਮਾਮਲੇ ਦਾ ਨੋਟਿਸ ਲੈਂਦਿਆਂ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਦਿੱਲੀ ਦੇ ਪੁਲੀਸ ਕਮਿਸ਼ਨਰ ਨੂੰ ਨੋਟਿਸ ਜਾਰੀ ਕੀਤਾ ਹੈ ਅਤੇ ਤਿੰਨ ਨਵੰਬਰ ਨੂੰ ਕਮਿਸ਼ਨ ਦੇ ਦਫਤਰ ਵਿੱਚ ਪੇਸ਼ ਹੋਣ ਦੀ ਹਦਾਇਤ ਕੀਤੀ ਹੈ। ਇਸ ਸਬੰਧੀ ਕਮਿਸ਼ਨ ਦੇ ਮੀਤ ਚੇਅਰਮੈਨ ਰਾਜ ਕੁਮਾਰ ਵੇਰਕਾ ਨੇ ਦੱਸਿਆ ਕਿ ਕਮਿਸ਼ਨ ਨੂੰ ਮਿਲੀ ਸੂਚਨਾ ਮੁਤਾਬਕ ਸਾਬਕਾ ਫੌਜੀ ਰਾਮ ਕਿਸ਼ਨ ਦਲਿਤ ਸਮਾਜ ਨਾਲ ਸਬੰਧਿਤ ਸੀ। ਉਸ ਦੇ ਪੁੱਤਰ ਜਸਵੰਤ ਸਿੰਘ ਨੂੰ ਪੁਲੀਸ ਵੱਲੋਂ ਕਾਬੂ ਕਰਨਾ ਅਤੇ ਹਿਰਾਸਤ ਵਿਚ ਰੱਖਣਾ ਗ਼ੈਰਕਾਨੂੰਨੀ ਸੀ। ਕਮਿਸ਼ਨ ਨੇ ਆਖਿਆ ਕਿ ਇਸ ਮਾਮਲੇ ਵਿੱਚ ਪੁਲੀਸ ਖ਼ਿਲਾਫ਼ ਕਿਉਂ ਨਾ ਕਾਰਵਾਈ ਕੀਤੀ ਜਾਵੇ। ਇਸੇ ਲਈ ਪੁਲੀਸ ਕਮਿਸ਼ਨਰ ਨੂੰ ਤਲਬ ਕੀਤਾ ਗਿਆ ਹੈ। ਇਸ ਤੋਂ ਇਲਾਵਾ ਜਸਵੰਤ ਸਿੰਘ ਦੇ ਬਿਆਨ ਕਲਮਬੱਧ ਕੀਤੇ ਜਾਣਗੇ।

## ਸਿਆਸੀ ਸੰਗਰਾਮ- ਰਾਹੁਲ ਤੇ ਕੇਜਰੀਵਾਲ ਨੇ ਰਾਮਕਿਸ਼ਨ ਨੂੰ ਦੱਸਿਆ ਸ਼ਹੀਦ

### ਖੱਟਰ ਬੋਲੇ-ਸਰਹੱਦ 'ਤੇ ਜਾਨ ਦੇਣ ਵਾਲਾ ਹੁੰਦੈ ਸ਼ਹੀਦ, ਖ਼ੁਦਕੁਸ਼ੀ ਕਰਨ ਵਾਲਾ ਨਹੀਂ

**ਭਿਵਾਨੀ/ਨਵੀਂ ਦਿੱਲੀ/ਬਿਊਰੋ ਨਿਊਜ਼ :** ਇਕ ਰੈਂਕ ਇਕ ਪੈਨਸ਼ਨ ਦੇ ਮੁੱਦੇ 'ਤੇ ਖ਼ੁਦਕੁਸ਼ੀ ਕਰਨ ਵਾਲੇ ਸਾਬਕਾ ਸੈਨਿਕ ਰਾਮ ਕਿਸ਼ਨ ਗਰੇਵਾਲ ਦਾ ਉਨ੍ਹਾਂ ਦੇ ਜੱਦੀ ਪਿੰਡ ਬਾਮਲਾ ਵਿਚ ਅੰਤਮ ਸਸਕਾਰ ਕਰ ਦਿੱਤਾ ਗਿਆ। ਪਿੰਡ ਬਾਮਲਾ ਸਿਆਸਤ ਦਾ ਕੇਂਦਰ ਬਣ ਗਿਆ ਜਦੋਂ ਕਾਂਗਰਸ ਉਪ ਪ੍ਰਧਾਨ ਰਾਹੁਲ ਗਾਂਧੀ ਅਤੇ 'ਆਪ' ਮੁਖੀ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਮੇਤ ਹੋਰ ਆਗੂ ਵੀ ਸਾਬਕਾ ਸੈਨਿਕ ਦੇ ਸਸਕਾਰ 'ਤੇ ਪਹੁੰਚ ਗਏ। ਕੇਂਦਰੀ ਮੰਤਰੀ ਵੀ ਕੇ ਸਿੰਘ ਨੇ ਗਰੇਵਾਲ ਨੂੰ ਕਾਂਗਰਸ ਵਰਕਰ ਦੱਸ ਕੇ ਇਕ ਹੋਰ ਵਿਵਾਦ ਖੜ੍ਹਾ ਕਰ ਦਿੱਤਾ। ਉਨ੍ਹਾਂ ਨੇ ਸਾਬਕਾ




ਸੈਨਿਕ ਦੀ ਦਿਮਾਗੀ ਹਾਲਤ 'ਤੇ ਵੀ ਸਵਾਲ ਉਠਾਏ ਸਨ। ਇਸ ਦੌਰਾਨ ਕੇਜਰੀਵਾਲ ਨੇ ਸਾਬਕਾ ਸੈਨਿਕ ਦੇ ਪਰਿਵਾਰ ਨੂੰ ਇਕ ਕਰੋੜ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਫ਼ੌਜੀਆਂ ਨੂੰ ਹੱਕ ਦਿਵਾਉਣ ਲਈ ਉਹ ਸਿਆਸਤ ਕਰ ਰਹੇ ਹਨ ਜਦਕਿ ਮੋਦੀ ਉਨ੍ਹਾਂ ਦੇ ਅਧਿਕਾਰਾਂ ਨੂੰ ਵਾਪਸ ਲੈਣ ਦੀ ਸਿਆਸਤ ਖੇਡ ਰਹੇ ਹਨ। ਉਧਰ ਦਿੱਲੀ ਪੁਲੀਸ ਨੇ ਗਰੇਵਾਲ ਦੀ ਖ਼ੁਦਕੁਸ਼ੀ ਦਾ ਮਾਮਲਾ ਅਪਰਾਧ ਸ਼ਾਖ਼ਾ ਦੇ ਹਵਾਲੇ ਕਰ ਦਿੱਤਾ।

**ਰਾਹੁਲ ਨੂੰ ਨਾ ਕਰਨ ਦਿੱਤਾ ਮਾਰਚ :** ਦਿੱਲੀ ਕਾਂਗਰਸ ਇਕਾਈ ਵੱਲੋਂ ਸ਼ਾਮ ਵੇਲੇ ਜੰਤਰ ਮੰਤਰ ਤੋਂ ਇੰਡੀਆ ਗੇਟ ਵੱਲ ਕੱਢੇ ਗਏ ਮਾਰਚ ਦੌਰਾਨ ਰਾਹੁਲ ਗਾਂਧੀ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ ਗਿਆ। ਪੁਲੀਸ ਉਨ੍ਹਾਂ ਨੂੰ ਜਬਰੀ ਇਕ ਵੈਨ ਵਿਚ ਲੈ ਗਈ ਅਤੇ ਫਿਰ ਫਿਰੋਜ਼ਸ਼ਾਹ ਰੋਡ 'ਤੇ ਛੱਡ ਦਿੱਤਾ।

# ਮਨਮੀਤ ਅਲੀਸ਼ੇਰ ਦੀ ਮ੍ਰਿਤਕ ਦੇਹ ਕੋਲ ਬੇਕਾਬੂ ਹੋਏ ਭਗਵੰਤ ਮਾਨ ਨੂੰ ਜਬਰੀ ਉਠਾਇਆ

**ਲਹਿਰਾਗਾਗਾ/ਬਿਊਰੋ ਨਿਊਜ਼ :** ਆਸਟਰੇਲੀਆ ਵਿੱਚ ਕਤਲ ਕੀਤੇ ਗਏ ਨੌਜਵਾਨ ਮਨਮੀਤ ਅਲੀਸ਼ੇਰ ਦੇ ਪਿੰਡ ਅਲੀਸ਼ੇਰ ਵਿੱਚ ਸਸਕਾਰ ਮੌਕੇ ਲੋਕ ਸਭਾ ਮੈਂਬਰ ਭਗਵੰਤ ਮਾਨ ਇਕ ਵਾਰ ਫੇਰ ਆਪਣੀਆਂ ਹਰਕਤਾਂ ਕਾਰਨ ਚਰਚਾ ਵਿਚ ਹਨ। ਉਹ ਇਸ ਮੌਕੇ ਆਪਾ ਖੋ ਬੈਠੇ। ਉਨ੍ਹਾਂ ਨੂੰ ਪੀੜਤ ਪਰਿਵਾਰ ਦੇ ਘਰ ਵਿੱਚ ਖਿੱਚ-ਧੂਹ ਦਾ ਸਾਹਮਣਾ ਕਰਨਾ ਪਿਆ। ਭਗਵੰਤ ਮਾਨ ਦੇ ਇਸ ਕਦਮ ਨਾਲ ਮਨਮੀਤ ਅਲੀਸ਼ੇਰ ਦਾ ਸਸਕਾਰ ਸਿਆਸੀ ਅਖਾੜੇ ਵਿੱਚ ਬਦਲ ਗਿਆ। ਮ੍ਰਿਤਕ ਦੇਹ ਪਿੰਡ ਪਹੁੰਚਣ ਮਗਰੋਂ ਅਕਾਲੀ ਦਲ ਦੇ ਸਕੱਤਰ ਜਰਨਲ ਤੇ ਐਮਪੀ ਸੁਖਦੇਵ ਸਿੰਘ ਢੀਂਡਸਾ ਆਪਣੇ ਸਮਰਥਕਾਂ ਸਮੇਤ ਮਨਮੀਤ ਦੇ ਘਰ ਪਹੁੰਚੇ ਅਤੇ ਬਾਅਦ



ਵਿਚ ਲੋਕ ਸਭਾ ਮੈਂਬਰ ਭਗਵੰਤ ਮਾਨ ਵੀ ਪੁੱਜ ਗਏ। ਭਗਵੰਤ ਮਾਨ ਜ਼ਿੱਦ ਕਰ ਰਹੇ ਸਨ ਕਿ ਮਨਮੀਤ ਦੀ ਮ੍ਰਿਤਕ ਦੇਹ ਪਰਿਵਾਰ ਦੀਆਂ ਔਰਤਾਂ ਨੂੰ ਹੋਰ ਸਮਾਂ ਦੇਖਣ ਦਿੱਤੀ ਜਾਵੇ ਪਰ ਪਰਿਵਾਰਕ ਮੈਂਬਰ ਤਰਸੇਮ ਸ਼ਰਮਾ ਤੇ ਦੋਸਤ ਪੀਆਰਟੀਸੀ ਦੇ ਉਪ ਚੇਅਰਮੈਨ ਬਿਨਰਜੀਤ ਸਿੰਘ ਗੋਲਡੀ, ਜੋ ਦੇਹ ਨੂੰ ਬ੍ਰਿਸਬਨ ਤੋਂ ਨਾਲ ਲੈ ਕੇ ਆਏ ਸਨ, ਨੇ ਕਿਹਾ ਕਿ ਸਮਾਂ ਬਹੁਤ ਹੋ ਚੁੱਕਾ ਹੈ ਇਸ ਕਰਕੇ ਸਸਕਾਰ ਕਰ ਦਿੱਤਾ ਜਾਵੇ। ਇਸ ਗੱਲੋਂ ਤੈਸ਼ ਵਿੱਚ ਆਉਂਦਿਆਂ ਭਗਵੰਤ ਮਾਨ ਨੇ ਬਿਨਰਜੀਤ ਗੋਲਡੀ ਨੂੰ ਕਿਹਾ ਕਿ ਇਹ ਮਨਮੀਤ ਨਹੀਂ ਹੈ ਤੁਸੀਂ ਕਿਸੇ ਹੋਰ ਨੂੰ ਲਿਆਂਦਾ ਹੈ। ਇਸ ਮਗਰੋਂ ਦੋਹਾਂ ਧਿਰਾਂ ਵਿਚ ਤਕਰਾਰ ਹੋ ਗਈ ਅਤੇ ਲੋਕਾਂ ਨੇ ਮੌਕੇ ਦੀ ਨਜ਼ਾਕਤ ਨੂੰ ਭਾਂਪਦਿਆਂ ਭਗਵੰਤ ਮਾਨ ਨੂੰ ਜਬਰੀ ਉਥੋਂ ਹਟਾਇਆ ਅਤੇ ਦੇਹ ਸਸਕਾਰ ਲਈ ਲੈ ਗਏ। ਸ੍ਰੀ ਮਾਨ ਉਸ ਸਮੇਂ ਉੱਚੀ ਉੱਚੀ ਪੁਲੀਸ ਤੇ ਸੱਤਾਧਾਰੀ ਪਾਰਟੀ ਖ਼ਿਲਾਫ਼ ਬੋਲਦੇ ਰਹੇ। ਪਰਿਵਾਰਕ ਮੈਂਬਰ 'ਆਪ' ਆਗੂ ਦੇ ਰਵੱਈਏ ਤੋਂ ਕਾਫ਼ੀ ਨਾਖੁਸ਼ ਹਨ। ਭਗਵੰਤ ਮਾਨ ਨੇ ਜ਼ਿਲ੍ਹਾ ਪੁਲੀਸ ਮੁਖੀ ਪ੍ਰਿਤਪਾਲ ਸਿੰਘ ਥਿੰਦ ਨੂੰ ਜਨਤਕ ਹਦਾਇਤ ਕੀਤੀ ਕਿ ਉਹ ਅਜਿਹੇ ਸੋਗਮਈ ਸਮਾਗਮ ਵਿਚ ਗੱਡੀ 'ਤੇ ਬੱਤੀ ਲਗਾ ਕੇ ਨਾ ਆਇਆ ਕਰਨ ਪਰ ਐਸਐਸਪੀ ਨੇ ਸੰਸਦ ਮੈਂਬਰ ਨੂੰ ਗੰਭੀਰਤਾ ਨਾਲ ਨਹੀਂ ਲਿਆ। ਸ਼ਮਸ਼ਾਨਘਾਟ ਵਿੱਚ ਆਪਣੇ ਸਮਰਥਕਾਂ ਨਾਲ ਬੈਠੇ ਭਗਵੰਤ ਮਾਨ ਨੇ ਕਿਹਾ ਕਿ ਉਹ ਪਰਿਵਾਰ ਦੀਆਂ ਲੜਕੀਆਂ ਨੂੰ ਕੁਝ ਸਮਾਂ ਮ੍ਰਿਤਕ ਭਰਾ ਕੋਲ ਬੈਠਣ ਦੇਣਾ ਚਾਹੁੰਦੇ ਸਨ ਪਰ ਸੱਤਾਧਾਰੀ ਧਿਰ ਨੂੰ ਇਹ ਮਨਜ਼ੂਰ ਨਹੀਂ। ਕੁਝ ਲੋਕਾਂ ਨੇ ਭਗਵੰਤ ਮਾਨ 'ਤੇ ਕਥਿਤ ਤੌਰ 'ਤੇ ਸ਼ਰਾਬੀ ਹੋਣ ਦਾ ਵੀ ਦੋਸ਼ ਲਾਇਆ। ਜ਼ਿਕਰਯੋਗ ਹੈ ਕਿ ਮਨਮੀਤ ਦਾ ਇਥੋਂ ਵਾਲਾ ਪਰਿਵਾਰ ਅਕਾਲੀ ਦਲ ਨਾਲ ਜੁੜਿਆ ਹੋਇਆ ਹੈ ਜਦੋਂ ਕਿ ਮਨਮੀਤ ਬਾਰੇ 'ਆਪ' ਦਾਅਵਾ ਕਰਦੀ ਹੈ ਕਿ ਉਹ ਉਨ੍ਹਾਂ ਨਾਲ ਜੁੜਿਆ ਹੋਇਆ ਸੀ।

## ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਸਿੱਖ ਨਸਲਕੁਸ਼ੀ 1984 ਵਿਸ਼ੇ ਸਬੰਧੀ ਸੈਮੀਨਾਰ

# ਰਾਣਾ ਅਯੂਬ ਨੇ ਕਿਹਾ-ਗੁਜਰਾਤ ਦੰਗਾ ਪੀੜਤਾਂ ਲਈ ਮੋਦੀ ਦਾ ਪ੍ਰਧਾਨ ਮੰਤਰੀ ਬਣਨਾ ਦੁਖਦਾਈ

## ਸਿੱਖਾਂ 'ਤੇ ਹਮਲਾ ਇਕੱਲੀ ਕਾਂਗਰਸ ਨੇ ਨਹੀਂ ਬਲਕਿ ਆਰਐਸਐਸ ਨੇ ਵੀ ਕਰਵਾਇਆ ਸੀ : ਅਜਮੇਰ ਸਿੰਘ








### ਬਟਵਾਰਾ 47, ਜੂਨ 84 ਨਵੰਬਰ 84 ਅਤੇ ਗੁਜਰਾਤ 2002 ਵਿੱਚ ਹੋਏ ਕਤਲੇਆਮ ਦੇ ਇਤਿਹਾਸ ਨੂੰ ਸਾਂਭਣਾ ਚਾਹੀਦਾ ਹੈ : ਡਾ.ਜਸਪਾਲ ਸਿੰਘ

**ਪਟਿਆਲਾ/ਬਿਊਰੋ ਨਿਊਜ਼ :**
ਗੁਜਰਾਤ ਦੰਗਿਆਂ ਬਾਰੇ ਅਹਿਮ ਦਸਤਾਵੇਜ਼ੀ ਪੁਸਤਕ 'ਗੁਜਰਾਤ ਫਾਈਲਜ਼' ਦੀ ਲੇਖਿਕਾ ਰਾਣਾ ਅਯੂਬ ਨੇ ਕਿਹਾ ਹੈ ਕਿ ਦੇਸ਼ ਵਿੱਚ ਘੱਟ ਗਿਣਤੀਆਂ ਲਈ ਨਿਆਂ ਕੇਵਲ ਕਹਿਣ ਮਾਤਰ ਅਤੇ ਉਨ੍ਹਾਂ ਲਈ ਇੱਕ ਨਾ ਪੂਰੀ ਹੋਣ ਵਾਲੀ ਆਸ ਬਣ ਕੇ ਰਹਿ ਗਿਆ ਹੈ। 2002 ਦੇ ਮੁਸਲਮਾਨ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਸਟਿੰਗ ਅਪਰੇਸ਼ਨਾਂ ਜ਼ਰੀਏ ਗੁਜਰਾਤ ਦੇ ਤਤਕਾਲੀ ਗ੍ਰਹਿ ਮੰਤਰੀ ਤੇ ਭਾਜਪਾ ਦੇ ਮੌਜੂਦਾ ਕੌਮੀ ਪ੍ਰਧਾਨ ਅਮਿਤ ਸ਼ਾਹ ਨੂੰ ਜੇਲ੍ਹ ਯਾਤਰਾ ਕਰਵਾਉਣ ਵਾਲੀ ਪੱਤਰਕਾਰ ਰਾਣਾ ਅਯੂਬ ਨੇ ਇਹ ਵਿਚਾਰ ਮੰਗਲਵਾਰ 8 ਨਵੰਬਰ ਨੂੰ ਇੱਥੇ ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ 'ਸਿੱਖ ਨਸਲਕੁਸ਼ੀ 1984' ਵਿਸ਼ੇ 'ਤੇ ਕਰਵਾਏ ਗਏ ਸੈਮੀਨਾਰ ਮੌਕੇ ਸੰਬੋਧਨ ਕਰਨ ਮੌਕੇ ਪ੍ਰਗਟਾਏ।

ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ 'ਸਿੱਖ ਨਸਲਕੁਸ਼ੀ 1984' ਵਿਸ਼ੇ 'ਤੇ ਕਰਵਾਏ ਗਏ ਸੈਮੀਨਾਰ ਵਿੱਚ ਰਾਣਾ ਆਯੂਬ ਤੋਂ ਇਲਾਵਾ ਹੋਰਨਾਂ ਬੁਲਾਰਿਆਂ ਵਿੱਚ ਉੱਘੇ ਸਿੱਖ ਚਿੰਤਕ ਲੇਖਕ ਸ. ਅਜਮੇਰ ਸਿੰਘ, ਸਿੱਖ ਸ਼ਹਾਦਤ ਸਿੱਖ ਦੇ ਚੀਫ ਸ. ਪਰਮਜੀਤ ਸਿੰਘ ਗਾਜੀ ਅਤੇ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾ.ਜਸਪਾਲ ਸਿੰਘ, ਜੋ ਸੈਮੀਨਾਰ ਦੇ ਮੁੱਖ ਮਹਿਮਾਨ ਸਨ, ਸ਼ਾਮਲ ਸਨ।

ਸਭ ਤੋਂ ਪਹਿਲਾਂ 'ਸਿੱਖ ਸ਼ਹਾਦਤ' ਦੇ ਸ. ਗਾਜੀ ਨੇ ਨਸਲਕੁਸ਼ੀ ਬਾਰੇ ਵਿਸਥਾਰ ਸਹਿਤ ਚਾਨਣਾ ਪਾਉਂਦਿਆਂ ਦੱਸਿਆ ਕਿ ਕਿਸ ਤਰ੍ਹਾਂ ਬਹੁ-ਗਿਣਤੀ ਕੌਮਾਂ ਵਲੋਂ ਘੱਟ-ਗਿਣਤੀ ਕੌਮਾਂ ਦੀ ਨਸਲਕੁਸ਼ੀ ਕੀਤੀ ਜਾਂਦੀ ਹੈ। ਇਸ ਦੀਆਂ ਉਦਾਹਰਣਾਂ ਜੂਨ 84, ਨਵੰਬਰ 84 ਅਤੇ ਗੁਜਰਾਤ 2002 ਸਭ ਦੇ ਸਾਹਮਣੇ ਹਨ।

'ਕਤਲੇਆਮ ਦੀ ਰਾਜਨੀਤੀ' ਵਿਸ਼ੇ 'ਤੇ ਵਿਸ਼ੇਸ਼ ਭਾਸ਼ਣ ਦੌਰਾਨ ਰਾਣਾ ਅਯੂਬ ਨੇ ਕਿਹਾ ਕਿ ਜੇਕਰ 1984 ਦੇ ਸਿੱਖ ਕਤਲੇਆਮ ਲਈ ਜ਼ਿੰਮੇਵਾਰ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਨੂੰ ਦੇਸ਼ ਦਾ ਪ੍ਰਧਾਨ ਮੰਤਰੀ ਬਣਾ ਦਿੱਤਾ ਜਾਵੇ ਤਾਂ ਜੋ ਸਿੱਖਾਂ ਨੂੰ ਮਹਿਸੂਸ ਹੋਵੇਗਾ, ਅਜਿਹਾ ਹੀ ਉਨ੍ਹਾਂ (ਮੁਸਲਮਾਨਾਂ) ਨੂੰ ਨਰਿੰਦਰ ਮੋਦੀ ਦੇ ਦੇਸ਼ ਦਾ ਪ੍ਰਧਾਨ ਮੰਤਰੀ ਬਣਨ 'ਤੇ ਮਹਿਸੂਸ ਹੋਇਆ ਸੀ। ਰਾਣਾ ਨੇ ਆਪਣੇ ਵੱਲੋਂ 'ਤਹਿਲਕਾ' ਪੱਤ੍ਰਿਕਾ ਦੀ ਰਿਪੋਰਟਰ ਹੁੰਦਿਆਂ ਪਛਾਣ ਬਦਲ ਕੇ ਤਤਕਾਲੀ ਮੁੱਖ ਮੰਤਰੀ ਨਰਿੰਦਰ ਮੋਦੀ, ਅਮਿਤ ਸ਼ਾਹ ਸਮੇਤ ਗੁਜਰਾਤ ਦੇ ਵੱਡੇ ਤੇ ਅਹਿਮ ਅਧਿਕਾਰੀਆਂ ਦੇ ਕੀਤੇ ਸਟਿੰਗ ਅਪਰੇਸ਼ਨਾਂ ਦੇ ਹਵਾਲੇ ਨਾਲ ਦੱਸਿਆ ਕਿ ਉਨ੍ਹਾਂ ਨੇ ਖ਼ੁਲਾਸਾ ਕੀਤਾ ਸੀ ਕਿ ਜਦੋਂ ਕਿਸੇ ਘੱਟ ਗਿਣਤੀ ਵਿਰੁੱਧ ਕੋਈ ਸੋਚਿਆ ਸਮਝਿਆ ਕਾਰਾ ਕੀਤਾ ਜਾਂਦਾ ਹੈ ਤਾਂ ਮੁੱਖ ਮੰਤਰੀ ਤੇ ਹੋਰਨਾਂ ਵੱਲੋਂ ਦੰਗਾਕਾਰੀਆਂ ਨੂੰ ਖੁੱਲ੍ਹੀ ਛੋਟ ਦਿੱਤੀ ਜਾਂਦੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਤਰ੍ਹਾਂ ਉਹ ਆਗੂ ਹੋਰ ਵੀ ਵੱਡਾ ਬਣ ਕੇ ਉਭਰਦਾ ਹੈ, ਜਿਵੇਂ ਨਰਿੰਦਰ ਮੋਦੀ ਉਭਰੇ ਹਨ।

ਰਾਣਾ ਅਯੂਬ ਨੇ ਕਿਹਾ ਕਿ ਘੱਟ ਗਿਣਤੀਆਂ ਦੀ ਲੜਾਈ ਸਾਂਝੀ ਹੈ ਪ੍ਰੰਤੂ ਅਫ਼ਸੋਸ ਹੈ ਕਿ ਸਿੱਖਾਂ ਤੇ ਮੁਸਲਮਾਨਾਂ ਵਿਰੁੱਧ ਦੰਗੇ ਕਰਕੇ ਉਨ੍ਹਾਂ ਦਾ ਕਤਲੇਆਮ ਕਰਨ ਵਾਲੇ ਸੱਤਾ ਵਿੱਚ ਹਨ। ਉਨ੍ਹਾਂ ਕਿਹਾ ਕਿ ਨਵੰਬਰ 1984, 1993 ਤੇ 2002 ਭੁੱਲੇ ਨਹੀਂ ਜਾ ਸਕਦੇ ਪ੍ਰੰਤੂ ਅਫ਼ਸੋਸ ਦੇਸ਼ ਦਾ ਮੁੱਖ ਮੀਡੀਆ ਚੁੱਪ ਹੈ। ਆਪਣੀ ਪੁਸਤਕ 'ਗੁਜਰਾਤ ਫਾਈਲਜ਼' ਬਾਰੇ ਉਨ੍ਹਾਂ ਦੱਸਿਆ ਕਿ ਇਸ ਨੂੰ 'ਤਹਿਲਕਾ' ਅਦਾਰੇ, ਜਿਸ ਨੇ ਇਸ ਜੋਖ਼ਮ ਭਰੇ ਕੰ ਲਈ ਨੇ ਵੀ ਛਾਪਣ ਤੋਂ ਮਨ੍ਹਾ ਕਰ ਦਿੱਤਾ ਸੀ ਪਰ ਉਨ੍ਹਾਂ ਨੇ ਇਸ ਨੂੰ ਇਸ ਆਸ ਨਾਲ ਛਪਵਾਇਆ ਹੈ ਤਾਂ ਜੋ ਵੱਧ ਤੋਂ ਵੱਧ ਲੋਕਾਂ ਨੂੰ ਗੁਜਰਾਤ ਵਿਚ ਕਤਲੇਆਮ ਬਾਬਤ ਜਾਣਕਾਰੀ ਮਿਲ ਸਕੇ।

ਉੱਘੇ ਸਿੱਖ ਚਿੰਤਕ ਤੇ ਲੇਖਕ ਅਜਮੇਰ ਸਿੰਘ ਦਾ ਕਹਿਣਾ ਹੈ ਕਿ ਸਿੱਖਾਂ 'ਤੇ ਹਮਲਾ ਇਕੱਲੀ ਕਾਂਗਰਸ ਨੇ ਨਹੀਂ ਬਲਕਿ ਆਰਐਸਐਸ ਨੇ ਵੀ ਕਰਵਾਇਆ ਸੀ। ਸ. ਅਜਮੇਰ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ ਇੰਨਾ ਕੁੱਝ ਵਾਪਰਨ ਦੇ ਬਾਵਜੂਦ ਅਸੀਂ ਉਨ੍ਹਾਂ ਲੋਕਾਂ ਨੂੰ ਮਾਨ ਸਨਮਾਨ ਦੇ ਕੇ ਖੁਸ਼ ਹੋ ਰਹੇ ਹਾਂ ਜਿਨ੍ਹਾਂ ਲੋਕਾਂ ਨੇ ਸਾਡਾ ਜਾਨੀ-ਮਾਲੀ ਨੁਕਸਾਨ ਕੀਤਾ ਹੈ। ਇਹ ਸਾਡੀ ਮਰ ਚੁੱਕੀ ਜ਼ਮੀਰ ਦੀ ਨਿਸ਼ਾਨੀ ਹੈ। ਜੂਨ 84, ਨਵੰਬਰ 84 ਸਿੱਖ ਕੌਮ ਨੂੰ ਆਤਮ ਚੀਨਣ ਦਾ ਉਪਦੇਸ਼ ਕਰਦਾ ਹੈ। ਉਨ੍ਹਾਂ ਕਿਹਾ ਕਿ ਬਹੁ-ਗਿਣਤੀ ਕੌਮਾਂ ਹਮੇਸ਼ਾ ਹੀ ਘੱਟ ਗਿਣਤੀ ਦਾ ਕਤਲੇਆਮ ਕਰਕੇ ਕਹਾਣੀ ਨੂੰ ਆਪਣੇ ਹੱਕ ਵਿਚ ਕਰ ਲੈਂਦੀਆਂ ਹਨ। ਦੁਨੀਆ ਦੇ ਇਤਿਹਾਸਾਂ ਵਿੱਚ ਸਾਰੇ ਜਰਵਾਣੇ ਇਕੋਂ ਹੀ ਨੀਤੀ ਨਾਲ ਕੰਮ ਕਰਦੇ ਹਨ। ਜੂਨ 84 ਨੇ ਭਾਰਤ ਦੀ ਆਜ਼ਾਦੀ ਅਤੇ ਰੱਖਿਆ ਲਈ ਸਿੱਖਾਂ ਦੀਆਂ 80 ਪ੍ਰਤੀਸ਼ਤ ਕੁਰਬਾਨੀਆਂ ਅਤੇ ਹਿੰਦੂ ਸਿੱਖ ਨਹੁੰ-ਮਾਸ ਦੇ ਰਿਸ਼ਤੇ ਦਾ ਸਾਡਾ ਭਰਮ ਤੋੜ ਦਿੱਤਾ ਹੈ। ਸਾਨੂੰ ਬਹੁ-ਗਿਣਤੀ ਲੋਕਾਂ ਦੀ ਵਿਚਾਰਧਾਰਾ ਨੂੰ ਸਮਝਣਾ ਪਵੇਗਾ। ਇਹ ਲੋਕ ਸੱਤਾ ਵਿਚ ਆ ਕੇ ਜ਼ੁਲਮ ਕਰਦੇ ਹਨ ਇਸ ਦੇ ਉਲਟ ਸਿੱਖ ਸੱਤਾ ਵਿਚ ਆ ਕੇ ਕੁਰੱਪਟ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਹਿੰਦੁਸਤਾਨ ਵਿੱਚ ਕਾਂਗਰਸ, ਬੀ.ਜੇ.ਪੀ, ਸ਼ਿਵ ਸੈਨਾ ਜਿਹੀਆਂ ਪਾਰਟੀਆਂ ਦਾ ਘੱਟ-ਗਿਣਤੀਆਂ ਦੇ ਖ਼ਿਲਾਫ਼ ਇਕੋ ਜਿਹਾ ਏਜੰਡਾ ਹੈ ਕਿ ਹਿੰਦੁਸਤਾਨ ਦੇ ਲੋਕਾਂ ਨੂੰ ਇਕ ਰਾਸ਼ਟਰ ਨਾਲ ਜੋੜਨਾ ਹੈ। ਨੇਸ਼ਨ ਸਟੇਟ ਦਾ ਟੀਚਾ ਘੱਟ-ਗਿਣਤੀਆਂ ਦੀ ਬਲੀ ਮੰਗਦਾ ਹੈ ਜਦੋਂ ਵੀ ਕੋਈ ਵੱਡਾ ਅਪਰਾਧ ਕਰਨਾ ਹੋਵੇ ਤਾਂ ਦੇਸ਼ ਦੀ ਏਕਤਾ ਦਾ ਵਾਸਤਾ ਪਾਇਆ ਜਾਂਦਾ ਹੈ।

ਅਜਮੇਰ ਸਿੰਘ ਨੇ ਆਪਣੇ ਭਾਸ਼ਨ ਦੌਰਾਨ ਵਿਚ ਦੱਸਿਆ ਕਿ ਮਰ ਚੁੱਕੀਆਂ ਜ਼ਮੀਰਾਂ ਨੂੰ ਕਿਸ ਤਰ੍ਹਾਂ ਜਗਾਇਆ ਜਾ ਸਕਦਾ ਹੈ। ਅੱਜ ਸਾਡੀ ਕੌਮ ਨਗਰ ਕੀਰਤਨਾਂ, ਲੰਗਰਾਂ ਅਤੇ ਹੋਰ ਝੂਠੇ ਅਡੰਬਰਾਂ ਦੇ ਕਰਮ ਕਾਂਡਾਂ ਵਿਚ ਫਸ ਕੇ ਅਕਾਲ ਪੁਰਖ ਦੇ ਰੂਹਾਨੀ ਜਜ਼ਬੇ ਤੋਂ ਸੱਖਣੀ ਖਾਲ੍ਹੀ ਢੋਲ ਵਜਾ ਰਹੀ ਹੈ। ਸੋ ਸਾਨੂੰ ਗੁਰੂ ਸਾਹਿਬ ਦੀ ਅਸਲ ਵਿਚਾਰਧਾਰਾ ਨੂੰ ਸਮਝ ਕੇ ਅਸਲ ਜੀਵਨ ਮਨੋਰਥ ਵੱਲ ਵੱਧਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਸਾਨੂੰ ਬਹੁ ਗਿਣਤੀ ਦਾ ਏਜੰਡਾ ਸਮਝਣਾ ਪਵੇਗਾ ਅਤੇ ਨਾਲ ਹੀ ਸਿੱਖੀ ਦੇ ਵਿਚਾਰਾਂ ਅਤੇ ਮਰ ਚੁੱਕੀਆਂ ਜ਼ਮੀਰਾਂ ਨੂੰ ਗੁਰਬਾਣੀ ਦੀ ਰੌਸ਼ਨੀ ਵਿੱਚ ਮੁੜ ਜਗਾਉਣਾ ਪਵੇਗਾ।

ਅਖੀਰ ਵਿੱਚ ਸਮਾਗਮ ਦੇ ਚੌਥੇ ਬੁਲਾਰੇ ਮੁੱਖ ਮਹਿਮਾਨ ਡਾ.ਜਸਪਾਲ ਸਿੰਘ ਨੇ ਬਹੁਤ ਸੀਮਤ ਸਮੇਂ ਵਿੱਚ ਕਿਹਾ ਕਿ ਬਟਵਾਰਾ 47, ਜੂਨ 84 ਨਵੰਬਰ 84 ਅਤੇ ਗੁਜਰਾਤ 2002 ਵਿੱਚ ਹੋਏ ਕਤਲੇਆਮ ਦੇ ਇਤਿਹਾਸ ਨੂੰ ਸਾਂਭਣਾ ਚਾਹੀਦਾ ਹੈ ਤਾਂ ਕਿ ਆਉਣ ਵਾਲੀਆਂ ਨਸਲਾਂ ਆਪਣੇ ਨਾਲ ਹੋਏ ਵਿਤਕਰਿਆਂ ਤੋਂ ਸੇਧ ਲੈ ਕੇ ਅੱਗੇ ਵੱਧ ਸਕਣ। ਉਨ੍ਹਾਂ ਕਿਹਾ ਕਿ ਇਹ ਤਰਾਸਦੀ ਹੈ ਕਿ ਸਿੱਖਾਂ ਦਾ ਇਤਿਹਾਸ ਸਹੀ ਤਰੀਕੇ ਸੰਭਾਲਿਆ ਨਹੀਂ ਗਿਆ ਤੇ ਇਸੇ ਤਰਾਂ ਹੀ '84 ਦਾ ਸਮੁੱਚਾ ਕਤਲੇਆਮ ਵੀ ਰਿਕਾਰਡ ਨਹੀਂ ਹੋਇਆ। ਹੁਣ ਵੀ ਸਮਾਂ ਹੈ ਕਿ ਇਸ ਨੂੰ ਸੰਭਾਲਿਆ ਜਾਵੇ।

ਉਨ੍ਹਾਂ ਨੇ ਬਹੁ-ਗਿਣਤੀ ਵਾਲਿਆਂ ਵਲੋਂ ਕੀਤੇ ਜ਼ੁਲਮਾਂ ਸਬੰਧੀ ਆਪਣੇ ਨਾਲ ਹੱਡ ਬੀਤੀ ਸਾਂਝੀ ਕਰਦਿਆਂ ਦੋ ਭਾਵਕ ਕਵਿਤਾਵਾਂ ਵੀ ਸੁਣਾਈਆਂ ਜਿਸ ਨਾਲ ਸਰੋਤਿਆਂ ਦੀਆਂ ਅੱਖਾਂ ਨਮ ਹੋ ਗਈਆਂ।

ਡਾ. ਜਸਪਾਲ ਸਿੰਘ ਨੇ ਦੱਸਿਆ ਕਿ ਨਵੰਬਰ 84 ਦਿੱਲੀ ਵਿੱਚ ਉਹ ਲੋਕ ਦੰਗਾਈ ਗੁੰਡਿਆਂ ਦੀ ਅਗਵਾਈ ਕਰਦੇ ਦੇਖੇ ਗਏ, ਜਿਨ੍ਹਾਂ ਨੂੰ ਅਸੀਂ ਜਾਣਦੇ ਸੀ। ਉਨ੍ਹਾਂ ਲੋਕਾਂ ਨੇ ਦੋਵੇਂ ਪਾਸੇ ਦੋਗਲਾ ਰੋਲ ਨਿਭਾਇਆਂ। ਉਨ੍ਹਾਂ ਕਿਹਾ ਕਿ ਅਸੀਂ ਆਉਣ ਵਾਲੇ ਦਿਨਾਂ ਵਿਚ ਅਕਾਦਮਿਕ ਤੌਰ 'ਤੇ ਹੋਈਆਂ ਜ਼ਿਆਦਤੀਆਂ ਬਾਰੇ ਵੱਧ ਤੋਂ ਵੱਧ ਇਤਿਹਾਸ ਇਕੱਠਾ ਕਰਨ ਦੀ ਕੋਸ਼ਿਸ਼ ਕਰਾਂਗੇ।

ਅਖੀਰ ਵਿੱਚ ਗੁਰਨਾਮ ਸਿੰਘ ਸਿੱਧੂ ਵੱਲੋਂ ਆਏ ਹੋਏ ਬੁਲਾਰਿਆਂ, ਪ੍ਰਬੰਧਕਾਂ ਅਤੇ ਸਰੋਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਅਤੇ ਸਾਰੇ ਪ੍ਰਬੰਧਾਂ ਲਈ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਡਾ. ਜਸਪਾਲ ਸਿੰਘ ਦਾ ਉੱਚੇਚਾ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਪ੍ਰੋਗਰਾਮ ਨੂੰ ਸਿਰੇ ਚਾੜ੍ਹਨ ਵਿਚ ਪੂਰੀ ਮਦਦ ਕੀਤੀ।

## 'ਬੰਦੀ ਛੋੜ ਦਿਵਸ' ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ



**ਫਰੀਮੌਂਟ/ਬਿਊਰੋ ਨਿਊਜ਼ :** ਪੰਜਾਬੀ ਕਵੀਆਂ ਵੱਲੋਂ 'ਬੰਦੀ ਛੋੜ ਦਿਵਸ' ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਗੁਰਦੁਆਰਾ ਸਾਹਿਬ ਫਰੀਮੌਂਟ 300 ਗੁਰਦੁਆਰਾ ਰੋਡ ਫਰੀਮੌਂਟ ਕੈਲੀਫੋਰਨੀਆ 94536 ਵਿਖੇ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਮੰਚ ਸੰਭਾਲਿਆਂ 'ਬੰਦੀ ਛੋੜ ਦਿਵਸ' ਦੀ ਮਹੱਤਤਾ 'ਤੇ ਚਾਨਣਾ ਪਾਇਆ। ਧਾਰਮਿਕ ਕਵੀ ਦਰਬਾਰ ਵਿਚ ਠਾਕੁਰ ਸਿੰਘ, ਮਹਿੰਦਰ ਸਿੰਘ ਰਾਜਪੁਤ, ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮੌਂਟ, ਧਰਮਪਾਲ ਪ੍ਰਦੇਸ਼ੀ ਰੈਂਕੋ, ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਆਪਣੀਆਂ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਦੇਵਿੰਦਰ ਸਿੰਘ, ਕਮਲਜੀਤ ਸਿੰਘ ਅਟਵਾਲ, ਜਗਦੇਵ ਸਿੰਘ, ਕਸ਼ਮੀਰ ਸਿੰਘ ਸ਼ਾਹੀ, ਸੁਖਵੰਤ ਸਿੰਘ ਢਿੱਲੋਂ ਅਤੇ ਭੁਪਿੰਦਰ ਸਿੰਘ ਪ੍ਰਮਾਰ ਦੇ ਵਿਸ਼ੇਸ਼ ਯੋਗਦਾਨ ਰਿਹਾ। ਧਾਰਮਿਕ ਕਵੀ ਦਰਬਾਰਾਂ ਵਿਚ ਸ਼ਾਮਲ ਹੋਣ ਲਈ 510-415-9377 ਜਾਂ 408-528-4489 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਭਾਰਤ ਨੇ ਬਰਤਾਨੀਆ ਤੋਂ 57 ਵਿਅਕਤੀਆਂ ਦੀ ਹਵਾਲਗੀ ਮੰਗੀ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਭਾਰਤ ਨੇ 3600 ਕਰੋੜ ਰੁਪਏ ਦੇ ਅਗਸਟਾ ਵੈਸਟਲੈਂਡ ਹੈਲੀਕਾਪਟਰ ਸੌਦੇ ਦੇ ਕਥਿਤ ਵਿਚੋਲੀਏ ਕ੍ਰਿਸਚਨ ਮਾਈਕਲ ਸਮੇਤ 57 ਲੋੜੀਂਦੇ ਵਿਅਕਤੀਆਂ ਨੂੰ ਉਸ ਦੇ ਹਵਾਲੇ ਕਰਨ ਲਈ ਕਿਹਾ ਹੈ। ਇਹ ਗੱਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਬਰਤਾਨੀਆ ਦੀ ਹਮਰੁਤਬਾ ਥੇਰੇਸਾ ਮੇਅ ਵਿਚਕਾਰ ਹੋਈ ਦੁਵੱਲੀ ਮੀਟਿੰਗ ਦੌਰਾਨ ਕਹੀ ਗਈ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਬਰਤਾਨੀਆ ਨੂੰ 17 ਵਿਅਕਤੀਆਂ ਦੀ ਸੂਚੀ ਵੀ ਦਿੱਤੀ ਗਈ ਜਿਨ੍ਹਾਂ ਦੀ ਆਪਸੀ ਕਾਨੂੰਨ ਸਹਾਇਤਾ ਸੰਧੀ ਤਹਿਤ ਹਿਰਾਸਤ ਦੀ ਮੰਗ ਕੀਤੀ ਗਈ ਜਾਂ ਜਿਨ੍ਹਾਂ ਖਿਲਾਫ ਲੈਟਰ ਰੋਗੈਟਰੀ ਜਾਰੀ ਕੀਤਾ ਹੋਇਆ ਹੈ। ਸੂਤਰਾਂ ਨੇ ਦੱਸਿਆ ਕਿ ਸਮਝਿਆ ਜਾਂਦਾ ਹੈ ਕਿ ਦੋਵੇਂ ਦੇਸ਼ ਇਕ ਦੂਸਰੇ ਦੀਆਂ ਸਾਰੀਆਂ ਹਵਾਲਗੀ ਬੇਨਤੀਆਂ ਤੇਜ਼ ਕਰਨ ਅਤੇ ਇਸ ਤਰ੍ਹਾਂ ਦੇ ਸਾਰੇ ਮਾਮਲੇ ਤਰਕਸੰਗਤ ਸਿੱਟੇ 'ਤੇ ਲਿਜਾਣ ਵਿਚ ਮਦਦ ਕਰਨ ਲਈ ਸਹਿਮਤ ਹੋ ਗਏ ਹਨ।

ਇਸੇ ਦੌਰਾਨ ਭਾਰਤ ਤੇ ਬਰਤਾਨੀਆ ਵੀਜ਼ਾ ਅਤੇ ਜਥੇਬੰਦਕ ਅਪਰਾਧ ਵਰਗੇ ਖੇਤਰਾਂ ਸਮੇਤ ਗ੍ਰਹਿ ਮਾਮਲਿਆਂ 'ਤੇ ਰਣਨੀਤਕ ਗੱਲਬਾਤ ਸ਼ੁਰੂ ਕਰਨ ਲਈ ਸਹਿਮਤ ਹੋ ਗਏ ਹਨ ਅਤੇ ਦੋਵਾਂ ਨੇ ਅੱਤਵਾਦ 'ਤੇ ਗਹਿਰੀ ਚਿੰਤਾ ਜ਼ਾਹਰ ਕੀਤੀ ਹੈ ਜਿਸ ਨੂੰ ਉਹ ਸੀਮਤ ਸੁਰੱਖਿਆ ਚੁਣੌਤੀ ਵਜੋਂ ਨਹੀਂ ਦੇਖਦੇ ਅਤੇ ਜਿਸ ਦੀ ਚਿੰਗਾੜੀ ਕਈ ਦੇਸ਼ਾਂ ਤੇ ਖੇਤਰਾਂ ਵਿਚ ਫੈਲੀ ਹੋਈ ਹੈ।

ਵਪਾਰ, ਨਿਵੇਸ਼, ਸੁਰੱਖਿਆ ਅਤੇ ਰੱਖਿਆ ਸਮੇਤ ਸਾਰੀ ਤਰ੍ਹਾਂ ਦੇ ਮੁੱਦਿਆਂ 'ਤੇ ਲੰਬੀ ਗੱਲਬਾਤ ਕਰਨ ਪਿੱਛੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਬਰਤਾਨਵੀ ਹਮਰੁਤਬਾ ਥੇਰੇਸਾ ਮੇਅ ਨੇ ਪਾਕਿਸਤਾਨ ਨੂੰ ਮੁੰਬਈ ਵਿਚ ਨਵੰਬਰ 2008 ਅਤੇ 2016 ਦੇ ਪਠਾਨਕੋਟ ਹਮਲੇ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦਾ ਸੱਦਾ ਦਿੱਤਾ ਹੈ। ਮੇਅ ਨਾਲ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਕੱਟੜਵਾਦ ਅਤੇ ਅੱਤਵਾਦ ਦੀਆਂ ਵਧ ਰਹੀਆਂ ਤਾਕਤਾਂ ਨਾਲ ਲੜਨ ਲਈ ਇਕੱਠੇ ਮਿਲ ਕੇ ਕੰਮ ਕਰਨ ਦੇ ਤੌਰ ਤਰੀਕਿਆਂ 'ਤੇ ਚਰਚਾ ਕੀਤੀ ਹੈ। ਅਸੀਂ ਇਸ ਗੱਲ 'ਤੇ ਸਹਿਮਤ ਸੀ ਕਿ ਇਹ ਸੀਮਤ ਸੁਰੱਖਿਆ ਚੁਣੌਤੀ ਨਹੀਂ। ਇਸ ਦੀ ਚਿੰਗਾੜੀ ਸਾਰੇ ਦੇਸ਼ਾਂ ਤੇ ਖੇਤਰਾਂ ਵਿਚ ਫੈਲੀ ਹੋਈ ਹੈ। ਅੱਤਵਾਦੀ ਆਸਾਨੀ ਨਾਲ ਸਰਹੱਦਾਂ ਪਾਰ ਕਰਦੇ ਹਨ ਅਤੇ ਸਮੁੱਚੀ ਮਨੁੱਖਤਾ ਲਈ ਖਤਰਾ ਪੈਦਾ ਕਰ ਰਹੇ ਹਨ। ਉਨ੍ਹਾਂ ਨੇ ਪ੍ਰਧਾਨ ਮੰਤਰੀ ਮੇਅ ਨੂੰ ਸਰਹੱਦ ਪਾਰਲੇ ਅੱਤਵਾਦ ਬਾਰੇ ਆਪਣੀ ਚਿੰਤਾ ਤੋਂ ਜਾਣੂ ਕਰਵਾ ਦਿੱਤਾ ਹੈ ਅਤੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਉਨ੍ਹਾਂ ਦੇਸ਼ਾਂ ਖਿਲਾਫ ਸਖਤ ਕਾਰਵਾਈ ਕਰਨ ਦੀ ਲੋੜ ਹੈ ਜਿਹੜੇ ਅੱਤਵਾਦ ਦੀ ਹਮਾਇਤ ਕਰਦੇ ਹਨ ਅਤੇ ਉਸ ਨੂੰ ਉਤਸ਼ਾਹਿਤ ਕਰਦੇ ਹਨ।

**ਦੋ ਸਮਝੌਤਿਆਂ 'ਤੇ ਦਸਤਖ਼ਤ :**
ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਬਰਤਾਨਵੀ ਹਮਰੁਤਬਾ ਥੇਰੇਸਾ ਮੇਅ ਨੇ ਦੋ ਸਮਝੌਤਿਆਂ 'ਤੇ ਦਸਤਖਤ ਕੀਤੇ। ਪਹਿਲਾ ਸਮਝੌਤਾ ਕਾਰੋਬਾਰ ਕਰਨਾ ਸੁਖਾਲਾ ਕਰਨ ਅਤੇ ਦੂਸਰਾ ਬੌਧਿਕ ਸੰਪਦਾ ਦੇ ਖੇਤਰ ਵਿਚ ਸਹਿਯੋਗ ਕਰਨ ਨਾਲ ਸਬੰਧਤ ਹੈ।

# ਭਾਈ ਰਾਜੋਆਣਾ ਨੂੰ ਸਿਹਤ ਵਿਗੜਨ ਕਾਰਨ ਹਸਪਤਾਲ ਦਾਖ਼ਲ ਕਰਵਾਇਆ

**ਪਟਿਆਲਾ/ਬਿਊਰੋ ਨਿਊਜ਼** : ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿੱਚ ਹੋਈ ਫਾਂਸੀ ਦੀ ਸਜ਼ਾ ਤਹਿਤ ਪਟਿਆਲਾ ਜੇਲ੍ਹ ਵਿੱਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਵੱਲੋਂ ਫਾਂਸੀ ਸਬੰਧੀ ਪੰਜ ਸਾਲਾਂ ਤੋਂ ਰਾਸ਼ਟਰਪਤੀ ਦਫ਼ਤਰ ਵਿੱਚ ਵਿਚਾਰ ਅਧੀਨ ਪਈ ਪਟੀਸ਼ਨ (ਸ਼੍ਰੋਮਣੀ ਕਮੇਟੀ ਵੱਲੋਂ ਦਾਇਰ ਕੀਤੀ ਗਈ 'ਰਹਿਮ ਦੀ ਅਪੀਲ') ਦੇ ਨਿਪਟਾਰੇ ਵਿੱਚ ਹੋ ਰਹੀ ਦੇਰੀ ਤੋਂ ਖ਼ਫ਼ਾ ਹੋ ਕੇ ਭੁੱਖ ਹੜਤਾਲ ਸ਼ੁਰੂ ਕੀਤੀ ਗਈ ਹੈ। ਭਾਈ ਰਾਜੋਆਣਾ ਦੀ ਹਾਲਤ ਵਿਗੜਨ ਕਰਕੇ ਉਸ ਨੂੰ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਜੇਲ੍ਹ ਤੋਂ ਇੱਥੇ ਸਰਕਾਰੀ ਰਾਜਿੰਦਰਾ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਆਈ.ਸੀ.ਯੂ. ਵਿੱਚ ਰੱਖੇ ਗਏ ਭਾਈ ਰਾਜੋਆਣਾ ਦੇ ਟੈਸਟ ਕੀਤੇ ਜਾ ਰਹੇ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਜੇਲ੍ਹ ਅਧਿਕਾਰੀਆਂ ਦੇ ਸੱਦੇ 'ਤੇ ਸਰਕਾਰੀ ਰਾਜਿੰਦਰਾ ਹਸਪਤਾਲ ਦੇ ਮੈਡੀਕਲ ਸੁਪਰਡੈਂਟ ਡਾ. ਬੀ.ਐਸ. ਬਰਾੜ, ਮੈਡੀਕਲ ਕਾਲਜ ਦੇ ਪ੍ਰਿੰਸੀਪਲ ਬੀ.ਐਲ. ਭਾਰਦਵਾਜ, ਮਾਤਾ ਕੁਸ਼ੱਲਿਆ ਹਸਪਤਾਲ ਦੇ ਸੀਨੀਅਰ ਡਾਕਟਰਾਂ ਨੇ ਉਸ ਦੀ ਸਿਹਤ ਦੀ ਜਾਂਚ ਕੀਤੀ। ਐਸ.ਐਸ.ਪੀ. ਗੁਰਮੀਤ ਸਿੰਘ ਚੌਹਾਨ ਅਤੇ ਡਿਪਟੀ ਕਮਿਸ਼ਨਰ ਰਾਮਵੀਰ ਸਿੰਘ ਵੀ ਜੇਲ੍ਹ ਪੁੱਜੇ। ਡੀ.ਸੀ. ਨੇ ਭਾਈ ਰਾਜੋਆਣਾ ਨਾਲ ਗੱਲਬਾਤ ਵੀ ਕੀਤੀ। ਰਾਜੋਆਣਾ ਦਾ ਕਹਿਣਾ ਹੈ ਕਿ ਪਟੀਸ਼ਨ ਦੇ ਜਲਦੀ ਨਿਪਟਾਰੇ ਲਈ ਸਮਾਂ ਸੀਮਾ ਤੈਅ ਕਰਕੇ ਦੱਸਿਆ ਜਾਵੇ। ਇਸ ਮਗਰੋਂ ਮੈਡੀਕਲ ਟੀਮ ਦੀ ਸਿਫਾਰਸ਼ 'ਤੇ ਰਾਜੋਆਣਾ ਨੂੰ ਐਸ.ਪੀ. (ਸਿਟੀ) ਸਤਵੀਰ ਸਿੰਘ ਅਟਵਾਲ ਦੀ ਅਗਵਾਈ ਹੇਠ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠਾਂ ਹਸਪਤਾਲ ਲਿਜਾਇਆ ਗਿਆ। ਸੁਪਰਡੈਂਟ ਭੁਪਿੰਦਰਜੀਤ ਸਿੰਘ ਵਿਰਕ ਦਾ ਕਹਿਣਾ ਹੈ ਕਿ ਮੈਡੀਕਲ ਟੀਮ ਦੀ ਸਿਫਾਰਸ਼ ਅਤੇ ਜ਼ਿਲ੍ਹਾ ਅਧਿਕਾਰੀਆਂ ਦੀ ਸਲਾਹ ਨਾਲ ਹੀ ਭਾਈ ਰਾਜੋਆਣਾ ਨੂੰ ਹਸਪਤਾਲ ਭੇਜਿਆ ਗਿਆ ਹੈ। ਭਾਈ ਰਾਜੋਆਣਾ ਦੇ ਕੀਤੇ ਗਏ ਟੈਸਟਾਂ ਦੌਰਾਨ ਸਥਿਤੀ ਨਾਰਮਲ ਪਾਈ ਗਈ। ਡਾਕਟਰਾਂ ਨੇ ਉਸ ਦੇ ਗੁਲੂਕੋਸ ਲਾਉਣਾ ਚਾਹਿਆ ਪਰ ਉਸ ਨੇ ਮਨ੍ਹਾਂ ਕਰ ਦਿੱਤਾ। ਇਨ੍ਹਾਂ ਤੱਥਾਂ ਦੀ ਪੁਸ਼ਟੀ ਮੈਡੀਕਲ ਸੁਪਰਡੈਂਟ ਡਾ. ਬੀ.ਐਸ. ਬਰਾੜ ਨੇ ਕੀਤੀ ਹੈ।



**ਸ਼੍ਰੋਮਣੀ ਕਮੇਟੀ ਅਗਲੇਰੀ ਚਾਰਾਜੋਈ ਕਰੇਗੀ :**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਰਾਸ਼ਟਰਪਤੀ ਕੋਲ ਫਾਂਸੀ ਦੀ ਰੋਕ ਨੂੰ ਲੈ ਕੇ ਪਾਈ ਗਈ ਰਹਿਮ ਦੀ ਅਪੀਲ 'ਤੇ ਅਗਲੇਰੀ ਚਾਰਾਜੋਈ ਨੂੰ ਆਰੰਭਣ ਦੀ ਰਣਨੀਤੀ ਬਣਾਈ ਜਾਣ ਲੱਗੀ ਹੈ। ਅਜਿਹੇ ਸਬੰਧ ਵਿੱਚ ਸ਼੍ਰੋਮਣੀ ਕਮੇਟੀ ਇੱਕ ਵਫ਼ਦ ਨੂੰ ਭਾਈ ਰਾਜੋਆਣਾ ਕੋਲ ਵੀ ਭੇਜ ਸਕਦੀ ਹੈ ਤਾਂ ਜੋ ਇਹ ਜਾਣਿਆ ਜਾ ਸਕੇ ਕਿ ਉਹ ਖ਼ੁਦ ਕੀ ਚਾਹੁੰਦੇ ਹਨ। ਸ਼੍ਰੋਮਣੀ ਕਮੇਟੀ ਨੇ ਇਸ ਗੱਲ 'ਤੇ ਵੀ ਘੋਖ ਆਰੰਭ ਦਿੱਤੀ ਹੈ ਕਿ ਕਾਨੂੰਨੀ ਪੱਖ 'ਤੇ ਕੀ ਸਟੈਂਡ ਲਿਆ ਜਾਵੇ।

ਸੂਤਰਾਂ ਅਨੁਸਾਰ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਵੱਲੋਂ ਭਾਈ ਰਾਜੋਆਣਾ ਦੇ ਮੁਤੱਲਕ ਪਟੀਸ਼ਨ 'ਤੇ ਗੌਰ ਕਰਨ ਲਈ ਰਣਨੀਤੀ ਘੜਣ ਲਈ ਮੁਹਿੰਮ ਆਰੰਭ ਦਿੱਤੀ ਗਈ ਹੈ। ਅਜਿਹੇ ਵਿੱਚ ਪ੍ਰੋ. ਬਡੂੰਗਰ ਸ਼੍ਰੋਮਣੀ ਕਮੇਟੀ ਦੀ ਇੱਕ ਟੀਮ ਸਮੇਤ ਚੰਡੀਗੜ੍ਹ ਗਏ, ਜਿਥੇ ਉਨ੍ਹਾਂ ਮਾਮਲੇ ਸਬੰਧੀ ਵੱਖ ਵੱਖ ਪੱਖਾਂ 'ਤੇ ਘੋਖ ਸ਼ੁਰੂ ਕਰ ਦਿੱਤੀ ਹੈ। ਦੱਸਿਆ ਜਾ ਰਿਹਾ ਹੈ ਕਿ ਅਜਿਹੇ ਸਿਲਸਿਲੇ ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਅਗਲੇ ਸਮੇਂ ਐਗਜ਼ੈਕੇਟਿਵ ਦੀ ਮੀਟਿੰਗ ਸੱਦ ਕੇ ਮਸਲੇ ਨੂੰ ਵਿਚਾਰਿਆ ਜਾ ਸਕਦਾ ਹੈ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੇ ਮੰਨਿਆ ਕਿ ਅਜਿਹੇ ਮਾਮਲੇ 'ਤੇ ਕਿਸੇ ਚਾਰਾਜੋਈ ਲਈ ਪ੍ਰੋਗਰਾਮ ਘੜਨ ਲਈ ਕਾਰਜਕਾਰਨੀ ਦੀ ਬੈਠਕ ਵੀ ਸੱਦੀ ਜਾ ਸਕਦੀ ਹੈ। ਸਕੱਤਰ ਨੇ ਮੰਨਿਆ ਕਿ ਸ਼੍ਰੋਮਣੀ ਕਮੇਟੀ ਨੇ ਮਾਮਲੇ ਦੀ ਗੰਭੀਰਤਾ ਨੂੰ ਮਾਹਰਾਂ ਨਾਲ ਵਿਚਾਰਾਂ ਆਰੰਭ ਦਿੱਤੀਆਂ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਬਡੂੰਗਰ ਖ਼ੁਦ ਵੀ ਚੰਡੀਗੜ੍ਹ ਵਿਚ ਅਜਿਹੇ ਮਾਮਲੇ ਦੇ ਮੁਤੱਲਕ ਕੁਝ ਸਬੰਧਤ ਧਿਰਾਂ ਨੂੰ ਮਿਲੇ ਹਨ। ਪ੍ਰੋ. ਬਡੂੰਗਰ ਨੇ ਭਾਈ ਰਾਜੋਆਣਾ ਦੇ ਮੁੱਦੇ 'ਤੇ ਆਖਿਆ ਕਿ ਸਾਰਿਆਂ ਦੇ ਸਹਿਯੋਗ ਨਾਲ ਮਸਲਾ ਵਿਚਾਰਿਆ ਜਾਵੇਗਾ।

## ਪੰਜਾਬੀ ਸੂਬਾ ਮੋਰਚੇ ਵਿਚ ਸਰਗਰਮ ਰਹੇ ਉਬੋਕੇ ਨਿਰਾਸ਼

**ਕਿਹਾ-ਸਿੱਖਾਂ ਲਈ ਘਾਤਕ ਸਿੱਧ ਹੋਇਆ ਪੰਜਾਬੀ ਸੂਬਾ**

**ਤਰਨ ਤਾਰਨ/ਬਿਊਰੋ ਨਿਊਜ਼** : ਪੰਜਾਬੀ ਸੂਬਾ ਮੋਰਚਾ ਦੇ ਅੰਦੋਲਨ ਵਿੱਚ ਸਰਗਰਮੀ ਨਾਲ ਭਾਗ ਲੈਂਦੇ ਰਹੇ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਮੇਜਰ ਸਿੰਘ ਉਬੋਕੇ ਨੇ ਸੂਬੇ ਦੇ ਬਣਨ ਨੂੰ ਸਿੱਖਾਂ ਲਈ ਹੀ ਘਾਤਕ ਕਰਾਰ ਦਿੱਤਾ ਹੈ। 90 ਸਾਲ ਦੀ ਉਮਰ ਨੂੰ ਢੁੱਕੇ ਸ੍ਰੀ ਉਬੋਕੇ ਨੇ ਇਸ ਮੋਰਚੇ ਦੌਰਾਨ 13 ਵਾਰ ਜੇਲ੍ਹ ਯਾਤਰਾ ਕੀਤੀ ਸੀ। ਉਨ੍ਹਾਂ ਨੂੰ ਮੋਰਚੇ ਦੀਆਂ ਸਾਰੀਆਂ ਘਟਨਾਵਾਂ ਚੇਤੇ ਹਨ। ਉਨ੍ਹਾਂ ਨੂੰ ਇਹ ਵੀ ਯਾਦ ਹੈ ਕਿ ਕਿਵੇਂ ਇਸ ਮੋਰਚੇ ਕਰਕੇ ਮਸ਼ਹੂਰੀ ਦੀ ਸਿਖਰ 'ਤੇ ਪੁੱਜੇ ਮਾਸਟਰ ਤਾਰਾ ਸਿੰਘ ਵੱਲੋਂ ਸੂਬੇ ਦਾ ਗਠਨ ਨਾ ਕੀਤੇ ਜਾਣ 'ਤੇ ਮਰਨ ਵਰਤ ਦੇ ਕੀਤੇ ਐਲਾਨ ਤੋਂ ਪਿੱਛੇ ਹਟਣ ਕਰਕੇ ਉਨ੍ਹਾਂ ਦੀ ਸਾਖ਼ ਨੂੰ ਕਿੰਨੀ ਸੱਟ ਲੱਗੀ ਸੀ। ਉਨ੍ਹਾਂ ਨੂੰ ਇਹ ਵੀ ਚੇਤਾ ਹੈ ਕਿ ਇਸੇ ਮੁੱਦੇ 'ਤੇ ਹੀ ਉਸ ਵੇਲੇ ਦੇ ਅਕਾਲੀ ਦਲ ਦੇ ਪ੍ਰਧਾਨ ਸੰਤ ਫ਼ਤਿਹ ਸਿੰਘ ਨੇ ਵੀ ਆਪਣੇ ਬੋਲ ਨਹੀਂ ਪੁਗਾਏ ਸੀ। ਸੰਤ ਫ਼ਤਿਹ ਸਿੰਘ ਨੇ ਪੰਜਾਬੀ ਸੂਬਾ ਨਾ ਬਣਾਉਣ 'ਤੇ ਸ੍ਰੀ ਅਕਾਲ ਤਖ਼ਤ ਵਿਖੇ ਖ਼ੁਦ ਨੂੰ ਅਗਨ ਭੇਟ ਕਰਨ ਲਈ ਕੁੰਭ ਤਾਂ ਬਣਾ ਲਿਆ ਸੀ ਪਰ ਉਹ ਵੀ ਇਸ ਤੋਂ ਪਿੱਛੇ ਹਟ ਗਏ ਸਨ। ਆਪਣੇ ਵੇਲਿਆਂ ਵਿੱਚ ਸੰਤ ਫ਼ਤਿਹ ਸਿੰਘ ਦੇ ਅਤਿ ਭਰੋਸੇਯੋਗ ਇਸ ਅਕਾਲੀ ਆਗੂ ਨੇ ਮਾਤਰ 18 ਸਾਲ ਦੀ ਉਮਰ ਵਿੱਚ ਦੇਸ਼ ਦੀ ਵੰਡ ਤੋਂ ਪਹਿਲਾਂ ਹੀ ਅਕਾਲੀ ਰਾਜਨੀਤੀ ਵਿੱਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਸੀ ਅਤੇ ਉਨ੍ਹਾਂ ਅਕਾਲੀ ਰਾਜਨੀਤੀ ਵਿੱਚ ਪੰਜਾਬੀ ਸੂਬਾ ਮੋਰਚਾ ਵਿੱਚ ਸਰਗਰਮ ਭੂਮਿਕਾ ਨਿਭਾਈ ਸੀ। ਉਨ੍ਹਾਂ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿੱਚ ਐਫ.ਏ. ਕਰਦਿਆਂ ਹੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਨਾਲ ਕਰੀਬ ਦਾ ਰਾਬਤਾ ਕਾਇਮ ਕਰ ਲਿਆ ਸੀ। ਸ੍ਰੀ ਉਬੋਕੇ ਨੇ ਕਿਹਾ ਕਿ ਪੰਜਾਬੀ ਸੂਬਾ ਹੋਂਦ ਵਿੱਚ ਆਉਣ ਤੋਂ ਬਾਅਦ ਸਿੱਖਾਂ ਵਿੱਚ ਆਤਮ ਵਿਸ਼ਵਾਸ ਦੀ ਘਾਟ ਆਈ ਹੈ ਅਤੇ ਦੇਸ਼ ਵਿੱਚ ਸਿੱਖਾਂ ਦੀ ਇੱਜ਼ਤ ਨੂੰ ਵੀ ਵੱਟਾ ਲੱਗਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਇੱਕ ਵੇਲੇ ਗੁਜਰਾਤ, ਹਿਮਾਚਲ ਪ੍ਰਦੇਸ਼, ਹਰਿਆਣਾ ਆਦਿ ਤੱਕ ਫੈਲਿਆ ਹੋਇਆ, ਜੋ ਹੁਣ ਸਿਮਟ ਕੇ ਛੋਟਾ ਜਿਹਾ ਸੂਬਾ ਬਣ ਕੇ ਰਹਿ ਗਿਆ ਹੈ। ਉਨ੍ਹਾਂ ਨੂੰ ਇਹ ਵੀ ਯਾਦ ਹੈ ਕਿ ਇੱਕ ਵੇਲੇ ਇਹ ਪੰਜਾਬ ਪਾਕਿਸਤਾਨ ਦੇ ਲਾਹੌਰ ਜ਼ਿਲ੍ਹੇ ਤੱਕ ਵੀ ਫੈਲਿਆ ਹੁੰਦਾ ਸੀ। ਸ੍ਰੀ ਉਬੋਕੇ ਨੇ ਕਿਹਾ ਕਿ ਪੰਜਾਬੀ ਸੂਬਾ ਹੋਂਦ ਵਿੱਚ ਆਉਣ ਤੋਂ ਪਹਿਲਾਂ ਅੰਮ੍ਰਿਤਸਰ ਤੋਂ ਲੈ ਕੇ ਮਥੁਰਾ (ਉੱਤਰ ਪ੍ਰਦੇਸ਼) ਤੱਕ ਰੇਲਵੇ ਵੱਲੋਂ ਸਟੇਸ਼ਨਾਂ ਦੇ ਬੋਰਡਾਂ 'ਤੇ ਹਿੰਦੀ, ਉਰਦੂ ਭਾਸ਼ਾਵਾਂ ਦੇ ਨਾਲ ਨਾਲ ਪੰਜਾਬੀ ਭਾਸ਼ਾ ਵਿੱਚ ਵੀ ਨਾਮ ਲਿਖੇ ਹੁੰਦੇ ਸਨ। ਉਨ੍ਹਾਂ ਗਿਲਾ ਕੀਤਾ ਕਿ ਪੰਜਾਬੀ ਸੂਬਾ ਬਣਨ ਮਗਰੋਂ ਅੱਜ ਪੰਜਾਬ ਦੇ ਲੋਕਾਂ ਹਿਮਾਚਲ ਪ੍ਰਦੇਸ਼ ਵਿੱਚ ਜਾਇਦਾਦ ਨਹੀਂ ਖ਼ਰੀਦ ਸਕਦੇ, ਸਿੱਖਾਂ ਲਈ ਨੌਕਰੀਆਂ ਦੇ ਦਰਵਾਜ਼ੇ ਛੋਟੇ ਹੋ ਗਏ ਅਤੇ ਸਿੱਖਾਂ ਲਈ ਰੁਜ਼ਗਾਰ ਦੇ ਮੌਕੇ ਸਿਮਟ ਗਏ।



# ਸਿੱਖ ਸਕਾਲਰ ਡਾ. ਰਘਬੀਰ ਸਿੰਘ ਬੈਂਸ ਦਾ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ

***ਸੰਸਾਰ ਦਾ ਪਹਿਲਾ ਮਲਟੀਮੀਡੀਆ ਸਿੱਖ ਇਨਸਾਈਕਲੋਪੀਡੀਆ ਡਾ. ਬੈਂਸ ਦੀ ਵਿਲੱਖਣ ਉਪਲਬਧੀ***

**ਲੁਧਿਆਣਾ/ਬਿਊਰੋ ਨਿਊਜ਼** : ਸਿੱਖ ਜਗਤ ਵਿੱਚ ਮਲਟੀਮੀਡੀਆ ਸਿੱਖ ਵਿਸ਼ਵਕੋਸ਼ ਨਾਲ ਨਵਾਂ ਅਧਿਆਇ ਜੋੜਨ ਵਾਲੇ ਕੈਨੇਡਾ ਵਾਸੀ ਡਾ. ਰਘਬੀਰ ਸਿੰਘ ਬੈਂਸ ਦਾ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਆਲਮੀ ਪੱਧਰ 'ਤੇ ਸਿੱਖ ਕੌਮ ਦਾ ਮਾਣ ਵਧਾਉਣ ਵਾਲੇ 81 ਸਾਲਾ ਡਾ. ਬੈਂਸ ਪਿਛਲੇ 10 ਕੁ ਦਿਨਾਂ ਤੋਂ ਬਿਮਾਰ ਸਨ। ਉਨ੍ਹਾਂ ਨੂੰ ਲੁਧਿਆਣਾ ਦੇ ਡੀਐਮਸੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਸੀ, ਜਿਥੇ ਉਨ੍ਹਾਂ ਨੂੰ ਦੁਪਹਿਰੇ ਮੁੜ ਦਿਲ ਦਾ ਦੌਰਾ ਪੈ ਗਿਆ, ਜੋ ਜਾਨਲੇਵਾ ਸਾਬਤ ਹੋਇਆ। ਉਨ੍ਹਾਂ ਦੇ ਪਰਿਵਾਰ ਵਿੱਚ ਪਤਨੀ ਬੀਬੀ ਪਰਮਜੀਤ ਕੌਰ ਅਤੇ ਤਿੰਨ ਬੇਟੇ ਇੰਦਰਜੀਤ ਸਿੰਘ ਬੈਂਸ, ਵਰਿੰਦਰਜੀਤ ਸਿੰਘ ਬੈਂਸ ਅਤੇ ਪ੍ਰਭਜੋਤ ਸਿੰਘ ਬੈਂਸ ਹਨ। ਆਧੁਨਿਕ ਤਕਨਾਲੋਜੀ ਰਾਹੀਂ ਤਕਰੀਬਨ ਡੇਢ ਦਹਾਕਾ ਲਾ ਕੇ ਤਿਆਰ ਕੀਤਾ ਗਿਆ ਆਪਣੀ ਕਿਸਮ ਦਾ ਸੰਸਾਰ ਦਾ ਪਹਿਲਾ ਮਲਟੀਮੀਡੀਆ ਸਿੱਖ ਇਨਸਾਈਕਲੋਪੀਡੀਆ ਡਾ. ਬੈਂਸ ਦੀ ਵਿਲੱਖਣ ਉਪਲਬਧੀ ਅਤੇ ਕੌਮ ਨੂੰ ਦੇਣ ਹੈ। ਇਸ ਇਨਸਾਈਕਲੋਪੀਡੀਆ ਨੂੰ 1996 ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਪਾਰਲੀਮੈਂਟ ਹਾਊਸ ਵਿੱਚ ਰਿਲੀਜ਼ ਕੀਤਾ ਗਿਆ ਸੀ। ਇਸ ਇਨਸਾਈਕਲੋਪੀਡੀਆ ਦੇ ਲਗਭਗ 2000 ਸਫ਼ੇ ਹਨ। ਡਾ. ਬੈਂਸ ਨੇ ਪਹਿਲਾ ਸਿੱਖ ਮਲਟੀਮੀਡੀਆ ਅਜਾਇਬਘਰ ਖਡੂਰ ਸਾਹਿਬ ਵਿਖੇ ਗੁਰੂ ਅੰਗਦ ਦੇਵ ਜੀ ਦੇ 400 ਸਾਲਾ ਪ੍ਰਕਾਸ਼ ਉਤਸਵ ਮੌਕੇ ਸਿੱਖ ਸੰਗਤ ਨੂੰ ਸਮਰਪਿਤ ਕੀਤਾ ਸੀ। ਇਸੇ ਤਰ੍ਹਾਂ ਉਨ੍ਹਾਂ ਨੇ ਬਾਬੇ ਨਾਨਕ ਦੀ ਪਵਿੱਤਰ ਕਾਲੀ ਵੇਈਂ ਕੰਢੇ ਸਮੇਤ ਅਜਿਹੇ 6 ਅਜਾਇਬ ਘਰ ਸਥਾਪਤ ਕੀਤੇ ਸਨ। ਡਾ. ਬੈਂਸ ਸਾਲ ਵਿਚ ਲਗਭਗ ਛੇ ਮਹੀਨੇ ਕੈਨੇਡਾ ਵਿਚ ਅਤੇ ਬਾਕੀ ਦਾ ਸਮਾਂ ਭਾਰਤ ਵਿਚ ਗੁਜ਼ਾਰਦੇ ਸਨ ਤੇ ਇਸ ਵੇਲੇ ਉਹ ਜਲੰਧਰ ਵਿਚ ਰਹਿ ਰਹੇ ਸਨ।



ਡਾ. ਬੈਂਸ ਦਾ ਜਨਮ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਡਗਾਣਾ ਕਲਾਂ ਵਿਚ 1936 ਈਸਵੀ ਨੂੰ ਮਾਤਾ ਪ੍ਰੀਤਮ ਕੌਰ ਤੇ ਪਿਤਾ ਨਰਿੰਦਰ ਸਿੰਘ ਬੈਂਸ ਦੇ ਘਰ ਹੋਇਆ। ਉਹ ਇਕ ਆਮ ਪਰਿਵਾਰ ਨਾਲ ਸਬੰਧ ਰੱਖਦੇ ਸਨ, ਜਿੱਥੇ ਉਹ ਸਕੂਲ ਜਾਣ ਦੇ ਨਾਲ ਨਾਲ ਮੱਝਾਂ ਚਰਾਉਣ ਦਾ ਕੰਮ ਵੀ ਕਰਦੇ ਸਨ। ਉਨ੍ਹਾਂ ਨੇ ਸਕੂਲੀ ਸਿੱਖਿਆ ਪ੍ਰਾਪਤ ਕਰਨ ਪਿੱਛੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਬੀ.ਏ., ਬੀ.ਐੱਡ ਅਤੇ ਐਮ.ਏ ਪਾਸ ਕੀਤੀ ਅਤੇ ਇਸ ਪਿੱਛੋਂ ਉਹ ਉਤਰੀ ਰੇਲਵੇ ਵਿਚ ਨੌਕਰੀ ਕਰਨ ਲੱਗ ਪਏ ਅਤੇ ਇਸ ਪਿੱਛੋਂ ਉਹ ਆਬਕਾਰੀ ਵਿਭਾਗ ਵਿਚ ਬਤੌਰ ਇੰਸਪੈਕਟਰ ਭਰਤੀ ਹੋ ਗਏ। ਨੌਕਰੀ ਦੌਰਾਨ ਹੀ ਉਨ੍ਹਾਂ ਨੇ ਐਲ.ਐਲ.ਬੀ ਦੀ ਪੜ੍ਹਾਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ 1982 ਵਿਚ ਕੀਤੀ। ਇਸ ਦੇ ਨਾਲ ਨਾਲ ਉਨ੍ਹਾਂ ਨੇ 2002 ਵਿਚ ਅਮਰੀਕਾ ਤੋਂ 67 ਸਾਲ ਦੀ ਉਮਰ ਵਿਚ ਸੰਸਾਰ ਦੇ ਵੱਖ-ਵੱਖ ਧਰਮਾਂ ਅਤੇ ਸਭਿਆਚਾਰਾਂ ਬਾਰੇ ਪੀ.ਐਚ.ਡੀ ਦੀ ਡਿਗਰੀ ਹਾਸਲ ਕੀਤੀ। ਉਹ ਸਮਾਜ ਵਿਚੋਂ ਨਸ਼ੇ ਖਤਮ ਕਰਨ ਲਈ ਹਮੇਸ਼ਾਂ ਤਤਪਰ ਰਹਿੰਦੇ ਸਨ ਤੇ ਉਹ ਚਾਹੁੰਦੇ ਸਨ ਕਿ ਪੂਰੇ ਸੰਸਾਰ ਵਿਚ ਨਸ਼ਿਆਂ ਦਾ ਨਾਮ ਨਹੀਂ ਹੋਣਾ ਚਾਹੀਦਾ। ਇਸੇ ਕਰਕੇ ਕੈਨੇਡਾ ਸਰਕਾਰ ਵੱਲੋਂ ਵੀ ਉਨ੍ਹਾਂ ਨੂੰ ਨਸ਼ਿਆਂ ਦੀ ਰੋਕਥਾਮ ਲਈ ਵੱਖ ਵੱਖ ਵਿਭਾਗਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਉਨ੍ਹਾਂ ਨੇ ਸ੍ਰੀ ਖਡੂਰ ਸਾਹਿਬ ਵਿਚ ਮਲਟੀਮੀਡੀਆ ਮਿਊਜ਼ੀਅਮ ਦੀ ਉਸਾਰੀ ਕਰਕੇ ਇਕ ਵੱਡਾ ਕੀਰਤੀਮਾਨ ਸਥਾਪਤ ਕੀਤਾ। ਉਹ ਸੰਸਾਰ 'ਚ ਥਾਂ-ਥਾਂ ਤੇ ਨਸ਼ਿਆਂ ਦੇ ਨਾਲ-ਨਾਲ ਸਮਾਜ ਵਿਚ ਫੈਲੀਆਂ ਹੋਰ ਭੈੜੀਆਂ ਕੁਰੀਤੀਆਂ ਤੋਂ ਇਲਾਵਾ ਐਚ.ਆਈ.ਵੀ ਏਡਜ਼ ਦੀ ਰੋਕਥਾਮ ਲਈ ਵੀ ਪ੍ਰਚਾਰ ਕੀਤਾ। ਉਨ੍ਹਾਂ ਨੇ ਏਡਜ਼ ਸਬੰਧੀ ਤਨਜ਼ਾਨੀਆ, ਕੀਨੀਆ ਅਤੇ ਯੁਗਾਂਡਾ ਵਰਗੇ ਦੇਸ਼ਾਂ ਵਿਚ ਵੀ ਕੰਮ ਕੀਤਾ। ਸੰਸਾਰ ਦੇ ਸੈਂਕੜੇ ਦੇਸ਼ਾਂ ਵਿਚ ਜਾ ਕੇ ਗਰੀਬੀ, ਭੁੱਖਮਰੀ ਖਿਲਾਫ਼ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਨੇ ਸੰਸਾਰ ਵਿਚ ਅਨੇਕਾਂ ਹੀ ਦੇਸ਼ਾਂ ਵਿਚ ਜਾ ਕੇ ਸਮਾਜਿਕ ਕੁਰੀਤੀਆਂ ਉਪਰ ਲੋਕਾਂ ਨੂੰ ਜਾਗਰੂਕ ਕਰਨ ਲਈ ਆਪਣੇ ਪਰਚੇ ਵੀ ਪੜ੍ਹੇ, ਜੋ ਸਾਡੇ ਇਤਿਹਾਸ ਦਾ ਹਿੱਸਾ ਬਣ ਚੁੱਕੇ ਹਨ। ਡਾ. ਰਘਬੀਰ ਸਿੰਘ ਬੈਂਸ ਪੰਜਾਬ ਦਾ ਉਹ ਮਾਣ ਹਨ, ਜਿਨ੍ਹਾਂ ਨੂੰ ਵੱਖ-ਵੱਖ ਖੇਤਰਾਂ ਵਿਚ ਨਿਭਾਈਆਂ ਵਡਮੁੱਲੀਆਂ ਸੇਵਾਵਾਂ ਬਦਲੇ ਬਹੁਤ ਸਾਰੇ ਪੁਰਸਕਾਰ ਮਿਲੇ, ਜਿਨ੍ਹਾਂ ਵਿਚ ਕੌਮਾਂਤਰੀ ਪੱਧਰ ਦਾ ਪੁਰਸਕਾਰ 'ਆਰਡਰ ਆਫ਼ ਬ੍ਰਿਟਿਸ਼ ਕੋਲੰਬੀਆ', 'ਗੌਰਮਿੰਟ ਆਫ਼ ਬੀ.ਸੀ.ਕੈਨੇਡਾ', 'ਸਾਹਿਤ ਸ਼੍ਰੋਮਣੀ ਪੁਰਸਕਾਰ' ਪੰਜਾਬ ਸਰਕਾਰ, 'ਪੰਥ ਰਤਨ ਪੁਰਸਕਾਰ', 'ਕੌਮਾਂਤਰੀ ਦਸਮੇਸ਼ ਪੁਰਸਕਾਰ' ਅਮਰੀਕਾ, 'ਨਿਸ਼ਾਨ-ਏ-ਸਿੱਖੀ', 'ਸਿੱਖ ਸਕਾਲਰ ਆਫ਼ ਕੰਪਿਊਟਰ ਏਜ਼', 'ਸ਼ਾਨ-ਏ-ਪੰਜਾਬ' ਇੰਟਰਨੈਸ਼ਨਲ ਐਵਾਰਡ' ਤੋਂ ਇਲਾਵਾ ਭਾਰਤ ਅਤੇ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਵੱਲੋਂ ਉਨ੍ਹਾਂ ਨੂੰ ਅਨੇਕਾਂ ਪੁਰਸਕਾਰ ਦੇ ਕੇ ਨਿਵਾਜਿਆ ਗਿਆ।

**ਸ਼੍ਰੋਮਣੀ ਕਮੇਟੀ ਵੱਲੋਂ ਦੁੱਖ ਦਾ ਪ੍ਰਗਟਾਵਾ**

ਅੰਮ੍ਰਿਤਸਰ : ਡਾ. ਰਘਬੀਰ ਸਿੰਘ ਬੈਂਸ ਦੇ ਅਕਾਲ ਚਲਾਣੇ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ, ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ, ਡਾ. ਰੂਪ ਸਿੰਘ, ਮਨਜੀਤ ਸਿੰਘ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਆਈ.ਐਨ.ਓ.ਸੀ. ਨੇ ਕੈਪਟਨ ਅਮਰਿੰਦਰ ਸਿੰਘ ਨੂੰ ਸੱਤਾ ਵਿਚ ਲਿਆਉਣ ਦੀ ਅਪੀਲ ਕੀਤੀ

**ਨਿਊਯਾਰਕ/ਬਿਊਰੋ ਨਿਊਜ਼** : ਬੰਦੀ ਛੋੜ ਦਿਵਸ ਮੌਕੇ ਇਥੇ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ, ਅਮਰੀਕਾ ਵਲੋਂ ਇਕੱਤਰਤਾ ਕੀਤੀ ਗਈ, ਜਿਸ ਵਿਚ 200 ਦੇ ਕਰੀਬ ਮੈਂਬਰਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਪੰਜਾਬ ਦੇ ਭਖਦੇ ਮੁੱਦੇ ਛੋਹੇ ਗਏ ਅਤੇ ਪੰਜਾਬ ਕਾਂਗਰਸ ਪਾਰਟੀ ਨੂੰ ਮਦਦ ਕਰਨ ਦਾ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ। ਆਈ.ਐਨ.ਓ.ਸੀ. ਦੇ ਸਕੱਤਰ ਜਨਰਲ ਸ. ਹਰਬਚਨ ਸਿੰਘ ਨੇ ਪੰਜਾਬ ਦੇ ਮੌਜੂਦਾ ਹਾਲਾਤ 'ਤੇ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਕਿਹਾ ਕਿ ਇਨ੍ਹਾਂ ਸਥਿਤੀਆਂ ਤੋਂ ਕੈਪਟਨ ਅਮਰਿੰਦਰ ਸਿੰਘ ਹੀ ਬਚਾਅ ਸਕਦੇ ਹਨ, ਇਸ ਲਈ ਉਨ੍ਹਾਂ ਦੀ ਖੁੱਲ੍ਹ ਕੇ ਮਦਦ ਕੀਤੀ ਜਾਵੇ ਤੇ ਪੰਜਾਬ ਵਿਚ ਕਾਂਗਰਸ ਦੀ ਸਰਕਾਰ ਲਿਆਂਦੀ ਜਾਵੇ। ਆਈ.ਐਨ.ਓ.ਸੀ. ਦੇ ਪ੍ਰਧਾਨ ਸ. ਮੁਹਿੰਦਰ ਸਿੰਘ ਗਿਲਜ਼ੀਆਂ ਨੇ ਸਾਰੀਆਂ ਸ਼ਖ਼ਸੀਅਤਾਂ ਦਾ ਸਵਾਗਤ ਕਰਦਿਆਂ ਭਰੋਸਾ ਦਵਾਇਆ ਕਿ ਪੰਜਾਬ ਕਾਂਗਰਸ ਪਾਰਟੀ ਚੜ੍ਹਦੀਆਂ ਕਲਾ ਵਿਚ ਹੈ ਤੇ ਕੈਪਟਨ ਅਮਰਿੰਦਰ ਸਿੰਘ ਤੇ ਉਨ੍ਹਾਂ ਦੀ ਟੀਮ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕੈਪਟਨ ਅਮਰਿੰਦਰ ਦੀ ਇਕ ਪਰਿਵਾਰ ਇਕ ਟਿਕਟ ਯੋਜਨਾ ਦੀ ਸ਼ਲਾਘਾ ਕੀਤੀ। ਉਨ੍ਹਾਂ ਸਾਰਿਆਂ ਨੂੰ ਬੇਨਤੀ ਕੀਤੀ ਕਿ ਉਹ ਪੰਜਾਬ ਵਿਚ ਰਹਿ ਰਹੇ ਆਪਣੇ ਪਰਿਵਾਰਾਂ ਨੂੰ ਕਾਂਗਰਸ ਦੀ ਡਟ ਕੇ ਹਮਾਇਤ ਕਰਨ ਲਈ ਪ੍ਰੇਰਨ। ਆਈ.ਐਨ.ਓ.ਸੀ. ਦੇ ਚੇਅਰਮੈਨ ਜੌਰਜ ਏਬਰਾਹੈਮ, ਜਥੇਬੰਦੀ ਦੇ ਪੰਜਾਬ ਚੈਪਟਰ ਦੇ ਪ੍ਰਧਾਨ ਸ. ਤੇਜਿੰਦਰ ਸਿੰਘ ਅਤੇ ਸ. ਜਸਵੀਰ ਸਿੰਘ ਨੇ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਕਰਨ ਲਈ ਕੈਪਟਨ ਅਮਰਿੰਦਰ ਸਿੰਘ ਨੂੰ ਸਹਿਯੋਗ ਦੇਣ ਦੀ ਅਪੀਲ ਕੀਤੀ। ਇਸ ਮੌਕੇ 'ਨਸ਼ਾ ਹਟਾਓ, ਕੈਪਟਨ ਲਿਆਓ' ਤੇ 'ਕੈਪਟਨ ਲਿਆਓ, ਪੰਜਾਬ ਬਚਾਓ' ਦੇ ਨਾਅਰੇ ਲਗਦੇ ਰਹੇ।



# Sir Speedy Tustin
*Printers to the Community*

## Outdoor 3'x11' Promo Flag
**Only $29/-**
Pole & Spike $55/-

## Outdoor 3'x6' Durable Banner
GURU NANAK SIKH TEMPLE FAIRFIELD
Visit Our Website: www.FairfieldGurudwara.com
All weather, durable to sunlight, rain and wear & tear. Text only.
**Only $69/-**

## Receipt Books
Customized with your information and design. 2 part carbonless with numbering and perforation.
**Call for Price**

## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**

## All Weather 18"x24" Yard Signs
OPEN 24 HOURS
OPEN HOUSE! Welcome
Includes H-stakes. Single sided, durable to sunlight and rain. Reusable!
**$49/- for 4**

## 11" Printed Balloons
ਲੱਖ ਲੱਖ ਵਧਾਈ
Printed with your logo and info. One color, one location. Min. qty 1000
**19¢ each**

## Your Printed T-Shirts
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
**Only $4.99**

## Your Printed Caps
YOUR LOGO HERE
1 color in 1 position. Min Qty. 100
**Only $4.99**

## Trip Envelopes Qty 1000
DAILY TRIP ENVELOPE
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

*South Asian Wedding Cards*

CALL NOW

## Classified

### ਵਰ ਦੀ ਲੋੜ

**ਜੱਟ ਸਿੱਖ ਲੜਕੀ, ਜਨਮ ਦਸੰਬਰ, 1988, 5’5”, ਰੰਗ ਗੋਰਾ, ਖ਼ੂਬਸੂਰਤ, ਅੰਗਰੇਜ਼ੀ ਵਿਚ ਮੁਹਾਰਤ। ਚੰਡੀਗੜ੍ਹ ਵਿਚ ਜਨਮੀ ਤੇ ਪਲੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੇ ਕੈਨੇਡਾ ਵਿਚ ਪੜ੍ਹੀ। ਚੰਡੀਗੜ੍ਹ ਵਿਚ ਰਹਿ ਰਿਹਾ ਪੜ੍ਹਿਆ-ਲਿਖਿਆ ਪਰਿਵਾਰ। ਇਕੋ-ਇਕ ਲੜਕੀ, ਖ਼ੁਦ ਦੀ ਸ਼ਹਿਰੀ ਤੇ ਪੇਂਡੂ ਜਾਇਦਾਦ। ਪਰਿਵਾਰ ਤੇ ਲੜਕੇ ਨੂੰ ਹੀ ਤਰਜੀਹ ਦਿੱਤੀ ਜਾਵੇਗੀ।**

**ਸੰਪਰਕ-ਈ ਮੇਲ :hardeepdhillon212@yahoo.com**

**ਅਮਰੀਕਨ Bachelor’s of Science in health Care managment, Caste Hindu Nai age 26, Hight 5’ 7” ਲਈ ਯੋਗ ਡਿਗਰੀ ਹੋਲਡਰ ਬਰਾਬਰ ਯੋਗਤਾ ਵਾਲੇ ਵਰ ਦੀ ਲੋੜ ਹੈ। ਫੋਟੋ ਸਮੇਤ ਵੇਰਵਾ ਭੇਜੋ। ਸੀਰੀਅਸ ਸੱਜਣ ਹੀ ਸੰਪਰਕ ਕਰਨ।**

**ਫੋਨ. 916-760-8485, 916-694-3073**

**Email: duttadee@yahoo.com**

**ਬੇਹੱਦ ਖ਼ੂਬਸੂਰਤ ਜੱਟ ਸਿੱਖ ਐਮ.ਟੈਕ 26 ਸਾਲਾ ਲੜਕੀ, ਬਹੁਤ ਪੜ੍ਹਿਆ-ਲਿਖਿਆ ਪਰਿਵਾਰ, ਲਈ ਅਮਰੀਕੀ ਲੜਕੇ ਦੀ ਲੋੜ ਹੈ। ਲੜਕੀ ਭਾਰਤ ਵਿਚ ਰਹਿ ਰਹੀ ਹੈ। 559-312-4428 ’ਤੇ ਸੰਪਰਕ ਕਰੋ। ਧੰਨਵਾਦ।**

### Bride WANTED

Jat Sikh Girl, December 1988 born. 5’5’’ Very Fair, Beautiful, Smart with Excellent English. Born and brought up in Chandigarh. Educated from PU Chandigarh and Canada. Chandigarh based educated family. Girl only child, owns U/R Property. Family and boy are main concern.

**Contact E-mail : hardeepdhillon212@yahoo.com**

Looking a match for My Nephew, A Saini Sikh, 25 years old, 5 ’11” Computer Engineer, completing higher studies in Canada. Girl from California will be prefered. Call at 510-557-6988 or email me Raj@gfbontime.com.

Suitable match for (MDS) orthodontist Sikh vegetarian boy. 28,5-8”, preparing (NBDE), Done Observership @ Boston USA, having 10yrs business visa, Father retd. as Bank manager, Mother housewife, only elder brother and his family citizen@ UK .having urban and rural property.

Contact: +919999056353, +1 (510) 598-7345

E-mail : drdentortho@gmail.com


## ਅਦਾਲਤ ਦੇ ਕਹਿਣ ’ਤੇ ਵਾਪਸ ਲਈ ਪਟੀਸ਼ਨ

ਸਬੰਧਤ ਵਿਅਕਤੀਆਂ ਨੂੰ ਕਥਿਤ ਤੌਰ ’ਤੇ ਪੰਜਾਬ ਪੁਲੀਸ ਵੱਲੋਂ ਗ਼ੈਰਕਾਨੂੰਨੀ ਹਿਰਾਸਤ ਵਿੱਚ ਲੈਣ ਖ਼ਿਲਾਫ਼ ਸਿਮਰਨਜੀਤ ਸਿੰਘ ਮਾਨ ਵੱਲੋਂ ਦਾਇਰ ਪਟੀਸ਼ਨ ਦੀ ਸੁਣਵਾਈ ਕਰਦਿਆਂ ਅਦਾਲਤ ਨੇ ਇਸ ਦੀ ਸੁਣਵਾਈ 23 ਨਵੰਬਰ ’ਤੇ ਪਾ ਦਿੱਤੀ ਹੈ। ਸਿਮਰਨਜੀਤ ਸਿੰਘ ਮਾਨ ਦੇ ਵਕੀਲ ਸਿਮਰਨਜੀਤ ਸਿੰਘ ਨੇ ਹਿਰਾਸਤ ਵਿੱਚ ਲਏ ਗਏ 156 ਵਿਅਕਤੀਆਂ ਦੀ ਸੂਚੀ ਜਸਟਿਸ ਜਤਿੰਦਰ ਚੌਹਾਨ ਦੇ ਬੈਂਚ ਅੱਗੇ ਰੱਖਦਿਆਂ ਕਿਹਾ ਕਿ ਹਿਰਾਸਤ ਵਿੱਚ ਲਏ ਗਏ ਵਿਅਕਤੀਆਂ ਦੀ ਅਸਲ ਗਿਣਤੀ ਇਸ ਨਾਲੋਂ ਦੁੱਗਣੀ ਤੋਂ ਵੀ ਵੱਧ ਹੈ। ਉਨ੍ਹਾਂ ਕਿਹਾ ਕਿ ਪੂਰੀ ਸੂਚੀ ਇਸ ਲਈ ਤਿਆਰ ਨਹੀਂ ਕੀਤੀ ਜਾ ਸਕੀ ਕਿਉਂਕਿ ਪੁਲੀਸ ਕਾਰਵਾਈ ਕਾਰਨ ਸਰਬੱਤ ਖ਼ਾਲਸਾ ਨਾਲ ਸਬੰਧਤ ਆਗੂ ਜਾਣਕਾਰੀ ਮੁਹੱਈਆ ਨਹੀਂ ਕਰਵਾ ਸਕੇ।

# ਪੰਜਾਬ ਦੀ ਵਿਰਾਸਤ ਦੇ ਜਲੌਅ ਦਾ ਪ੍ਰਗਟਾਵਾ

**ਯੂਬਾ ਸਿਟੀ/ਤਰਲੋਚਨ ਸਿੰਘ ਦੁਪਾਲਪੁਰ :** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਗੱਦੀ ਦੇ ਪੁਰਬ ਨੂੰ ਸਮਰਪਿਤ ਯੂਬਾ ਸਿਟੀ ਦਾ ਧਾਰਮਿਕ ਜੋੜ ਮੇਲਾ ਹਰ ਨਵੰਬਰ ਮਹੀਨੇ ਦੇ ਪਹਿਲੇ ਐਤਵਾਰ ਬੀਤੇ 37 ਵਰ੍ਹਿਆਂ ਤੋਂ ਲਗਾਤਾਰ ਲਗਦਾ ਆ ਰਿਹਾ ਹੈ। ਕੈਲੀਫੋਰਨੀਆ ਸੂਬੇ ਵਿਚਲੇ ਯੂਬਾ ਸਿਟੀ ਸ਼ਹਿਰ ਦੇ ਗੁਰਦੁਆਰਾ ਸਾਹਿਬ ਟਾਇਰਾ ਬਿਊਨਾ ਦੇ ਪ੍ਰਬੰਧਕਾਂ ਵਲੋਂ ਸਮੂਹ ਪਰਵਾਸੀ ਪੰਜਾਬੀਆਂ ਦੇ ਸਹਿਯੋਗ ਨਾਲ ਕਰਵਾਇਆ ਜਾਂਦਾ ਇਹ ਸਮਾਗਮ ਪੰਜਾਬ ਦੇ ਇਤਿਹਾਸਕ ਜੋੜ ਮੇਲਿਆਂ ਦੀ ਯਾਦ ਦਿਲਾ ਦਿੰਦਾ ਹੈ।

ਕਿਤੇ ਗੰਨਿਆਂ ਦੇ ਤਾਜ਼ਾ ਰਸ ਦਾ ਵੇਲਣਾ ਚੱਲ ਰਿਹਾ ਸੀ, ਵੱਡੀਆਂ ਭੱਠੀਆਂ ’ਤੇ ਛੱਲੀਆਂ ਭੁੰਨੀਆਂ ਜਾ ਰਹੀਆਂ ਸਨ। ਗਰਮਾ-ਗਰਮ ਜਲੇਬੀਆਂ, ਛੋਲੇ ਭਟੂਰੇ, ਆਲੂ ਦੇ ਪਰੌਂਠੇ, ਮੱਕੀ ਦੀ ਰੋਟੀ ਤੇ ਸਾਗ, ਕਈ ਤਰ੍ਹਾਂ ਦੇ ਪਕੌੜੇ-ਸਮੋਸੇ, ਮਿਲਕ-ਬਦਾਮ, ਚਾਰ-ਕੌਫ਼ੀ, ਪੀਜ਼ੇ-ਬਰਗਰ ਤੇ ਹੋਰ ਬਹੁਭਾਂਤੇ ਲੰਗਰ ’ਵਾਜਾਂ ਮਾਰ ਮਾਰ ਕੇ ਛਕਾਏ ਜਾ ਰਹੇ ਸਨ। ਲੰਗਰ ਤਿਆਰ ਕਰ ਰਹੇ ਅਤੇ ਵਰਤਾਨਿਆਂ ਦਾ ਚਾਅ-ਉਮਾਹ ਦੇਖਿਆਂ ਹੀ ਬਣਦਾ ਸੀ। ਹਮੇਸ਼ਾ ਵਾਂਗ ਇਸ ਵਾਰ ਵੀ ਇਕੱਠ ਵਿਚ ਦੱਖਣੀ ਭਾਰਤੀਆਂ ਨਾਲ ਨਾਲ ਸਥਾਨਕ ਗੋਰੇ, ਮੈਕਸੀਕਨ ਤੇ ਸਿਆਹਫਾਮ ਲੋਕਾਂ ਦੀ ਸ਼ਮੂਲੀਅਤ ਭਰਵੀਂ ਸੀ। ਕੁਝ ਗੋਰਿਆਂ ਦੇ ਸਿਰੀਂ ਬੰਨ੍ਹੀਆਂ ਰੰਗ-ਬਰੰਗੀਆਂ ਦਸਤਾਰਾਂ ਮੇਲੇ ਵਿਚ ਖਿੱਚ ਦਾ ਕਾਰਨ ਬਣੀਆਂ ਹੋਈਆਂ ਸਨ।

ਖ਼ਰੀਦੋ-ਫਰੋਖ਼ਤ ਵਾਸਤੇ ਲਾਏ ਸਟਾਲਾਂ ਤੋਂ ਇਲਾਵਾ ਵਰਲਡ ਸਿੱਖ ਫ਼ੈਡਰੇਸ਼ਨ ਦੇ ਨਿਸ਼ਕਾਮ ਸੇਵਾਦਾਰਾਂ ਵਲੋਂ ਲਾਏ ਗਏ ਕਿਤਾਬਾਂ-ਸੀਡੀਆਂ ਦੇ ਸਟਾਲ ’ਤੇ ਸਾਰਾ ਦਿਨ ਕਾਫ਼ੀ ਭੀੜ ਲੱਗੀ ਰਹੀ। ਕੁਝ ਵਪਾਰਕ ਕੰਪਨੀਆਂ ਨੇ ਵੀ ਆਪੋ-ਆਪਣੇ ਉਤਪਾਦਾਂ ਦੀ ਨੁਮਾਇਸ਼ ਹਿਤ ਸਟਾਲ ਲਾਏ ਹੋਏ ਸਨ। ਇਸ ਵਾਰ ਬਾਦਲ ਦਲ ਦਾ ਫਲੋਟ ਜਾਂ ਸਟਾਲ ਨਦਾਰਦ ਸੀ, ਪਰ ਅਕਾਲੀ ਦਲ ਮਾਨ ਦੇ ਸਟਾਲ ਉੱਤੇ ਧੂੰਆਂ-ਧਾਰ ਤਕਰੀਰਾਂ ਅਤੇ ਢਾਡੀ ਵਾਰਾਂ ਦੀ ਗੜਗੱਜ ਪੈ ਰਹੀ ਸੀ। ਸਭ ਤੋਂ ਵੱਧ ਭੀੜ ਆਮ ਆਦਮੀ ਪਾਰਟੀ ਦੇ ਲੰਬੇ ਚੌੜੇ ਸਟਾਲ ਉੱਤੇ ਜੁੜੀ ਰਹੀ, ਜਿਸ ਦੇ ਵਾਲੰਟੀਅਰ, ਲੋਕਾਂ ਨੂੰ ਪ੍ਰੇਰ ਪ੍ਰੇਰ ਪੰਜਾਬ ਵਿਚ ਸੰਭਾਵੀ ਤਬਦੀਲੀ ਲਿਆਉਣ ਬਾਬਤ ਚੁਕੰਨੇ ਕਰਦੇ ਰਹੇ।

ਇਥੇ ਪਹਿਲੀ ਵਾਰ ਅੰਗ-ਦਾਨ ਦੇ ਪ੍ਰਣ-ਪੱਤਰ ਭਰਵਾਉਣ ਲਈ ਵਿਲੱਖਣ ਸਟਾਲ ਲਾਇਆ ਗਿਆ ਜੋ ਕਿ ਅਗਾਂਹ ਵਧੂ ਨੌਜਵਾਨ ਰਜਿੰਦਰ ਸਿੰਘ ਟਾਂਡਾ ਦੀ ਟੀਮ ਵਲੋਂ ਉੱਘੇ ਸ਼ਾਇਰ ਜਸਵੰਤ ਸਿੰਘ ਜ਼ਫ਼ਰ ਦੇ ਮਰਹੂਮ ਪੁੱਤਰ ਵਿਵੇਕ ਸਿੰਘ ਪੰਧੇਰ ਨੂੰ ਸਮਰਪਿਤ ਸੀ।

## ਯੂਬਾ ਸਿਟੀ ਦੇ ਨਗਰ ਕੀਰਤਨ ਵਿਚ ਆਇਆ ਸੰਗਤਾਂ ਦਾ ਹੜ੍ਹ

ਦਾ ਜੱਥਾ, ਰਾਗੀ ਕੁਲਵਿੰਦਰ ਸਿੰਘ, ਰਾਗੀ ਅਰਵਿੰਦਰ ਸਿੰਘ, ਦਲਵੀਰ ਸਿੰਘ, ਸੁੰਦਰ ਸਿੰਘ, ਕਥਾਕਾਰ ਪਰਮਜੀਤ ਸਿੰਘ, ਭਾਈ ਹਰਨਾਮ ਸਿੰਘ, ਭਾਈ ਦਲੀਪ ਸਿੰਘ ਤੇ ਕਥਾਕਾਰ ਭਾਈ ਤਾਰਾ ਸਿੰਘ ਤੋਂ ਇਲਾਵਾ ਸਿੱਖ ਪੰਥ ਦੇ ਉੱਚ ਕੋਟੀ ਦੇ ਰਾਗੀ ਜਥੇ, ਕਥਾਵਾਚਕ ਅਤੇ ਪ੍ਰਚਾਰਕਾਂ ਨੇ ਹਾਜ਼ਰੀ ਭਰੀ। ਨਗਰ ਕੀਰਤਨ ਤੋਂ ਇੱਕ ਦਿਨ ਪਹਿਲਾਂ ਗੁਰੂ ਘਰ ਦੀ ਨਵੀਂ ਕਮੇਟੀ ਦੇ ਪ੍ਰਬੰਧਕ ਸਰਬਜੀਤ ਸਿੰਘ ਥਿਆੜਾ ਅਤੇ ਪਰਿਵਾਰ ਵਲੋਂ ਵੱਡੀ ਪੱਧਰ ’ਤੇ ਆਤਿਸ਼ਬਾਜ਼ੀ ਕੀਤੀ ਗਈ। ਗੁਰਦੁਆਰਾ ਸਾਹਿਬ ਦੇ ਬਾਹਰ ਲੁੱਕ ਪਾਉਣ ਦੀ ਸੇਵਾ ਤੇ ਗੁਰਦੁਆਰਾ ਸਾਹਿਬ ਦੇ ਨਿਸ਼ਾਨ ਸਾਹਿਬ ਦੀ ਸੇਵਾ ਵੀ ਥਿਆੜਾ ਪਰਿਵਾਰ ਵਲੋਂ ਕੀਤੀ ਗਈ। ਇੱਕ ਦਿਨ ਪਹਿਲਾਂ ਸ਼ਾਮ ਦੇ ਦੀਵਾਨ ਵਿੱਚ ਵੱਖ ਵੱਖ ਸਿੱਖ ਆਗੂਆਂ ਨੇ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਭਰਵੀਆਂ ਤਕਰੀਰਾਂ ਕੀਤੀਆਂ। ਇਨ੍ਹਾਂ ਆਗੂਆਂ ਵਿਚ ਡਾ. ਅਮਰਜੀਤ ਸਿੰਘ, ਕੁਲਜੀਤ ਸਿੰਘ ਨਿੱਝਰ, ਅਮਰਦੀਪ ਸਿੰਘ, ਸ਼ਹੀਦ ਬੇਅੰਤ ਸਿੰਘ ਦੇ ਬੇਟਾ ਜਸਵਿੰਦਰ ਸਿੰਘ, ਗੁਰਨਾਮ ਸਿੰਘ, ਦਿਲਬਾਗ ਸਿੰਘ ਬੈਂਸ ਤੇ ਸ਼ਹੀਦ ਭਾਈ ਅਮਰੀਕ ਸਿੰਘ ਦੇ ਬੇਟੇ ਨੇ ਤਕਰੀਰਾਂ ਕੀਤੀਆਂ। ਸਟੇਜ ਦੀ ਕਾਰਵਾਈ ਗੁਰਮੇਜ ਸਿੰਘ ਗਿੱਲ ਤੇ ਪ੍ਰਮਿੰਦਰ ਗਰੇਵਾਲ ਨੇ ਚਲਾਈ। ਸ. ਦੀਦਾਰ ਸਿੰਘ ਬੈਂਸ, ਸਰਬਜੀਤ ਥਿਆੜਾ, ਜਸਵੰਤ ਸਿੰਘ ਬੈਂਸ, ਪਰਮਿੰਦਰ ਗਰੇਵਾਲ ਨੇ ਇਸ ਨਗਰ ਕੀਰਤਨ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਕਾਫ਼ੀ ਮਿਹਨਤ ਕੀਤੀ। ਇਨਾਂ ਸਮਾਗਮਾਂ ਦੌਰਾਨ ਸਿੱਖ ਭਾਈਚਾਰੇ ਨੇ ਰਿਕਾਰਡ ਤੋੜ ਖ਼ੂਨ ਦਾਨ ਕੀਤਾ। ਭਾਈ ਹਰਕੀਰਤ ਸਿੰਘ ਨੇ ਦੱਸਿਆ ਕਿ ਇਸ ਵੇਰਾਂ ਕਰੀਬ 225 ਦਾਨੀਆਂ ਨੇ ਖ਼ੂਨਦਾਨ ਕੀਤਾ ਹੈ।

ਧਾਰਮਿਕ ਸਾਹਿਤ ਦੇ ਬਹੁਤੇ ਸਟਾਲ ਵੀ ਇਸ ਵਾਰ ਦੇਖਣ ਨੂੰ ਮਿਲੇ। ਵੱਡੀ ਪੱਧਰ ’ਤੇ ਲੱਗੇ ਕੱਪੜੇ, ਗਹਿਣਿਆਂ ਤੇ ਹੋਰ ਸਾਜ਼ੋ-ਸਾਮਾਨ ਦੇ ਸਟਾਲਾਂ ਤੋਂ ਲੋਕਾਂ ਨੇ ਹਜ਼ਾਰਾਂ ਡਾਲਰਾਂ ਦੀ ਖ਼ਰੀਦੋ ਫਰੋਖ਼ਤ ਕੀਤੀ। ਲੰਗਰ ਸੇਵਾਦਾਰਾਂ ਵਲੋਂ ਤਰ੍ਹਾਂ-ਤਰ੍ਹਾਂ ਦੇ ਭੋਜਨ ਬਣਾਏ ਗਏ ਸਨ, ਜਿਨ੍ਹਾਂ ਦਾ ਸੁਆਦ ਅਮਰੀਕਨਾਂ, ਏਸ਼ੀਅਨ, ਫੀਜੀਅਨ ਤੇ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਵੀ ਲਿਆ। ਕੁਇੰਟਲਾਂ ਦੇ ਹਿਸਾਬ ਨਾਲ ਬਦਾਮ, ਕਾਜੂ, ਸਬਜ਼ੀ, ਫਲਾਂ ਦਾ ਇਸਤਮਾਲ ਕੀਤਾ ਗਿਆ। ਯੂਬਾ ਸਿਟੀ ਦੇ ਸਿੱਖ ਟੈਂਪਲ ਦੁਆਲੇ ਪਈ ਸੈਂਕੜੇ ਏਕੜ ਜ਼ਮੀਨ ਵੀ ਕਾਰਾਂ ਖੜ੍ਹੀਆਂ ਕਰਨ ਲਈ ਘੱਟ ਪੈ ਰਹੀ ਸੀ। ਸੰਗਤ ਨੂੰ ਨਗਰ ਕੀਰਤਨ ਤੱਕ ਲਿਜਾਣ ਲਈ ਬੱਸਾਂ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਯੂਬਾ ਸਿਟੀ ਦੇ ਸਾਰੇ ਰਾਸਤੇ ਸੰਗਤਾਂ ਨਾਲ ਭਰੇ ਹੋਏ ਸਨ। ਦੇਸੀ ਮੀਡੀਏ ਤੋਂ ਇਲਾਵਾ ਅਮਰੀਕਨ ਮੀਡੀਏ ਦੇ ਵੀ ਕਾਫੀ ਨੁਮਾਇੰਦੇ ਦਿਖਾਈ ਦਿੱਤੇ।

## ਸਰਬੱਤ ਖਾਲਸਾ 2016 ਲਈ ਪ੍ਰਵਾਸੀ ਸਿੱਖਾਂ ਦੇ ਸੁਝਾਅ

ਦੇ ਬੁਲਾਰੇ ਪਹਿਲੀ ਵਾਰ ਇਹਨਾਂ 14 ਪ੍ਰਸਤਾਵਾਂ ਤੇ ਵਿਚਾਰ ਕਰਨ ਲਈ ਇਕੱਠੇ ਹੋਏ। ਇਸ ਇਤਿਹਾਸਕ ਮਿਲਣੀ ਦਾ ਉਦੇਸ਼ ਇਹ ਸੀ ਕਿ ਪ੍ਰਵਾਸੀ ਸਿੱਖਾਂ ਦੀ ਅਵਾਜ ਸਰਬੱਤ ਖਾਲਸਾ 2016 ਦੇ ਪ੍ਰਬੰਧਕਾਂ ਅਤੇ ਹਿੱਸਾ ਲੈਣ ਵਾਲਿਆਂ ਵੱਲੋਂ ਸੁਣੀ ਜਾਵੇ ।

14 ਵਿੱਚੋਂ 11 ਪ੍ਰਸਤਾਵਾਂ ਲਈ, 85% ਤੋਂ ਵੱਧ ਹਿੱਸਾ ਲੈਣ ਵਾਲੀ ਸੰਗਤ ਨੇ ‘ਸਹਿਮਤ’ ਦਾ ਰੁੱਖ ਲਿਆ। ਇਹਨਾਂ ਚਾਰ ਖੇਤਰਾਂ ਵਿੱਚ ਵਸਣ ਵਾਲੇ ਪ੍ਰਮੁੱਖ ਸਿੱਖ ਗਰੁੱਪਾਂ ਵਿੱਚ ਇਸ ਪੱਧਰ ਦੀ ਸਹਿਮਤੀ ਇੱਕ ਕਮਾਲ ਦੀ ਗੱਲ ਹੈ।

ਸਰਬੱਤ ਖਾਲਸਾ ਦੀ ਸੋਚ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਬ ਸਹਿਮਤੀ ਅਧਾਰਿਤ ਫੈਸਲੇ ਬਣਾਉਣ ਦੀ ਪ੍ਰਕਿਰਿਆ ਦਾ ਇਸਤੇਮਾਲ ਕਰਦੇ ਹੋਏ ਚਾਰੋਂ ਮਾਡਲ ਸਰਬੱਤ ਖਾਲਸਾ ਵਿੱਚ ਹਿੱਸਾ ਲੈਣ ਵਾਲਿਆਂ ਕੋਲੋਂ 14 ਪ੍ਰਸਤਾਵਾਂ ਤੇ ਉਹਨਾਂ ਦੇ ਵਿਚਾਰ ਪ੍ਰਗਟ ਕਰਨ ਲਈ ਸਹਿਮਤ”, ਨਾ ਸਹਿਮਤ ਪਰ ਪ੍ਰਸਤਾਵ ਦੇ ਮੰਨੇ ਜਾਣ ਵਿੱਚ ਕੋਈ ਹਰਜ ਨਹੀ”, ਅਸਹਿਮਤ” ਜਾਂ ਬਲਾਕ” ਦੇ ਰੁੱਖ ਵਾਲੇ ਫੈਸਲੇ ਰਿਕਾਰਡ ਕੀਤੇ ਗਏ। ਜਦ ਹਾਜ਼ਰ ਸੰਗਤ ਨੇ ਕੋਈ ‘ਅਸਿਹਮਤ’ ਜਾਂ ‘ਬਲਾਕ’ ਰੁੱਖ ਰਿਕਾਰਡ ਕੀਤਾ ਤਾਂ ਉਹਨਾਂ ਦਾ ਕਾਰਣ ਜਾਨਣ ਲਈ ਉਹਨਾਂ ਦਾ ਟਿੱਪਣੀ ਕਰਨਾ ਜਰੂਰੀ ਬਣਾਇਆ ਗਿਆ। ਉਹਨਾਂ ਟਿੱਪਣੀਆਂ ਦੇ #FreeAkalTakht ਦੀ ਟੀਮ ਨੇ ਜਵਾਬ ਦਿੱਤੇ ਹਨ ਜੋ ਕਿ ਵਿਸ਼ਵ ਦੀ ਸੰਗਤ ਪਰਖ ਸਕਦੀ ਹੈ।

#FreeAkalTakht ਟੀਮ ਦੇ ਮੈਂਬਰ ਸਿਫਾਰਸ਼ ਕਰਦੇ ਹਨ ਕਿ ਅਗਲੇ ਸਰਬੱਤ ਖਾਲਸਾ ਦੇ ਪ੍ਰਬੰਧਕਾਂ ਵਲੋਂ #FreeAkalTakht ਦੀ ਟੀਮ ਵੱਲੋਂ ਸਰਬੱਤ ਖਾਲਸਾ ਕਾਰਵਾਈ ਦੇ ਵਿਕਾਸ ਲਈ ਇੱਕ ਬੁਨਿਆਦ ਦੇ ਰੂਪ ਵਿੱਚ ਵਿਕਸਤ ਕੀਤਾ ਗਏ ‘ਸਰਬੱਤ ਖਾਲਸਾ ਦੇ ਅਸੂਲ’ ਨੂੰ ਧਿਆਨ ਵਿੱਚ ਲਿਆ ਜਾਵੇ। ਸਾਰੇ ਸੰਸਾਰ ਵਿੱਚ ਖੇਤਰੀ ਮਾਡਲ ਸਰਬੱਤ ਖਾਲਸਾ ਸਮਾਗਮ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ ਤਾਂ ਕਿ ਸਰਬ-ਸੰਮਤੀ ਦੇ ਆਧਾਰ ਉੱਤੇ ਫ਼ੈਸਲੇ ਕਰਨ ਦੀ ਪ੍ਰਕਿਰਿਆ ਵਰਤ ਕੇ 14 ਪ੍ਰਸਤਾਵਾਂ ‘ਤੇ ਹੋਰ ਅੱਗੇ ਸੰਗਤ ਰਾਇ ਪ੍ਰਾਪਤ ਕੀਤੀ ਜਾ ਸਕੇ। ਸਰਬੱਤ ਖਾਲਸਾ ਦੀ ਪ੍ਰਕਿਰਿਆ ਨੂੰ ਵਿਸ਼ਵ ਪੱਧਰ ਤੇ ਵਿਕਸਿਤ ਕਰਣ ਲਈ ਪੰਥ ਦੇ ਨਿਰਪੱਖ, ਵਧੀਆ, ਤੇ ਬੁੱਧੀਵਾਨਾਂ ਦੀ ਇੱਕ ਟੀਮ ਬਣਾਈ ਜਾਵੇ ਜੋ ਜੇਕਰ ਉਚਿਤ ਸਮਝਿਣ ਤਾਂ #FreeAkalTakht ਦੇ ਮਾਡਲ ਖੇਤਰੀ ਸਰਬੱਤ ਖਾਲਸਾ ਸਮਾਗਮਾਂ ਤੋਂ ਸਿੱਖੇ ਹੋਏ ਸਬਕਾਂ ਦੀ ਵਰਤੋਂ ਕਰਣ। ਹੋਰ ਜਾਣਕਾਰੀ ਲਈ ਸੰਪਰਕ ਕਰੋ: ਚਰਨਪ੍ਰੀਤ ਸਿੰਘ EC@FreeAkalTakht.org +1 410-844-9088

## ਪਾਕਿਸਤਾਨੀ ਡਾਕਟਰ ਨੇ ਕੀਤਾ ਮੋਦੀ ਦਾ ਇਲਾਜ...

ਬਜ਼ਾਰੋਂ ਦਵਾਈ ਲੈਣ ਭੇਜ ਦਿੰਦਾ ਹੈ। ਲਿਫਾਫਾ ਡਾਕਟਰ ਦੇ ਮੇਜ ‘ਤੇ ਰੱਖ ਕੇ ਰੋਣ ਹਾਕੇ ਜਿਹੇ ਹੋਏ ਦੋਵੇਂ ਸਹਾਇਕ ਡਾਕਟਰ ਨੂੰ ਕਹਿੰਦੇ ਨੇ ਕਿ ਸਰ ਤੁਸੀਂ ਦਵਾਈ ਤਾਂ ਕੋਈ ਲਿਖੀ ਹੀ ਨਹੀਂ ਪਰਚੀ ਉੱਤੇ ਸਗੋਂ ਦੀਵਾਲੀ ਨੂੰ ਚਲਾਏ ਜਾਣ ਵਾਲੇ ਬੰਬ ਪਟਾਕੇ ਤੇ ਅੱਗ ਦੀਆਂ ਚਿੰਗਾੜੀਆਂ ਕੱਢਣ ਵਾਲੀਆਂ ਫੁੱਲ ਝੜੀਆਂ ਹੀ ਲਿਖੀਆਂ ਹੋਈਆਂ ਨੇ। ਡਾਕਟਰ ਮੁਸਕਾਉਂਦਾ ਹੋਇਆ ਆਪਣੀ ਜੇਬ ਵਿਚੋਂ ਸਿਗਰਟ ਬਾਲਣ ਵਾਲਾ ‘ਲਾਈਟਰ’ ਕੱਢ ਕੇ ਇਕ ਬੰਬ ਪਟਾਕੇ ਦੇ ਪਲੀਤੇ ਨੂੰ ਅੱਗ ਲਾਉਂਦਾ ਹੈ ਤੇ ਮੋਦੀ ਜੀ ਮੋਹਰੇ ਸੁੱਟ ਦਿੰਦਾ ਹੈ। ਇਕ ਦਮ ‘ਠਾਹ ਠੂਹ’ ਦੀ ਜ਼ੋਰਦਾਰ ਆਵਾਜ਼ ਸੁਣ ਕੇ ਅਤੇ ਅੱਗ ਨਿਕਲੀ ਦੇਖਦਿਆਂ ਸਾਰ, ਮੋਦੀ ਜੀ ਬੜੀ ਤਸੱਲੀ ਤੇ ਸ਼ਾਂਤੀ ਦਾ ਪ੍ਰਗਟਾਵਾ ਕਰਦੇ ਹੋਏ ਚਿੱਟੇ ਚਿੱਟੇ ਦੰਦ ਕੱਢਦੇ ਹੱਸਦੇ ਹਨ। ਜਿਵੇਂ ਧੁੱਪ ‘ਚੋਂ ਲੂਹਿਆ ਬੰਦਾ ਅਚਾਨਕ ਪੱਖੇ ਥੱਲੇ ਬਹਿ ਕੇ ਆਪਣਾ ਪਸੀਨਾ ਸੁਕਾਉਂਦਾ ‘ਸੁਖ ਦਾ ਸਾਹ’ ਲੈਂਦਾ ਹੈ, ਇਵੇਂ ਮੋਦੀ ਜੀ ਡਾਕਟਰ ਦਾ ਸ਼ੁਕਰਾਨਾ ਕਰਦੇ ਕਹਿੰਦੇ ਨੇ ਕਿ ਮੈਨੂੰ ਸਕੂਲ ਮਿਲ ਗਿਆ ਜੀ। ਦੋਹਾਂ ਸਹਾਇਕਾਂ ਨੂੰ ਡਾਕਟਰ ਸਮਝਾਉਂਦਾ ਹੈ ਕਿ ਜਦ ਵੀ ਕਦੇ ਮੋਦੀ ਜੀ ਨੂੰ ਅਜਿਹਾ ਦੌਰਾ ਪਵੇ ਤਾਂ ਇਨ੍ਹਾਂ ਦੇ ਕਮਰੇ ਕੋਲ ਦੋ ਚਾਰ ਪਟਾਕੇ ਚਲਾ ਦਿਆ ਕਰੋ।

## ਪੰਜਾਬ ਵਿਚ ਸ਼ਰਾਬ ਮਾਫ਼ੀਆ ਹੱਥੋਂ ਇਕ ਮਹੀਨੇ ’ਚ ਚੌਥਾ ਕਤਲ

ਇਸ ਮੌਕੇ ਸ਼ਰਾਬ ਦਾ ਠੇਕਾ ਤਾਂ ਬੰਦ ਸੀ ਪਰ ਠੇਕੇ ਦੇ ਕੋਲ ਹੀ ਠੇਕੇਦਾਰ ਦੇ ਰੱਖੇ ਲੱਠਮਾਰ ਕਥਿਤ ਤੌਰ ’ਤੇ ਨਾਜਾਇਜ਼ ਸ਼ਰਾਬ ਦੀ ਵਿਕਰੀ ਕਰ ਰਹੇ ਸਨ। ਸਾਬਕਾ ਫ਼ੌਜੀ ਦੀ ਕਿਸੇ ਗੱਲ ਤੋਂ ਲੱਠਮਾਰਾਂ ਨਾਲ ਬਹਿਸ ਹੋ ਗਈ ਤਾਂ ਲੱਠਮਾਰਾਂ ਨੇ ਸਾਬਕਾ ਫ਼ੌਜੀ ਨੂੰ ਬੇਸਬਾਲ ਵਾਲੇ ਬੈਟਾਂ ਨਾਲ ਹਮਲਾ ਕਰਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ। ਇਸ ਦੌਰਾਨ ਕੁੱਝ ਨੌਜਵਾਨ ਸਾਬਕਾ ਫ਼ੌਜੀ ਨੂੰ ਚੁੱਕ ਕੇ ਉਸ ਦੇ ਘਰ ਪਿੰਡ ਚੀਦਾ ਛੱਡ ਆਏ ਪਰ ਉਸਦੀ ਹਾਲਤ ਨਾਜ਼ੁਕ ਹੋਣ ਕਾਰਨ ਉਸ ਨੂੰ ਸਿਵਲ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ। ਉਥੇ ਉਹ ਜ਼ਖ਼ਮਾਂ ਦੀ ਤਾਬ ਨਾ ਝਲਦਾ ਹੋਇਆ ਦਮ ਤੋੜ ਗਿਆ।

ਦੱਸਣਯੋਗ ਹੈ ਕਿ ਆਬਕਾਰੀ ਤੇ ਕਰ ਵਿਭਾਗ ਨੇ ਸ਼ਰਾਬ ਠੇਕੇਦਾਰਾਂ ਵੱਲੋਂ 16 ਕਰੋੜ ਰੁਪਏ ਦੀ ਲਾਇਸੈਂਸ ਫ਼ੀਸ ਅਦਾ ਨਾ ਕਰਨ ਕਰਕੇ ਜ਼ਿਲ੍ਹੇ ਵਿਚ ਸ਼ਰਾਬ ਦੇ ਠੇਕੇ ਸੀਲ ਕਰ ਦਿੱਤੇ ਹਨ ਪਰ ਠੇਕੇਦਾਰਾਂ ਦੇ ਲੱਠਮਾਰ ਕਥਿਤ ਤੌਰ ’ਤੇ ਨਾਜਾਇਜ਼ ਸ਼ਰਾਬ ਦੀ ਵਿਕਰੀ ਕਰ ਰਹੇ ਹਨ।

ਇਸੇ ਦੌਰਾਨ ਥਾਣਾ ਸਮਾਲਸਰ ਦੇ ਮੁਖੀ ਭੁਪਿੰਦਰ ਸਿੰਘ ਨੇ ਦੱਸਿਆ ਕਿ ਜਸਵੰਤ ਸਿੰਘ ਪੁੱਤਰ ਮੇਜਰ ਸਿੰਘ ਪਿੰਡ ਚੀਦਾ ਦੀ ਸ਼ਿਕਾਇਤ ਉੱਤੇ ਸ਼ਰਾਬ ਠੇਕੇਦਾਰ ਹਰਜਿੰਦਰ ਸਿੰਘ, ਸੋਨੀ ਗਿੱਲ, ਜਗਦੀਸ਼ ਸਿੰਘ ਉਰਫ਼ ਗਿਆਨੀ ਵਾਸੀ ਸਰਦਾਰ ਨਗਰ, ਮੋਗਾ, ਜੀਤ ਸਿੰਘ ਵਾਸੀ ਸਮਾਲਸਰ ਅਤੇ ਸੇਲਜ਼ਮੈਨ ਸੰਤ ਰਾਮ ਖ਼ਿਲਾਫ਼ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਸਰਬੱਤ ਖ਼ਾਲਸਾ ਅਣਮਿੱਥੇ ਸਮੇਂ ਲਈ ਮੁਲਤਵੀ

ਵਿਚ ਸਰਬੱਤ ਖ਼ਾਲਸਾ ਕਰਵਾਉਣ ਲਈ ਦਾਇਰ ਪਟੀਸ਼ਨ ਸਿਮਰਜੀਤ ਸਿੰਘ ਮਾਨ ਨਦੇ ਵਕੀਲ ਨੇ ਵਾਪਸ ਲੈ ਲਈ। ਹਾਲਾਂਕਿ ਉਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਉਹ ਫਿਰ ਅਦਾਲਤ ਦਾ ਦਰਵਾਜ਼ਾ ਖੜਕਾਉਣਗੇ। ਪ੍ਰਬੰਧਕਾਂ ਨੇ ਸਿੱਖ ਸੰਗਤ ਨੂੰ ਆਪਣੇ ਆਪ ਨੂੰ ਕਿਸੇ ਵੀ ਜੋਖ਼ਮ ਵਿੱਚ ਨਾ ਪਾਉਣ ਤੇ ਸ਼ਾਂਤ ਰਹਿਣ ਦੀ ਅਪੀਲ ਕੀਤੀ ਹੈ।

ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਗੋਪਾਲ ਸਿੰਘ ਸਿੱਧੂ ਨੇ ਦੱਸਿਆ ਕਿ ਜਥੇਦਾਰਾਂ ਦੀ ਮੀਟਿੰਗ ਰਾਜਸਥਾਨ ਦੇ ਪਿੰਡ ਬੁੱਡਾ ਜੌਹੜ ਵਿਖੇ ਹੋਵੇਗੀ ਤੇ ਉਥੋਂ ਅਗਲਾ ਪੰਥਕ ਐਲਾਨ ਹੋਵੇਗਾ।

ਪੰਥਕ ਆਗੂਆਂ ਨੇ ਆਖਿਆ ਕਿ ਭਾਈ ਜਗਤਾਰ ਸਿੰਘ ਹਵਾਰਾ ਅਤੇ ਭਾਈ ਧਿਆਨ ਸਿੰਘ ਮੰਡ ਦੀ ਸਲਾਹ ਨਾਲ ‘ਸਰਬੱਤ ਖ਼ਾਲਸਾ’ ਮੁਲਤਵੀ ਕੀਤਾ ਗਿਆ ਹੈ। ਪੰਥਕ ਆਗੂਆਂ ਨੇ ਆਖਿਆ ਕਿ ਬਾਦਲ ਸਰਕਾਰ ਨੇ ਕਥਿਤ ਤੌਰ ’ਤੇ ਪੰਥ ਵਿਰੋਧੀ ਤਾਕਤਾਂ ਨੂੰ ਖੁਸ਼ ਕਰਨ ਖਾਤਰ ‘ਸਰਬੱਤ ਖ਼ਾਲਸਾ’ ਉਤੇ ਪਾਬੰਦੀ ਲਾਈ ਹੈ। ਮੁਤਵਾਜ਼ੀ ਜਥੇਦਾਰਾਂ ਨੇ ਆਖਿਆ ਕਿ ਜਦੋਂ 1737 ਵਿੱਚ ਭਾਈ ਮਨੀ ਸਿੰਘ ਨੇ ਦੀਵਾਲੀ ਮੌਕੇ ਅੰਮ੍ਰਿਤਸਰ ਵਿਖੇ ‘ਸਰਬੱਤ ਖ਼ਾਲਸਾ’ ਸੱਦਿਆ ਸੀ, ਉਦੋਂ ਜ਼ਕਰੀਆ ਖਾਨ ਨੇ ਸਿੱਖ ਕਤਲੇਆਮ ਦੀ ਵਿਉਂਤ ਬਣਾ ਲਈ ਸੀ। ਆਗੂਆਂ ਨੇ ਸਿੱਖ ਸੰਗਤ ਨੂੰ 10 ਨਵੰਬਰ ਨੂੰ ਵੱਡੀ ਗਿਣਤੀ ਵਿੱਚ ਬੁੱਢਾ ਜੌਹੜ ਪੁੱਜਣ ਦੀ ਅਪੀਲ ਕੀਤੀ ਹੈ।

## ਮੋਦੀ ਸਰਕਾਰ ਦਾ ਕਾਲਾ ਧਨ ਕਢਵਾਉਣ ਦਾ ਨਵਾਂ ਜੁਮਲਾ

ਤਾਂ ਲੱਗ ਗਈ ਹੈ, ਪਰ ਆਮ ਆਦਮੀ ਲਈ ਕਈ ਸਵਾਲ ਅਣਸੁਲਝੇ ਹਨ। ਨੋਟ ਕਿਵੇਂ ਬਦਲਣਗੇ, ਘਰ ਵਿਚ ਰੱਖੇ ਨੋਟਾਂ ਦਾ ਕੀ ਹੋਵੇਗਾ? ਜਿਨ੍ਹਾਂ ਨੇ ਵਿਆਹ ਵਗੈਰਾ ਦੇ ਖ਼ਰਚ ਲਈ ਪੈਸੇ ਕਢਵਾ ਰੱਖੇ ਹੋਣਗੇ, ਉਨ੍ਹਾਂ ਦਾ ਕੀ ਹੋਵੇਗਾ? ਇਸ ਦਾ ਫ਼ਿਲਹਾਲ ਸਰਕਾਰ ਕੋਲ ਕੋਈ ਜਵਾਬ ਨਹੀਂ ਹੈ।

ਖ਼ੈਰ, ਇਹ ਸਾਧਾਰਨ ਸਵਾਲ ਹਨ ਪਰ ਅਹਿਮ ਸਵਾਲ ਕਾਲਾ ਧਨ ਰੋਕਣ ਨਾਲ ਜੁੜਿਆ ਹੈ। ਕੀ ਵਾਕਿਆ ਹੀ ਇਸ ਕਦਮ ਨਾਲ ਕਾਲਾ ਧਨ ਰੁਕ ਜਾਵੇਗਾ? ਇਹਦੇ ਲਈ ਇਤਿਹਾਸ ਵਿਚ ਜਾਣਾ ਪਏਗਾ। ਇਹ ਪਹਿਲਾ ਮੌਕਾ ਨਹੀਂ ਹੈ, ਜਦੋਂ ਵੱਡੇ ਨੋਟ ਬੰਦ ਕੀਤੇ ਗਏ ਹੋਣ। 1946 ਵਿਚ ਵੀ ਹਜ਼ਾਰ ਰੁਪਏ ਤੇ 10 ਹਜ਼ਾਰ ਰੁਪਏ ਦੇ ਨੋਟ ਵਾਪਸ ਲਏ ਗਏ ਸਨ। ਫਿਰ 1954 ਵਿਚ ਹਜ਼ਾਰ, ਪੰਜ ਹਜ਼ਾਰ ਤੇ ਦਸ ਹਜ਼ਾਰ ਰੁਪਏ ਦੇ ਨੋਟ ਵਾਪਸ ਲਏ ਗਏ। ਉਸ ਮਗਰੋਂ ਜਨਵਰੀ 1978 ਵਿਚ ਇਨ੍ਹਾਂ ਨੂੰ ਫੇਰ ਬੰਦ ਕਰ ਦਿੱਤਾ ਗਿਆ। ਇਨ੍ਹਾਂ ਮੌਕਿਆਂ 'ਤੇ 'ਭ੍ਰਿਸ਼ਟ ਲੋਕਾਂ ਨੂੰ ਸਾਹਮਣੇ ਲਿਆਉਣ' ਦੇ ਉਦੇਸ਼ ਨਾਲ ਇਹ ਕਦਮ ਚੁੱਕੇ ਗਏ। 1978 ਵਿਚ ਜਦੋਂ ਇਹ ਨੋਟ ਵਾਪਸ ਲਏ ਗਏ, ਉਸ ਪਿਛੇ ਦਿਲਚਸਪ ਕਿੱਸਾ ਵੀ ਜੁੜਿਆ ਹੈ।

ਉਦੋਂ ਜਨਤਾ ਪਾਰਟੀ ਗਠਜੋੜ ਨੂੰ ਸੱਤਾ ਵਿਚ ਆਇਆਂ ਇਕ ਵਰ੍ਹਾ ਹੀ ਹੋਇਆ ਸੀ। ਸਰਕਾਰ ਨੇ 16 ਜਨਵਰੀ ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਹਜ਼ਾਰ, ਪੰਜ ਹਜ਼ਾਰ ਤੇ ਦਸ ਹਜ਼ਾਰ ਦੇ ਨੋਟ ਵਾਪਸ ਲੈਣ ਦਾ ਫੈਸਲਾ ਕੀਤਾ। ਅਗਲੇ ਦਿਨ 17 ਜਨਵਰੀ ਨੂੰ ਅਕਾਸ਼ਵਾਣੀ 'ਤੇ ਇਸ ਬਾਰੇ ਸੂਚਨਾ ਦਿੱਤੀ ਗਈ। ਉਸ ਵਕਤ ਰਿਜ਼ਰਵ ਬੈਂਕ ਦੇ ਗਵਰਨਰ ਆਈ.ਜੀ. ਪਟੇਲ ਨੇ ਆਪਣੀ ਇਕ ਕਿਤਾਬ ਵਿਚ ਇਸ ਘਟਨਾ ਬਾਰੇ ਵਿਸਤਾਰ ਵਿਚ ਦੱਸਿਆ ਹੈ। ਇਥੇ ਦਿਲਚਸਪ ਇਕ ਹੋਰ ਗੱਲ ਹੈ ਕਿ 38 ਸਾਲ ਪਹਿਲਾਂ ਗੁਜਰਾਤ ਤੋਂ ਆਉਣ ਵਾਲੇ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਨੇ ਵੀ ਵੱਡੇ ਨੋਟਾਂ 'ਤੇ ਪਾਬੰਦੀ ਲਾਈ ਸੀ। ਇਹ ਵੀ ਇਤਫ਼ਾਕ ਹੈ ਕਿ ਇਸ ਵਾਰ ਵੀ ਗੁਜਰਾਤ ਤੋਂ ਹੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹਨ। ਉਸ ਸਮੇਂ ਆਰ.ਬੀ.ਆਈ. ਦੇ ਗਵਰਨਰ ਆਈ.ਜੀ ਪਟੇਲ ਸਨ ਤੇ ਇਸ ਵਾਰ ਅਰਜਿਤ ਪਟੇਲ। ਖ਼ੈਰ ਆਈ.ਜੀ. ਪਟੇਲ ਨੇ ਕਿਤਾਬ ਵਿਚ ਲਿਖਿਆ ਕਿ ਉਹ ਸਰਕਾਰ ਦੇ ਇਸ ਫ਼ੈਸਲੇ ਦੇ ਪੱਖ ਵਿਚ ਨਹੀਂ ਸਨ। ਉਨ੍ਹਾਂ ਮੁਤਾਬਕ ਜਨਤਾ ਪਾਰਟੀ ਦੀ ਸਰਕਾਰ ਦੇ ਹੀ ਕੁਝ ਮੈਂਬਰ ਮੰਨਦੇ ਸਨ ਕਿ ਪਿਛਲੀ ਸਰਕਾਰ ਦੇ ਕਥਿਤ ਭ੍ਰਿਸ਼ਟ ਲੋਕਾਂ ਨੂੰ ਨਿਸ਼ਾਨਾ ਬਣਾਉਣ ਲਈ ਇਹ ਕਦਮ ਚੁੱਕਿਆ ਗਿਆ ਹੈ। ਪਟੇਲ ਨੇ ਇਹ ਵੀ ਲਿਖਿਆ ਕਿ ਜਦੋਂ ਉਸ ਵੇਲੇ ਦੇ ਵਿਤ ਮੰਤਰੀ ਐਚ.ਐਮ. ਪਟੇਲ ਨੇ ਉਨ੍ਹਾਂ ਤੋਂ ਨੋਟ ਵਾਪਸ ਲੈਣ ਲਈ ਕਿਹਾ ਤਾਂ ਉਨ੍ਹਾਂ ਨੇ, ਵਿਤ ਮੰਤਰੀ ਨੂੰ ਸਾਫ਼ ਕਹਿ ਦਿੱਤਾ ਸੀ ਕਿ ਇਸ ਤਰ੍ਹਾਂ ਦੇ ਫ਼ੈਸਲਿਆਂ ਨਾਲ ਮਨਮੁਆਫ਼ਕ ਨਤੀਜੇ ਘੱਟ ਹੀ ਨਿਕਲਦੇ ਹਨ। ਆਈ.ਜੀ. ਪਟੇਲ ਨੇ ਲਿਖਿਆ ਕਿ ਕਾਲੇ ਧਨ ਨੂੰ ਨਕਦੀ ਦੇ ਰੂਪ ਵਿਚ ਬਹੁਤ ਘੱਟ ਲੋਕ ਲੰਬੇ ਸਮੇਂ ਤਕ ਆਪਣੇ ਕੋਲ ਰੱਖਦੇ ਹਨ। ਪਟੇਲ ਮੁਤਾਬਕ ਸੂਟਕੇਸ ਤੇ ਸਿਰਹਾਣੇ ਵਿਚ ਵੱਡੀ ਰਕਮ ਲੁਕਾ ਕੇ ਰੱਖਣ ਦਾ ਆਈਡੀਆ ਹੀ ਬੜਾ ਬਚਗਾਨਾ ਹੈ ਤੇ ਜਿਨ੍ਹਾਂ ਕੋਲ ਵੱਡੀ ਰਕਮ ਨਕਦੀ ਵਜੋਂ ਹੈ ਵੀ, ਉਹ ਵੀ ਆਪਣੇ ਏਜੰਟ ਰਾਹੀਂ ਉਨ੍ਹਾਂ ਨੂੰ ਬਦਲਵਾ ਲੈਣਗੇ।

ਇਹੀ ਗੱਲ ਫੇਰ ਦੁਹਰਾਈ ਜਾ ਸਕਦੀ ਹੈ ਕਿਉਂਕਿ ਜੇਕਰ ਇੰਜ ਕਰਨ ਨਾਲ ਕਾਲਾ ਧਨ ਰੋਕਿਆ ਜਾ ਸਕਦਾ ਹੁੰਦਾ ਤਾਂ ਦੁਬਾਰਾ ਵੱਡੇ ਨੋਟ ਕਿਉਂ ਛਾਪੇ ਗਏ ਤੇ ਭ੍ਰਿਸ਼ਟਾਚਾਰ ਰੁਕਣ ਦੀ ਥਾਂ ਹੋਰ ਵਧਿਆ। ਹੁਣ ਵੀ ਮੋਦੀ ਸਰਕਾਰ ਇਕ ਵਾਰ ਵੱਡੇ ਨੋਟ ਭਾਵ 500 ਤੇ ਹਜ਼ਾਰ ਦਾ ਨੋਟ ਬੰਦ ਕਰਕੇ ਕਾਲਾ ਧਨ ਤੇ ਭ੍ਰਿਸ਼ਟਾਚਾਰ ਰੋਕਣਾ ਚਾਹੁੰਦੀ ਹੈ ਤੇ ਨਾਲੋ-ਨਾਲ ਪੰਜ ਸੌ ਤੇ ਉਸ ਤੋਂ ਵੀ ਵੱਡਾ 2 ਹਜ਼ਾਰ ਦਾ ਨੋਟ ਬਾਜ਼ਾਰ ਵਿਚ ਲਿਆਉਣਾ ਚਾਹੁੰਦੀ ਹੈ। ਸਰਕਾਰ ਇਸ ਗੱਲ ਦੀ ਕੀ ਗਾਰੰਟੀ ਦਿੰਦੀ ਹੈ ਕਿ ਇਸ ਨਾਲ ਭ੍ਰਿਸ਼ਟਾਚਾਰ 'ਤੇ ਲਗਾਮ ਕੱਸੀ ਜਾਵੇਗੀ? ਕੀ ਇਹ ਵੀ ਮੋਦੀ ਸਰਕਾਰ ਦਾ ਕਾਲਾ ਧਨ ਦੇਸ਼ ਵਾਪਸ ਲਿਆਉਣ ਵਰਗਾ ਨਵਾਂ ਜੁਮਲਾ ਹੈ? ਉਂਜ ਵੀ ਦੋ ਹਜ਼ਾਰ ਦਾ ਨੋਟ ਕਈ ਦਿਨਾਂ ਤੋਂ ਸੋਸ਼ਲ ਮੀਡੀਆ 'ਤੇ ਆਉਣਾ ਸ਼ੁਰੂ ਹੋ ਗਿਆ ਸੀ, ਭਾਵ ਕਿਤੇ ਨਾ ਕਿਤੇ ਖ਼ਬਰਾਂ ਲੀਕ ਹੋਈਆਂ। ਜ਼ਾਹਰ ਹੈ ਜਿਹੜੇ ਵੱਡੇ ਕਾਰੋਬਾਰੀ ਸੀ, ਉਹ ਪਹਿਲਾਂ ਹੀ ਇਸ ਬਾਰੇ ਜਾਣਦੇ ਸਨ ਤੇ ਉਨ੍ਹਾਂ ਨੇ ਆਪਣੇ ਨੋਟ ਪਹਿਲਾਂ ਹੀ ਖਪਾ ਦਿੱਤੇ ਪਰ ਗ਼ਰੀਬ ਜਨਤਾ ਮਾਰੀ ਗਈ। ਹੁਣ ਜਦੋਂ ਆਰ.ਬੀ.ਆਈ. ਦੇ ਗਵਰਨਰ ਹੀ ਮੁਕੇਸ਼ ਅੰਬਾਨੀ ਦਾ ਸਾਲਾ ਹੋਵੇ ਤਾਂ ਇਹ ਕਿਵੇਂ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਆਪਣੀ ਕਰੰਸੀ ਟਿਕਾਣੇ ਲਾਉਣ ਦਾ ਮੌਕਾ ਨਾ ਮਿਲਿਆ ਹੋਵੇ। ਰੋਜ਼ਾਨਾ ਦਿੱਕਤਾਂ ਜੇਕਰ ਆਉਣੀਆਂ ਹਨ ਤਾਂ ਆਮ ਆਦਮੀ ਨੂੰ ਆਉਣੀਆਂ ਹਨ ਕਿਉਂਕਿ ਵੱਡੇ ਲੋਕ ਅਕਸਰ ਕਰੈਡਿਟ ਕਾਰਡ ਦੀ ਹੀ ਵਰਤੋਂ ਕਰਦੇ ਹਨ, ਗ਼ਰੀਬ ਗੁਜ਼ਾਰੇ ਜੋਗਾ ਹੀ ਪੈਸਾ ਆਪਣੇ ਕੋਲ ਰੱਖਦਾ ਹੈ ਤੇ ਉਹ ਵੀ ਹੁਣ ਆਪਣੇ ਮਿਹਨਤ ਦੇ ਪੈਸੇ ਨੂੰ ਆਪਣਾ ਬਣਾਉਣ ਲਈ ਕਈ ਦਿਨ ਬੈਂਕਾਂ ਦੇ ਚੱਕਰ ਕੱਟਦਾ ਰਹੇਗਾ ਜਾਂ ਦਲਾਲਾਂ ਹੱਥੋਂ ਆਪਣੀ ਲੁੱਟ ਕਰਵਾਏਗਾ। ਟੀ.ਵੀ. ਸਕਰੀਨ 'ਤੇ ਜਦੋਂ ਮੋਦੀ 500-1000 ਦੇ ਨੋਟ ਬੰਦ ਕਰਨ ਦਾ ਫ਼ੈਸਲਾ ਸੁਣਾ ਰਹੇ ਸਨ ਤਾਂ ਉਨ੍ਹਾਂ ਮਜ਼ਦੂਰਾਂ ਦੀਆਂ, ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ।

# ਮੋਦੀ ਸਰਕਾਰ ਸਭ ਕੁਝ ਕਰਨਾ ਚਾਹੁੰਦੀ ਹੈ ਰਾਤੋ-ਰਾਤ

**ਐਮ.ਕੇ. ਵੇਣੂ**, ਸੀਨੀਅਰ ਆਰਥਿਕ ਪੱਤਰਕਾਰ

ਸਿਧਾਂਤਕ ਤੌਰ 'ਤੇ ਇਹ ਗੱਲ ਸਹੀ ਲਗਦੀ ਹੈ ਕਿ ਪੁਰਾਣੇ ਨੋਟ ਹਟਾ ਕੇ ਤੁਸੀਂ ਨਵੇਂ ਨੋਟ ਚਲਣ ਵਿਚ ਲਿਆਉਂਦੇ ਹੋ ਤਾਂ ਅਰਥਵਿਵਸਥਾ ਨਾਲ ਕਾਲਾ ਧਨ ਕੱਢ ਸਕਦੇ ਹੋ ਪਰ ਹਿੰਦੁਸਤਾਨ ਇਕ ਜਟਿਲ ਅਰਥਵਿਵਸਥਾ ਹੈ, ਜਿੱਥੇ ਛੋਟੇ ਕਾਰੋਬਾਰੀ ਹਨ, ਪਿੰਡ ਵਿਚ ਕਿਸਾਨ ਹੈ, ਉਨ੍ਹਾਂ ਦਾ ਕੀ ਹੋਵੇਗਾ? ਤੁਸੀਂ ਹਸਪਤਾਲ ਜਾਂਦੇ ਹੋ ਤਾਂ ਨਕਦੀ ਲੈ ਕੇ ਜਾਂਦੇ ਹੋ। ਛੋਟੇ ਪੱਧਰ 'ਤੇ ਨਕਦੀ ਅਰਥਵਿਵਸਥਾ ਹੀ ਚਲਦੀ ਹੈ।

ਉਨ੍ਹਾਂ ਨੂੰ ਵੱਡੀ ਪ੍ਰੇਸ਼ਾਨੀ ਹੋ ਜਾਵੇਗੀ। ਵੱਡੇ ਉਦਯੋਗਾਂ ਕੋਲ ਤਾਂ ਸਾਰੀਆਂ ਸਹੂਲਤਾਂ ਹੁੰਦੀਆਂ ਹਨ, ਉਹ ਇਸ ਨਾਲ ਨਜਿੱਠਣ ਲਈ ਰਸਤਾ ਕੱਢ ਲੈਣਗੇ। ਉਨ੍ਹਾਂ ਨੇ ਜੋ ਵੀ ਹੇਰਾ-ਫੇਰੀ ਕਰਨੀ ਹੋਵੇਗੀ, ਕਰ ਲੈਣਗੇ। ਮੈਨੂੰ ਲਗ ਰਿਹਾ ਹੈ ਕਿ ਅਗਲੇ ਦੋ-ਤਿੰਨ ਮਹੀਨੇ ਹਰ ਪਾਸੇ ਅਫ਼ਰਾ-ਤਫ਼ਰੀ ਦਾ ਮਾਹੌਲ ਹੋਵੇਗਾ।

ਅਜਿਹੇ ਸਮੇਂ ਜਦੋਂ ਅਰਥਵਿਵਸਥਾ ਸੁਸਤ ਹੈ, ਲੋਕ ਘੱਟ ਖ਼ਰਚ ਕਰਨਗੇ, ਉਤਪਾਦ 'ਤੇ ਅਸਰ ਪਏਗਾ। ਇਸ ਫ਼ੈਸਲੇ ਨੂੰ ਅਮਲ ਵਿਚ ਲਿਆਉਣਾ ਏਨਾ ਆਸਾਨ ਨਹੀਂ ਹੈ, ਖਜ਼ਾਨਾ ਸਕੱਤਰ ਖ਼ੁਦ ਕਹਿ ਰਹੇ ਹਨ ਕਿ 20-25 ਦਿਨ ਲੋਕਾਂ ਨੂੰ ਮੁਸ਼ਕਲ ਹੋਵੇਗੀ। ਮੇਰੇ ਹਿਸਾਬ ਨਾਲ ਇਸ ਤੋਂ ਪੈਦਾ ਹੋਣ ਵਾਲੀਆਂ ਮੁਸ਼ਕਲਾਂ ਘੱਟੋ-ਘੱਟ ਤਿੰਨ ਮਹੀਨੇ ਤਕ ਜਾਰੀ ਰਹਿ ਸਕਦੀਆਂ ਹਨ।

ਜੋ ਨੋਟ ਲਏ ਜਾਣੇ ਹਨ ਤੇ ਲੋਕਾਂ ਨੂੰ ਜੋ ਸਮਾਂ-ਸੀਮਾ ਦਿੱਤੀ ਗਈ ਹੈ, ਮੈਨੂੰ ਲਗਦਾ ਹੈ ਕਿ ਇਸ ਨੂੰ ਲਾਗੂ ਕਰਨ ਲਈ ਕੋਈ ਤਿਆਰੀ ਨਹੀਂ ਕੀਤੀ ਗਈ ਹੈ। ਮੈਂ



ਬੜੀ ਹੈਰਾਨੀ ਹੋ ਰਹੀ ਹੈ ਕਿ ਉਨ੍ਹਾਂ ਨੇ ਕਿਹਾ ਕਿ ਇਕ ਆਦਮੀ ਦੇ ਬਦਲੇ 10 ਆਦਮੀ ਉਸ ਦੀ ਨਕਦੀ ਨੂੰ ਬਦਲ ਸਕਦਾ ਹੈ।

ਭਾਵ ਕਿਸੇ ਕੋਲ ਇਕ ਕਰੋੜ ਨਕਦੀ ਕਾਲਾ ਧਨ ਹੈ ਤਾਂ ਉਹ ਹਜ਼ਾਰ ਮੁੰਡਿਆਂ ਨੂੰ ਇਕੱਠਾ ਕਰਕੇ ਕਹੇਗਾ ਕਿ ਤੁਸੀਂ ਇਸ ਨੂੰ ਬੈਂਕ ਜਾ ਕੇ ਬਦਲ ਲਿਆਓ। ਛੋਟੀ ਛੋਟੀ ਰਕਮ ਰਾਹੀਂ ਇਹ ਕੀਤਾ ਜਾ ਸਕਦਾ ਹੈ। ਇਹ ਇਕ ਤਰ੍ਹਾਂ ਨਾਲ ਬਿਨਾਂ ਟੈਕਸ ਲਿਆਂ, ਪਿਛਲੇ ਦਰਵਾਜ਼ਿਓਂ ਛੋਟ ਦੇਣ ਦਾ ਰਸਤਾ ਵੀ ਹੋ ਸਕਦਾ ਹੈ। ਹਿੰਦੁਸਤਾਨ ਵਿਚ ਲੋਕ ਅਜਿਹੇ ਪੈਂਤੜੇ ਅਪਣਾ ਸਕਦੇ ਹਨ। ਇਸ ਦਾ ਮਤਲਬ ਇਹ ਨਹੀਂ ਹੈ ਕਿ ਇਸ ਨਾਲ ਕਾਲੇ ਧਨ ਦੀ ਸਮੱਸਿਆ ਖ਼ਤਮ ਹੋ ਜਾਵੇਗੀ ਤੇ ਸਰਕਾਰ ਨੂੰ ਟੈਕਸ ਮਿਲ ਜਾਵੇਗਾ। ਮੈਨੂੰ ਲਗਦਾ ਹੈ ਕਿ ਸਰਕਾਰ ਦੀਆਂ ਕੋਸ਼ਿਸ਼ਾਂ ਲੋਕਾਂ ਨੂੰ ਬੈਂਕਾਂ ਨਾਲ ਜੁੜਨ ਲਈ ਉਤਸ਼ਾਹਤ ਕਰਨ ਦੀਆਂ ਹਨ। ਭਾਰਤ ਵਿਚ ਬਹੁਤ ਸਾਰੇ ਲੋਕ ਨਕਦੀ ਦਾ ਲੈਣ-ਦੇਣ ਕਰਦੇ ਹਨ। ਸਰਕਾਰ ਨੇ ਜਨ-ਧਨ ਯੋਜਨਾ ਵਿਚ ਕਰੋੜਾਂ ਲੋਕਾਂ ਨੂੰ ਬੈਂਕਿੰਗ ਵਿਵਸਥਾ ਨਾਲ ਜੋੜਿਆ ਹੈ ਪਰ ਇਨ੍ਹਾਂ ਖਾਤਿਆਂ ਦਾ ਲਗਭਗ 20 ਫ਼ੀਸਦੀ ਹੀ ਬਾਜ਼ਾਰ ਵਿਚ ਚੱਲ ਰਿਹਾ ਹੈ। ਮੈਨੂੰ ਲਗਦਾ ਹੈ ਕਿ ਇਸ ਨਾਲ ਲੋਕਾਂ ਨੂੰ ਬੈਂਕਿੰਗ ਵਿਵਸਥਾ ਨਾਲ ਜੋੜਨ ਦਾ ਰੁਝਾਨ ਵਧੇਗਾ। ਲੋਕ ਆਪਣੀ ਨਕਦੀ ਬੈਂਕਾਂ ਵਿਚ ਜਮ੍ਹਾ ਕਰਨਗੇ। ਮੈਨੂੰ ਸਿਰਫ਼ ਇਸ ਗੱਲ ਤੋਂ ਪ੍ਰੇਸ਼ਾਨੀ ਹੈ ਕਿ ਇਸ ਨੂੰ ਬਿਨਾਂ ਤਿਆਰੀ ਦੇ ਲਾਗੂ ਕੀਤਾ ਜਾ ਰਿਹਾ ਹੈ।

ਇਹ ਫ਼ੈਸਲਾ ਲੋਕਾਂ ਨੂੰ ਹੈਰਾਨ ਕਰਨ ਵਾਲਾ ਹੈ। ਇਹ ਵਿਆਹਾਂ ਦਾ ਸੀਜ਼ਨ ਹੈ। ਪਿੰਡਾਂ ਵਿਚ ਸੀਮਤ ਆਮਦਨੀ ਵਾਲੇ ਲੋਕ ਵੀ ਇਸ ਸੀਜ਼ਨ ਵਿਚ 8-10 ਲੱਖ ਰੁਪਏ ਖ਼ਰਚ ਕਰ ਦਿੰਦੇ ਹਨ। ਇਹ ਰਕਮ ਨਕਦ ਖ਼ਰਚ ਕੀਤੀ ਜਾਂਦੀ ਹੈ ਤੇ ਅਜਿਹਾ ਕਰਨ ਵਾਲੇ ਕਿਸਾਨ ਲੋਕ ਹਨ। ਉਨ੍ਹਾਂ ਲਈ ਭੱਜ-ਦੌੜ ਵੱਧ ਜਾਵੇਗੀ। ਪੇਂਡੂ ਭਾਰਤ ਵਿਚ ਲੋਕ ਹਸਪਤਾਲ ਵੀ ਨਕਦੀ ਲੈ ਕੇ ਜਾਂਦੇ ਹਨ।

ਛੋਟੇ ਪੱਧਰਾਂ 'ਤੇ ਲੋਕਾਂ ਲਈ ਵੱਡੀ ਮੁਸੀਬਤ ਹੋਣ ਵਾਲੀ ਹੈ। ਵੱਡੇ ਕਾਰੋਬਾਰੀਆਂ ਨੂੰ ਕੋਈ ਦਿੱਕਤ ਨਹੀਂ ਹੋਣ ਵਾਲੀ, ਉਨ੍ਹਾਂ ਨੂੰ ਕਦੇ ਕੋਈ ਦਿੱਕਤ ਹੁੰਦੀ ਵੀ ਨਹੀਂ ਹੈ। ਸਿਆਸੀ ਦਲਾਂ ਨਾਲ ਉਨ੍ਹਾਂ ਦੇ ਸਬੰਧ ਚੰਗੇ ਹੁੰਦੇ ਹਨ। ਥੋੜ੍ਹੇ ਸਮੇਂ ਦੇ ਲਿਹਾਜ਼ ਨਾਲ ਦੇਖੀਏ ਤਾਂ ਲੋਕ ਘੱਟ ਖ਼ਰਚ ਕਰਨਗੇ ਤੇ ਖਪਤ ਡਿੱਗੇਗੀ, ਉਤਪਾਦ ਘੱਟ ਹੋਵੇਗਾ। ਕਾਲੇ ਧਨ ਪਿਛੇ ਵੱਡੇ ਲੋਕ ਹਨ, ਇਸ ਦੇ ਆਪਣੇ ਨੁਕਸਾਨ ਹਨ ਪਰ ਛੋਟੇ-ਮੋਟੇ ਕਾਰੋਬਾਰ ਵਿਚ ਲੱਗੇ ਲੋਕ, ਜਿਨ੍ਹਾਂ ਦਾ ਸਾਰਾ ਵਪਾਰ ਨਕਦੀ ਵਿਚ ਹੁੰਦਾ ਹੈ, ਉਨ੍ਹਾਂ ਨੂੰ ਬਹੁਤ ਮੁਸ਼ਕਲ ਹੋਣ ਵਾਲੀ ਹੈ। ਉਸ ਨੂੰ ਬੈਂਕ ਜਾਣ ਦੀ ਆਦਤ ਨਹੀਂ ਰਹੀ। ਆਦਤ ਬਣਨ ਵਿਚ ਵਕਤ ਲੱਗੇਗਾ। ਉਨ੍ਹਾਂ ਨੂੰ ਸਿੱਖਿਅਤ ਕੀਤੇ ਜਾਣ ਦੀ ਲੋੜ ਹੈ। ਇਹ ਰਾਤੋ-ਰਾਤ ਨਹੀਂ ਹੋਣ ਵਾਲਾ, ਸਰਕਾਰ ਦੀ ਇਹੀ ਦਿੱਕਤ ਹੈ, ਉਹ ਸਭ ਕੁਝ ਰਾਤੋ-ਰਾਤ ਕਰਨਾ ਚਾਹੁੰਦੀ ਹੈ।

## ਡੋਨਾਲਡ ਦਾ ਚੱਲਿਆ 'ਟਰੰਪ' ਕਾਰਡ

240 ਸਾਲ ਦੇ ਇਤਿਹਾਸ ਵਿਚ ਪਹਿਲੀ ਮਹਿਲਾ ਰਾਸ਼ਟਰਪਤੀ ਬਣਨ ਦਾ ਸੁਪਨਾ ਦੇਖ ਰਹੀ ਹਿਲੇਰੀ ਨੂੰ ਜ਼ੋਰਦਾਰ ਝਟਕਾ ਦਿੰਦਿਆਂ ਡੋਨਾਲਡ ਟਰੰਪ ਨੇ ਨਤੀਜੇ ਆਉਣ ਤੋਂ ਬਾਅਦ ਸਮਰਥਕਾਂ ਨੂੰ ਸੰਬੋਧਨ ਕੀਤਾ। ਨਿਊ ਯਾਰਕ ਵਿਚ ਪਾਰਟੀ ਦੇ ਮੁੱਖ ਦਫ਼ਤਰ ਤੋਂ ਉਨ੍ਹਾਂ ਨੇ ਜਿੱਤ ਮਗਰੋਂ ਕਿਹਾ, "ਮੈਂ ਮੁੜ ਅਮਰੀਕਾ ਦਾ ਨਿਰਮਾਣ ਕਰਾਂਗਾ ਅਤੇ ਕਦੇ ਅਮਰੀਕੀਆਂ ਦਾ ਸਿਰ ਝੁਕਣ ਨਹੀਂ ਦਿਆਂਗਾ। ਮੇਰੀ ਜਿੱਤ ਉਨ੍ਹਾਂ ਦੀ ਜਿੱਤ ਹੈ, ਜੋ ਅਮਰੀਕਾ ਨੂੰ ਪਿਆਰ ਕਰਦੇ ਹਨ। ਮੈਂ ਅਮਰੀਕਾ ਨੂੰ ਬਹੁਤ ਪਿਆਰ ਕਰਦਾ ਹਾਂ। ਮੈਂ ਸਾਰੇ ਅਮਰੀਕੀਆਂ ਦਾ ਰਾਸ਼ਟਰਪਤੀ ਹਾਂ। ਮੇਰਾ ਵਾਅਦਾ ਹੈ ਕਿ ਅਸੀਂ ਚੰਗਾ ਕੰਮ ਕਰਾਂਗੇ। ਅਸੀਂ ਬਿਹਤਰ ਤੇ ਸ਼ਾਨਦਾਰ ਅਮਰੀਕਾ ਬਣਾਵਾਂਗੇ।" ਆਪਣੇ ਪਰਿਵਾਰ ਤੇ ਸਾਥੀਆਂ ਨੂੰ ਮੰਚ 'ਤੇ ਸੱਦ ਕੇ ਟਰੰਪ ਨੇ ਕਿਹਾ, "ਸਾਡੇ ਕੋਲ ਸ਼ਾਨਦਾਰ ਟੀਮ ਹੈ। ਸਾਡੇ ਕੋਲ ਮਜ਼ਬੂਤ ਆਰਥਿਕ ਯੋਜਨਾ ਹੈ। ਮੈਂ ਆਪਣੇ ਮਾਤਾ-ਪਿਤਾ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੈਨੂੰ ਬਹੁਤ ਕੁਝ ਸਿਖਾਇਆ। ਮੈਂ ਆਪਣੀ ਭੈਣ ਤੇ ਆਪਣੇ ਦੋਸਤ ਵਰਗੇ ਭਰਾ ਰਾਬਰਟ ਦਾ ਵੀ ਧੰਨਵਾਦ ਕਰਨਾ ਚਾਹੁੰਦਾ ਹਾਂ।" ਉਨ੍ਹਾਂ ਕਿਹਾ, "ਹਿਲੇਰੀ ਨੇ ਮੈਨੂੰ ਫ਼ੋਨ ਕਰਕੇ ਵਧਾਈ ਦਿੱਤੀ ਹੈ। ਮੈਂ ਹਿਲੇਰੀ ਦਾ ਦਿਲੋਂ ਸ਼ੁਕਰੀਆ ਅਦਾ ਕਰਦਾ ਹਾਂ।"

ਇਕ ਪਾਸੇ ਜਿੱਥੇ ਨਤੀਜੇ ਆਉਣ ਮਗਰੋਂ ਡੋਨਾਲਡ ਟਰੰਪ ਦੇ ਸਮਰਥਕਾਂ ਵਿਚ ਜਸ਼ਨ ਦਾ ਮਾਹੌਲ ਹੈ, ਉਧਰ ਦੂਜੇ ਪਾਸੇ ਹਿਲੇਰੀ ਕਲਿੰਟਨ ਨੇ ਫ਼ਿਲਹਾਲ ਸਮਰਥਕਾਂ ਨੂੰ ਸੰਬੋਧਨ ਨਾ ਕਰਨ ਦਾ ਫ਼ੈਸਲਾ ਕੀਤਾ ਹੈ। ਏਨਾ ਹੀ ਨਹੀਂ, ਉਨ੍ਹਾਂ ਨੇ ਸਮਰਥਕਾਂ ਨੂੰ ਜਾਣ ਲਈ ਵੀ ਕਹਿ ਦਿੱਤਾ ਹੈ।

ਟਰੰਪ ਦੀ ਜਿੱਤ ਨਾਲ ਭਾਰਤ 'ਤੇ ਪੈਣਗੇ 7 ਵੱਡੇ ਅਸਰ ਇਕ ਸਾਲ ਦੇ ਜ਼ੋਰਦਾਰ ਪ੍ਰਚਾਰ ਮਗਰੋਂ ਅਮਰੀਕੀਆਂ ਨੇ ਆਪਣਾ ਫ਼ੈਸਲਾ ਸੁਣਾ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਦੀਆਂ ਚੋਣਾਂ 'ਤੇ ਭਾਰਤ ਸਮੇਤ ਸਾਰੀ ਦੁਨੀਆ ਦੀ ਨਜ਼ਰ ਸੀ। ਅਮਰੀਕਾ ਦੇ 45ਵੇਂ ਰਾਸ਼ਟਰਪਤੀ ਟਰੰਪ ਭਾਰਤ ਦੇ ਲਿਹਾਜ਼ ਨਾਲ ਕਿਹੋ ਜਿਹੇ ਸਿੱਧ ਹੋਣਗੇ? ਅਮਰੀਕਾ ਨਾਲ ਭਾਰਤ ਦੇ ਪੁਰਾਣੇ ਅਨੁਭਵ ਦਸਦੇ ਹਨ ਕਿ ਰਿਪਬਲਿਕਨ ਰਾਸ਼ਟਰਪਤੀ ਆਮ ਤੌਰ 'ਤੇ ਡੈਮੋਕ੍ਰੇਟਿਕ ਉਮੀਦਵਾਰ ਨਾਲੋਂ ਬਿਹਤਰ ਸਿੱਧ ਹੋਏ ਹਨ ਪਰ ਪਿਛਲੇ ਕੁਝ ਵਰ੍ਹਿਆਂ ਤੋਂ ਅਮਰੀਕਾ ਤੇ ਭਾਰਤ ਦੇ ਸਬੰਧ ਤੇਜ਼ੀ ਨਾਲ ਬਦਲਦੇ ਰਹੇ ਹਨ।

ਦੁਨੀਆ ਭਰ ਦੇ ਬਾਜ਼ਾਰ ਨਹੀਂ ਚਾਹੁੰਦੇ ਸਨ ਕਿ ਟਰੰਪ ਰਾਸ਼ਟਰਪਤੀ ਬਣਨ ਕਿਉਂਕਿ ਉਹ ਉਦਾਰ ਕੌਮਾਂਤਰੀ ਵਪਾਰ ਕਾਨੂੰਨਾਂ ਦਾ ਸਮਰਥਨ ਨਹੀਂ ਕਰਦੇ ਹਨ।

ਟਰੰਪ ਦੀ ਟਰੇਡ ਪਾਲਸੀ ਅਜਿਹੀ ਹੈ, ਜਿਸ ਵਿਚ ਪਹਿਲਾਂ ਸਿਰਫ਼ ਅਮਰੀਕਾ ਹੈ ਤੇ ਉਹ ਸਾਰੇ ਵਪਾਰ ਸਮਝੌਤੇ ਨੂੰ ਨਵੇਂ ਸਿਰੇ ਤੋਂ ਲਾਗੂ ਕਰਨਾ ਚਾਹੁੰਦੇ ਹਨ, ਭਾਰਤ ਨਾਲ ਵੀ ਉਹ ਇਸੇ ਦੇ ਪੱਖ ਵਿਚ ਹਨ।

ਟਰੰਪ ਐਚ.1 ਬੀ ਵੀਜ਼ਾ ਪ੍ਰੋਗਰਾਮ ਖ਼ਿਲਾਫ਼ ਹਨ ਤੇ ਇਸ ਨੂੰ ਬੰਦ ਕਰਨਾ ਚਾਹੁੰਦੇ ਹਨ। ਟਰੰਪ ਜਿੱਤ ਮਗਰੋਂ ਭਾਰਤੀ ਆਈ.ਟੀ. ਸਟਾਕ ਤੇ ਆਈ.ਟੀ. ਕੰਪਨੀਆਂ ਨੂੰ ਇਸ ਦਾ ਨੁਕਸਾਨ ਹੋ ਸਕਦਾ ਹੈ।

ਇਕ ਪਾਸੇ ਉਹ ਭਾਰਤ ਦੀ ਤਾਰੀਫ਼ ਕਰਦੇ ਹਨ ਤੇ ਦੂਜੇ ਪਾਸੇ ਦੋਸ਼ ਲਾਉਂਦੇ ਰਹੇ ਹਨ ਕਿ ਭਾਰਤ ਤੇ ਚੀਨ ਅਮਰੀਕਾ ਦੀਆਂ ਨੌਕਰੀਆਂ ਖੋਹ ਰਹੇ ਹਨ। ਅਤੇ ਉਹ ਇਨ੍ਹਾਂ ਨੂੰ ਵਾਪਸ ਲਿਆਉਣਗੇ। ਅਮਰੀਕਾ ਦੀ ਨੌਕਰੀ ਵਾਪਸ ਲਿਆਉਣ ਦਾ ਮਤਲਬ ਹੈ ਕਿ ਉਹ ਪਰਵਾਸੀਆਂ ਲਈ ਮੁਸ਼ਕਲ ਕਾਨੂੰਨ ਲਿਆਉਣ ਵਾਲੇ ਹਨ। ਕੰਮ ਕਰਨ ਦੇ ਮਾਮਲੇ ਵਿਚ ਅਮਰੀਕਾ ਭਾਰਤੀਆਂ ਦੀ ਪਹਿਲੀ ਪਸੰਦ ਹੈ।

ਅੱਤਵਾਦ ਖ਼ਿਲਾਫ਼ ਟਰੰਪ ਦਾ ਰੁਖ਼ ਕਾਫ਼ੀ ਤਿੱਖਾ ਰਿਹਾ ਹੈ। ਖ਼ਾਸ ਕਰਕੇ ਪਾਕਿਸਤਾਨ ਨੂੰ ਲੈ ਕੇ ਉਹ ਜ਼ਿਆਦਾ ਹੀ ਸਖ਼ਤ ਰੁਖ਼ ਰੱਖਦੇ ਹਨ। ਭਾਰਤ ਦੇ ਲਿਹਾਜ਼ ਨਾਲ ਇਹ ਮੁਫ਼ੀਦ ਹੋ ਸਕਦਾ ਹੈ। ਉਹ ਪਹਿਲਾਂ ਵੀ ਅੱਤਵਾਦ ਦੇ ਮੁੱਦੇ 'ਤੇ ਭਾਰਤ ਦਾ ਸਹਿਯੋਗ ਕਰਨ ਦੀ ਗੱਲ ਕਹਿ ਚੁੱਕੇ ਹਨ।

ਚੀਨ ਦੇ ਵਧਦੇ ਵੱਕਾਰ 'ਤੇ ਵੀ ਟਰੰਪ ਚਿੰਤਾ ਜ਼ਾਹਰ ਕਰ ਚੁੱਕੇ ਹਨ। ਉਹ ਮੰਨਦੇ ਹਨ ਕਿ ਚੀਨ ਦਾ ਇਕਦਮ ਏਨਾ ਤੇਜ਼ੀ ਨਾਲ ਵਧਣਾ ਦੁਨੀਆ ਲਈ ਖ਼ਤਰਨਾਕ ਹੈ, ਇਸ ਲਈ ਇਸ 'ਤੇ ਰੋਕ ਲਾਈ ਜਾਵੇਗੀ। ਭਾਰਤ ਲਈ ਇਹ ਗੱਲ ਵੀ ਰਾਹਤ ਵਾਲੀ ਹੋ ਸਕਦੀ ਹੈ, ਕਿਉਂਕਿ ਚੀਨ ਨੂੰ ਰੋਕਣ ਲਈ ਅਮਰੀਕਾ ਭਾਰਤ ਨੂੰ ਆਪਣਾ ਮੁੱਖ ਸਹਿਯੋਗੀ ਬਣਾ ਸਕਦਾ ਹੈ।

ਟਰੰਪ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਚੰਗੇ ਰਿਸ਼ਤੇ ਦੇ ਹੱਕ ਵਿਚ ਹਨ। ਟਰੰਪ ਖ਼ੁਦ ਕਈ ਵਾਰ ਮੋਦੀ ਦੀ ਤਾਰੀਫ਼ ਕਰ ਚੁੱਕੇ ਹਨ। ਇੱਥੋਂ ਤਕ ਕਿ ਮੋਦੀ ਦੀ ਤਰਜ਼ 'ਤੇ ਹੀ ਉਨ੍ਹਾਂ ਨੇ ਆਪਣਾ ਨਾਅਰਾ 'ਅਬਕੀ ਬਾਰ ਟਰੰਪ ਸਰਕਾਰ' ਦਿੱਤਾ ਸੀ।

## ਕਮਲਾ ਹੈਰਿਸ ਦੀ ਜਿੱਤ ਨੇ ਸਿਰਜਿਆ ਇਤਿਹਾਸ

ਨੇ ਸੈਨੇਟ ਦੀ ਸੀਟ ਜਿੱਤਣ ਲਈ ਅਪਣੀ ਹੀ ਡੈਮੋਕਰੈਟ ਪਾਰਟੀ ਦੀ ਉਮੀਦਵਾਰ ਲੋਰੇਤਾ ਸੰਚੇਜ਼ ਨੂੰ ਹਰਾਇਆ। ਉਹ ਬਾਰਬਰ ਬੌਕਸਰ ਦੀ ਥਾਂ ਲਵੇਗੀ ਜਿਸਨੇ 2014 ਵਿੱਚ ਸਰਗਰਮ ਰਾਜਨੀਤੀ ਤੋਂ ਸੰਨਿਆਸ ਲੈਣ ਦਾ ਐਲਾਨ ਕੀਤਾ ਸੀ। ਕੈਲੀਫੋਰਨੀਆ ਦੇ ਓਕਲੈਂਡ ਸ਼ਹਿਰ ਵਿੱਚ ਜੰਮੀ ਪਲੀ ਕਮਲਾ ਹੈਰਿਸ ਪਿਛਲੇ ਦੋ ਦਹਾਕਿਆਂ ਦੇ ਸਮੇਂ ਬਾਅਦ ਸੈਨੇਟ ਲਈ ਚੁਣੀ ਜਾਣ ਵਾਲੀ ਪਹਿਲੀ ਸਿਆਹਫਾਮ ਮਹਿਲਾ ਹੈ। ਵੈਸੇ ਉਸਨੂੰ ਉਪਰਲੇ ਸਦਨ ਦੀ ਸਿਆਹਫਾਮ ਮੂਲ ਦੀ 6ਵੀਂ ਮੈਂਬਰ ਬਣਨ ਦਾ ਮਾਣ ਹਾਸਲ ਹੋਇਆ ਹੈ। ਅਹੁਦਾ ਤਿਆਗ ਰਹੇ ਰਾਸ਼ਟਰਪਤੀ ਬਰਾਕ ਉਬਾਮਾ 5ਵੇਂ ਸਿਆਹਫਾਮ ਮੈਂਬਰ ਸਨ।

ਕਮਲਾ ਦੀ ਮਾਂ ਸ਼ਿਆਮਲਾ ਗੋਪਾਲਨ ਸਾਇੰਸ ਦੀ ਉਚੇਰੀ ਪੜ੍ਹਾਈ ਕਰਨ ਲਈ ਭਾਰਤ ਤੋਂ ਅਮਰੀਕਾ ਆਈ ਸੀ। ਉਸਦਾ ਪਿਤਾ ਡੋਨਲਡ ਜਮਾਇਕਾ ਵਿੱਚ ਜੰਮਿਆ ਪਲਿਆ ਜਿੱਥੇ ਉਸਨੇ ਉਘੇ ਵਿਦਵਾਨ ਵਜੋਂ ਨਾਮਣਾ ਖਟਿਆ ਅਤੇ ਅਰਥ ਸ਼ਾਸ਼ਤਰ ਦੀ ਉਚੇਰੀ ਪੜ੍ਹਾਈ ਲਈ ਅਮਰੀਕਾ ਆਇਆ।

## ਕ੍ਰਿਸ਼ਨਾਮੂਰਤੀ ਇਲਿਨੋਇ ਹਲਕੇ ਤੋਂ ਜੇਤੂ

ਲਈ ਚੋਣ ਜਿੱਤੀ ਹੈ। ਇਹ ਸੀਟ ਟੈਮੀ ਡਕਵਰਥ ਦੇ ਇਲਿਨੋਇ ਤੋਂ ਸੈਨੇਟ ਦੀ ਸੀਟ ਜਿੱਤਣ ਬਾਅਦ ਖਾਲ੍ਹੀ ਹੋਈ ਸੀ। ਇਸ ਇਲਾਕੇ ਵਿੱਚ ਇੰਡੋ ਅਮੈਰਿਕਨ ਵੋਟਰਾਂ ਦੀ ਚੋਖੀ ਵਸੋਂ ਹੈ।

ਕ੍ਰਿਸ਼ਨਾਮੂਰਤੀ ਨੂੰ ਰਾਸ਼ਟਰਪਤੀ ਬਰਾਕ ਓਬਾਮਾ ਦੀ ਹਮਾਇਤ ਪ੍ਰਾਪਤ ਸੀ। ਦਿਲਚਸਪ ਗੱਲ ਇਹ ਹੈ ਕਿ ਅਮਰੀਕੀ ਕਾਂਗਰਸ ਲਈ ਚੁਣਿਆ ਜਾਣ ਵਾਲਾ ਉਹ ਦੂਸਰਾ ਭਾਰਤੀ ਹੈ। ਇਸਤੋਂ ਪਹਿਲਾਂ ਭਾਰਤੀ ਮੂਲ ਦੇ ਪੰਜਾਬੀ ਦਲੀਪ ਸਿੰਘ ਸੌਂਧ ਸੰਨ 1950 ਵਿੱਚ ਪਹਿਲੀ ਵਾਰ ਕਾਂਗਰਸਮੈਨ ਬਣੇ।

19 ਜੁਲਾਈ 1973 ਨੂੰ ਨਵੀਂ ਦਿੱਲੀ ਵਿੱਚ ਦੇ ਜਨਮੇ ਕ੍ਰਿਸ਼ਨਾਮੂਰਤੀ ਦੇ ਮਾਪੇ ਚੇਨਈ ਨਾਲ ਸਬੰਧ ਰਖਦੇ ਸਨ। ਉਹ ਮਸਾਂ 3 ਮਹੀਨਿਆਂ ਦਾ ਸੀ ਜਦੋਂ ਉਸਦੇ ਮਾਪੇ ਨਿਊਯਾਰਕ ਇਲਾਕੇ ਦੇ ਬਫਲੋ ਸ਼ਹਿਰ ਆ ਗਏ ਗਨ।

ਕ੍ਰਿਸ਼ਨਾਮੂਰਤੀ ਅਮਰੀਕੀ ਕਾਂਗਰਸ ਲਈ ਚੁਣਿਆ ਜਾਣ ਵਾਲ ਦੂਸਰਾ ਹਿੰਦੂ ਹੈ। ਅਮਰੀਕੀ ਕਾਂਗਰਸ ਲਈ ਚੁਣੀ ਜਾਣ ਵਾਲੀ ਪਹਿਲੀ ਹਿੰਦੂ ਤੁਲਸੀ ਗਬਾਰਡ ਹਵਾਈ ਤੋਂ ਤੀਸਰੀ ਵਾਰ ਚੋਣ ਮੈਦਾਨ ਵਿੱਚ ਹੈ।

ਅਮਰੀਕੀ ਕਾਂਗਰਸ ਦੇ ਦੋ ਹੋਰ ਇੰਡੋ ਅਮੈਰਿਕਨ ਮੈਂਬਰ ਬੌਬੀ ਜਿੰਦਲ ਅਤੇ ਡਾ.ਅਮੀ ਬੇਰਾ ਅਮਰੀਕਾ ਦੇ ਹੀ ਜੰਮਪਲ ਹਨ।

ਇਸ ਸਮੇਂ ਕ੍ਰਿਸ਼ਨਾਮੂਰਤੀ ਸਿਵਨਾਥਨ ਲੈਬਜ਼ ਅਤੇ ਐਪੀਸੋਲਰ ਇੰਕ ਦਾ ਪ੍ਰੈਜ਼ੀਡੈਂਟ ਹਨ। ਇਹ ਦੋਵੇਂ ਛੋਟੇ ਪੱਧਰ ਦੇ ਬਿਜਨਸ ਨੈਸ਼ਨਲ ਸਕਿਊਰਿਟੀ ਅਤੇ ਸੂਰਜੀ ਊਰਜਾ ਖੇਤਰ ਵਿੱਚ ਕੰ ਆਉਣ ਵਾਲੀਆਂ ਵਸਤਾਂ ਤਿਆਰ ਕਰਦੇ ਹਨ। ਕ੍ਰਿਸ਼ਨਾਮੂਰਤੀ ਨੇ ਸੰਨ 2004 ਰਾਕ ਓਬਾਮਾ ਦੀ ਸੈਨੇਟ ਮੈਂਬਰ ਲਈ ਅਤੇ ਸੰਨ 2008 ਵਿੱਚ ਰਾਸ਼ਟਰਪਤੀ ਲਈ ਚੋਣ ਵਾਸਤੇ ਸਲਾਹਕਾਰ ਵਜੋਂ ਸੇਵਾਵਾਂ ਨਿਭਾਈਆਂ।

# ਆਮ ਆਦਮੀ ਪਾਰਟੀ ਨੂੰ ਯੂਬਾ ਸਿਟੀ ਨਗਰ ਕੀਰਤਨ ਮੌਕੇ ਮਿਲਿਆ ਭਰਵਾਂ ਹੁੰਗਾਰਾ

**ਯੂਬਾ ਸਿਟੀ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਸਥਾਨਕ 37ਵੇਂ ਮਹਾਨ ਨਗਰ ਕੀਰਤਨ ਤੇ ਆਮ ਆਦਮੀ ਪਾਰਟੀ ਓਵਰਸੀਜ ਵਲੰਟੀਅਰਜ਼ ਵਲੋਂ ਪਾਰਟੀ ਨੀਤੀਆਂ ਤੋਂ ਪਰਵਾਸੀ ਪੰਜਾਬੀਆਂ ਨੂੰ ਜਾਣੂ ਕਰਵਾਉਣ ਲਈ ਮੁਹਿੰਮ ਵਿੱਢੀ ਗਈ। ਇਸ ਵਿਚ ਪੂਰੇ ਅਮਰੀਕਾ ਤੋਂ ਵਲੰਟੀਅਰਾਂ ਨੇ ਸ਼ਿਰਕਤ ਕੀਤੀ। 'ਆਪ' ਵਲੰਟੀਅਰ ਡਾਕਟਰ ਇਕਵਿੰਦਰ ਸਿੰਘ ਗਿੱਲ (ਬੇ ਏਰੀਆ ) ਅਤੇ ਗੁਰਪਾਲ ਸਿੰਘ ਯੂਬਾ ਸਿਟੀ ਦੀ ਅਗਵਾਈ ਵਿਚ ਇਸ ਇਕੱਤਰਤਾ ਦੀ ਸ਼ੁਰੂਆਤ 3 ਨੰਬਵਰ ਨੂੰ ਹੋਈ ਅਤੇ 6 ਨੰਬਵਰ ਨੂੰ ਨਗਰ ਕੀਰਤਨ ਦੀ ਵਾਪਸੀ ਮਗਰੋਂ ਗੁਰਦੁਆਰਾ ਸਹਿਬ ਦੇ ਬਾਹਰ ਇਨਕਲਾਬ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਸਮਾਪਤੀ ਹੋਈ।



ਪੂਰੇ ਚਾਰ ਦਿਨ ਚੱਲੇ ਆਮ ਆਦਮੀ ਪਾਰਟੀ ਦੇ ਬੂਥ ਨੂੰ ਕਾਮਯਾਬ ਬਣਾਉਣ ਦਾ ਸਿਹਰਾ ਸੈਕਰਾਮੈਂਟੋ, ਯੂਬਾ ਸਿਟੀ, ਸਟਾਕਟਨ ਅਤੇ ਮੋਡਿਸਟੋ ਦੇ ਸਮੂਹ ਵਲੰਟੀਅਰਾਂ ਸਿਰ ਜਾਂਦਾ ਹੈ, ਜਿਨ੍ਹਾਂ ਨੇ ਦਿਨ-ਰਾਤ ਇੱਕ ਕਰਕੇ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ। ਪੂਰੇ ਪ੍ਰੋਗਰਾਮ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਫਰਿਜ਼ਨੋ ਟੀਮ ਦੇ ਮੋਢੀ ਮੈਂਬਰ ਗੁਰਨੇਕ ਸਿੰਘ ਬਾਗੜੀ ਸਟਾਕਟਨ ਟੀਮ ਦੇ ਬਲ ਬਹਾਦਰ ਅਤੇ ਬੇਕਰਸਫੀਲਡ ਚੈਪਟਰ ਦੇ ਅਜੀਤ ਸਿੰਘ ਭੱਠਲ ਦਾ ਵਿਸ਼ੇਸ਼ ਸਹਿਯੋਗ ਰਿਹਾ।

ਨਗਰ ਕੀਰਤਨ ਵਿੱਚ ਉਚੇਚੇ ਤੌਰ 'ਤੇ ਲਾਸ ਏਂਜਲਸ ਤੋਂ ਸ਼੍ਰੀਕਾਂਤ ਅਤੇ ਸਿਆਟਲ ਤੋਂ ਰਾਜ ਤੂਰ ਨੇ ਪਹੁੰਚ ਕੇ ਨਵੀਂ ਰੂਹ ਫੂਕੀ। ਇਸ ਤੋਂ ਇਲਾਵਾ ਨਿਊ ਜਰਸੀ ਤੋਂ ਸਤਵੀਰ ਬਰਾੜ ਅਤੇ ਬਲਜਿੰਦਰ ਸਿੰਘ ਨੇ ਆਪਣੀ ਹਾਜ਼ਰੀ ਲਗਵਾਈ ਔਰਤਾਂ ਵਾਸਤੇ ਵੱਖਰਾ ਬੂਥ ਲਗਾਇਆ ਗਿਆ ਸੀ, ਜਿਸ ਦੀ ਅਗਵਾਈ ਜਸਲੀਨ ਮਾਨ ਅਤੇ ਪੈਮ ਕੌਰ ਨੇ ਬਹੁਤ ਸੁਚੱਜੇ ਢੰਗ ਨਾਲ਼ ਕੀਤੀ।

ਪਾਰਟੀ ਦੇ ਤੇਜ ਤਰਾਰ ਆਗੂ ਪ੍ਰਭਾਤ ਸ਼ਰਮਾ ਦੀ ਅਗਵਾਈ ਵਿਚ ਆਮ ਲੋਕਾਂ ਨੂੰ ਟੀ ਸ਼ਰਟਾਂ ਵੰਡੀਆਂ ਗਈਆਂ, ਜਿਸ ਨਾਲ ਆਮ ਆਦਮੀ ਪਾਰਟੀ ਦਾ ਰੰਗ ਪੂਰੇ ਨਗਰ ਕੀਰਤਨ ਵਿਚ ਦੇਖਣ ਨੂੰ ਮਿਲਿਆ।

'ਆਪ' ਟੀਮ ਨੇ ਆਮ ਲੋਕਾਂ ਸਾਹਮਣੇ ਤਿੰਨ ਪ੍ਰੋਗਰਾਮ ਰੱਖੇ, ਜਿਸ ਨੂੰ ਤਿੰਨ ਹਜ਼ਾਰ ਲੋਕਾਂ ਵਲੋਂ ਸਵੀਕਾਰ ਕੀਤਾ ਗਿਆ। ਪਹਿਲਾ ਕਾਲਿੰਗ-ਕੈਂਪੇਨ ਲਈ ਵਲੰਟੀਅਰ ਬਣਨ ਵਾਸਤੇ ਦਸਤਖ਼ਤੀ ਮੁਹਿੰਮ, ਜਿਸ ਦੀ ਅਗਵਾਈ ਅਮਰਜੀਤ ਸਿੰਘ ਨੇ ਕੀਤੀ। ਦੂਸਰਾ ਡੋਨੇਸ਼ਨ, ਤੀਸਰਾ ਪੰਜਾਬ ਮਿਸ਼ਨ ਰਾਹੀਂ ਆਪਣੇ ਹਲਕੇ ਨਾਲ ਜੁੜਨਾ, ਜਿਸ ਦੀ ਜ਼ਿੰਮੇਵਾਰੀ ਅੰਮ੍ਰਿਤਪਾਲ ਢਿੱਲੋਂ ਵੱਲੋਂ ਬਾਖ਼ੂਬੀ ਨਿਭਾਈ ਗਈ।

ਡਾਕਟਰ ਗਿੱਲ ਨੇ ਪੰਜਾਬ ਦੇ ਮਾੜੇ ਹਾਲਾਤ ਅਤੇ ਆਮ ਆਦਮੀ ਪਾਰਟੀ ਦੀਆਂ ਚੰਗੀਆਂ ਨੀਤੀਆਂ ਤੋਂ ਲੋਕਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਤਿੰਨ ਹਜ਼ਾਰ ਲੋਕਾਂ ਨੇ 'ਆਪ' ਵਿੱਚ ਸ਼ਾਮਲ ਹੋਣ ਲਈ ਆਪਣੇ ਨਾਮ ਲਿਖਵਾਏ। ਕਰੀਬ ਇਕ ਹਜ਼ਾਰ ਤੋਂ ਵੱਧ ਟੀ ਸ਼ਰਟਾਂ ਪਾ ਕੇ ਵਲੰਟੀਅਰਾਂ ਨੇ ਆਮ ਆਦਮੀ ਪਾਰਟੀ ਦੀ ਹੋਂਦ ਦਾ ਮੁਜ਼ਾਹਰਾ ਕੀਤਾ। ਨਗਰ ਕੀਰਤਨ ਦੌਰਾਨ ਆਮ ਆਦਮੀ ਪਾਰਟੀ ਦੇ ਇਸ ਪੂਰੇ ਪ੍ਰੋਗਰਾਮ ਨੂੰ ਕੈਮਰਾਬੰਧ ਰਾਜ ਬਡਵਾਲ ਨੇ ਕੀਤਾ।

# ਬਾਬਾ ਨੰਦ ਸਿੰਘ ਜੀ ਦਾ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਗੁਰਦੁਆਰਾ ਨਾਨਕਸਰ ਚੈਰੀ ਰੋਡ ਦੀ ਸਮੂਹ ਸੰਗਤ ਵੱਲੋਂ ਬੀਤੇ ਦਿਨੀਂ ਧੰਨ ਬਾਬਾ ਨੰਦ ਸਿੰਘ ਜੀ ਦਾ ਜਨਮ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਪਾਠ ਦੇ ਭੋਗ ਤੋਂ ਉਪਰੰਤ ਅਨੰਦਮਈ ਬਾਣੀ ਦਾ ਕੀਰਤਨ ਹੋਇਆ ਅਤੇ ਭਾਈ ਹਰਭਜਨ ਸਿੰਘ, ਤ੍ਰਲੋਚਨ ਸਿੰਘ, ਸੁਖਦੇਵ ਸਿੰਘ, ਪ੍ਰਭਜੀਤ ਸਿੰਘ, ਸੁੰਦਰ ਸਿੰਘ ਅਤੇ ਭਾਈ ਕੁਲਦੀਪ ਸਿੰਘ ਦੇ ਜਥਿਆ ਨੇ ਹਾਜ਼ਰੀ ਭਰੀ। ਇਸ ਪਿੱਛੋਂ ਸਿੱਖ ਪੰਥ ਦੇ ਮਹਾਨ ਢਾਡੀ ਭਾਈ ਗੁਰਮੇਲ ਸਿੰਘ ਦੀਵਾਨਾ ਨੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ। ਇਸ ਮੌਕੇ ਕੌਮ ਦੇ ਮਹਾਨ ਸ਼ਹੀਦ ਭਾਈ ਬੇਅੰਤ ਸਿੰਘ ਦੇ ਸਪੁੱਤਰ ਭਾਈ



ਜਸਵਿੰਦਰ ਸਿੰਘ ਦਾ ਗੁਰੂ ਘਰ ਦੇ ਪ੍ਰਬੰਧਕਾਂ ਅਤੇ ਸੰਗਤ ਵੱਲੋਂ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ ਤੇ ਉਨ੍ਹਾਂ ਸੰਗਤ ਨੂੰ ਸੰਬੋਧਨ ਵੀ ਕੀਤਾ। ਸਨਮਾਨ ਕਰਨ ਵਾਲੀਆਂ ਸਖਸ਼ੀਅਤਾਂ ਵਿੱਚ ਮੁੱਖ ਤੌਰ 'ਤੇ ਬਾਬਾ ਕਰਤਾਰ ਸਿੰਘ, ਡਾ. ਸੁਖਜੀਤ ਸਿੰਘ ਚਾਹਲ, ਗੁਰਦੇਵ ਸਿੰਘ ਮੁਹਾਰ, ਬਾਬਾ ਨਰਿੰਦਰ ਸਿੰਘ, ਰਜਵਿੰਦਰ ਸਿੰਘ (ਰਾਜੂ), ਲਵਲੀ ਸਿੰਘ ਬਰਾੜ, ਡਾ. ਰਜਿੰਦਰ ਸਿੰਘ ਅਤੇ ਕਰਮ ਸਿੰਘ ਫੌਜੀ ਸ਼ਾਮਲ ਸਨ। ਅਖੀਰ ਵਿੱਚ ਭਾਈ ਦਾਰਾ ਸਿੰਘ ਨੇ ਸਭਨਾਂ ਦਾ ਧੰਨਵਾਦ ਕੀਤਾ।

## ਗਾਇਕ ਜੀਤ ਜਗਜੀਤ ਦਾ ਫਰਿਜ਼ਨੋ ਵਿਖੇ ਸ਼ੋਅ 12 ਨਵੰਬਰ ਸ਼ਨਿੱਚਰਵਾਰ ਨੂੰ

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਗਾਇਕ ਜੀਤ ਜਗਜੀਤ ਆਪਣੇ ਸਭਿਆਚਾਰਕ ਅਤੇ ਪਰਿਵਾਰਕ ਸ਼ੋਅ ਕਰਨ ਲਈ ਅਮਰੀਕਾ ਦੀ ਧਰਤੀ 'ਤੇ ਆਏ ਹੋਏ ਹਨ। ਇਸੇ ਕੜੀ ਤਹਿਤ ਉਨ੍ਹਾਂ ਦਾ ਦੂਸਰਾ ਸ਼ੋਅ ਫਰਿਜ਼ਨੋ ਵਿਖੇ 12 ਅਕਤੂਬਰ ਸ਼ਨੀਵਾਰ ਸ਼ਾਮੀਂ 6 :00 ਤੋਂ ਰਾਤ 9:00 ਵਜੇ ਦਰਮਿਆਨ ਸੈਂਟਰਲ ਹਾਈ ਸਕੂਲ ਫਰਿਜ਼ਨੋ ਦੇ ਈਸਟ ਕੈਂਪਸ ਦੇ ਆਡੋਟੋਰੀਅਮ ਵਿੱਚ ਹੋਣ ਜਾ ਰਿਹਾ ਹੈ। ਇਹ ਸਕੂਲ ਗੁਰਦੁਆਰਾ ਨਾਨਕਸਰ ਕਰਨੀਲੀਆ ਰੋਡ ਦੇ ਬਿਲਕੁਲ ਸਾਹਮਣੇ ਸਥਿਤ ਹੈ। ਇਸ ਸ਼ੋਅ ਵਿੱਚ ਤੁਹਾਨੂੰ ਮੁੱਛ, ਮਸ਼ੂਕ, ਗੋਲੀਆਂ ਬਦੂੰਕਾਂ ਜਾ ਕਾਰਾਂ ਜੀਪਾਂ ਦੀਆਂ ਬਾਤਾਂ ਨਹੀਂ ਸੁਣਾਈਆਂ ਜਾਣਗੀਆਂ ਬਲਕਿ ਵਿਰਾਸਤੀ ਰੰਗ ਵਿੱਚ ਰੰਗੀ ਸਭਿਆਚਾਰਕ ਗਾਇਕੀ ਸੁਣਨ ਨੂੰ ਮਿਲੇਗੀ, ਜਿਸ ਵਿੱਚ ਦੇਸ਼ ਦੇ ਹੇਰਵੇ, ਕਵੀਸ਼ਰੀ, ਢਾਡੀ, ਰਚਨਾਵਾਂ, ਪਰਿਵਾਰਕ ਰਿਸ਼ਤਿਆਂ ਅਤੇ ਭੈਣ ਦੀ ਰੱਖੜੀ ਦੀ ਗੱਲ ਹੋਵੇਗੀ। ਟਿਕਟਾਂ ਅਤੇ ਵਧੇਰੇ ਜਾਣਕਾਰੀ ਲਈ 559-770-7785 'ਤੇ ਸੰਪਰਕ ਕੀਤਾ ਜਾ ਸਕਦਾ ਹੈ।







# ਕੈਨੇਡਾ ਦੇ ਇਤਿਹਾਸ ਵਿਚ ਪਹਿਲੀ ਵਾਰ ਗੁਰਦੁਆਰਾ ਸਾਹਿਬ ’ਚ ਕੈਨੇਡੀਅਨ ਫੌਜ ਨੇ ਮਨਾਇਆ ਯਾਦਗਾਰੀ ਦਿਨ

## .ਫੌਜੀਆਂ ਨੇ ਮੱਥਾ ਟੇਕਿਆ, ਕੀਰਤਨ ਸਰਵਨ ਕੀਤਾ ਤੇ ਲੰਗਰ ਛਕਿਆ

**ਓਂਟਾਰੀਓ/ਬਿਊਰੋ ਨਿਊਜ਼ :**
ਕੈਨੇਡਾ ਦੇ ਇਤਿਹਾਸ ਵਿਚ ਪਹਿਲੀ ਵਾਰ ਕੈਨੇਡੀਅਨ ਫੌਜਾਂ ਨੇ ਆਪਣਾ ਸਾਲਾਨਾ ਯਾਦਗਾਰੀ ਦਿਵਸ ਗੁਰਦੁਆਰਾ ਗੁਰਸਿੱਖ ਸਿੰਘ ਸਭਾ ਵਿਖੇ ਮਨਾਇਆ। ਇਸ ਵਿਚ ਕੈਨੇਡਾ ਦੀਆਂ ਫੌਜਾਂ ਦੇ 200 ਮੈਂਬਰਾਂ ਨੇ ਹਿੱਸਾ ਲਿਆ। ਇਹ ਸਮਾਗਮ ਹਰ ਸਾਲ ਕੈਨੇਡੀਅਨ ਫੌਜੀਆਂ, ਸਿੱਖ ਫੌਜੀਆਂ ਨੂੰ ਯਾਦ ਕਰਨ ਲਈ ਮਨਾਇਆ ਜਾਂਦਾ ਹੈ, ਜਿਹੜੇ ਜੰਗ ਦੇ ਮੈਦਾਨ ਵਿਚ ਲੜਦੇ ਹੋਏ ਸ਼ਹੀਦ ਹੋਏ। ਇਹ ਸਮਾਗਮ ਓਂਟਾਰੀਓ ਦੇ ਗੁਰਦੁਆਰਾ ਗੁਰਸਿੱਖ ਸਭਾ ਅਤੇ ਸਿੱਖ ਹੈਰੀਟੇਜ ਮਿਊਜ਼ੀਅਮ ਆਫ ਕੈਨੇਡਾ ਵੱਲੋਂ ਸਾਂਝੇ ਤੌਰ ’ਤੇ ਕਰਵਾਇਆ ਗਿਆ। ਗੁਰਦੁਆਰਾ ਸਾਹਿਬ ਦੇ ਮੈਂਬਰਾਂ ਨੇ 7ਵੀਂ ਟੋਰਾਂਟੋ ਰੈਜੀਮੈਂਟ ਅਤੇ ਰੋਇਲ ਕੈਨੇਡੀਅਨ ਆਰਟਲਿਰੀ ਦੇ ਫੌਜੀਆਂ ਦਾ ਸੁਆਗਤ ਕੀਤਾ।
ਗੁਰਦੁਆਰਾ ਸਾਹਿਬ ਵਿਚ ਸਾਲਾਨਾ ਯਾਦਗਾਰੀ ਦਿਵਸ ਮਨਾਉਣ ਦਾ ਮਕਸਦ ਕੈਨੇਡੀਅਨ ਫੌਜ ਵਿਚ ਸਾਂਝੀਵਾਲਤਾ ਦਾ ਸੰਦੇਸ਼ ਦੇਣਾ ਸੀ। ਮਾਸਟਰ



ਬੰਬਾਰਡੀਅਰ ਜੈਸਮੀਨ ਬੁਕੇਲਾ ਨੇ ਕਿਹਾ ਕਿ ਕੈਨੇਡਾ ਦੀ ਫੌਜ ਵਿਚ ਹਰ ਧਰਮ, ਹਰ ਲਿੰਗ ਅਤੇ ਹਰ ਸਭਿਆਚਾਰ ਦੇ ਲੋਕਾਂ ਦਾ ਸੁਆਗਤ ਹੈ ਅਤੇ ਇੱਥੇ ਭੇਦਭਾਵ ਦੀ ਕੋਈ ਥਾਂ ਨਹੀਂ ਹੈ। ਸਮਾਗਮ ਦੀ ਸ਼ੁਰੂਆਤ ਰਸਮੀ ਮਾਰਚ ਨਾਲ ਹੋਈ, ਜਿਸ ਵਿਚ ਫੌਜ ਦੇ 200 ਮੈਂਬਰਾਂ ਅਤੇ ਫੌਜੀ ਵਾਹਨਾਂ ਨੇ ਹਿੱਸਾ ਲਿਆ। ਇਸ ਮੌਕੇ ਫੌਜੀ ਤੋਪਾਂ ਅਤੇ ਹਥਿਆਰਾਂ ਨੂੰ ਵੀ ਮਾਰਚ ਵਿਚ ਸ਼ਾਮਲ ਕੀਤਾ ਗਿਆ। ਸਿੱਖ ਭਾਈਚਾਰੇ ਦੇ ਤਕਰੀਬਨ 500 ਲੋਕ ਇਸ ਸਮਾਗਮ ਨੂੰ ਦੇਖਣ ਲਈ ਪਹੁੰਚੇ ਸਨ। ਇਸ ਮੌਕੇ ਸ਼ਬਦ ਗਾਇਨ ਕੀਤਾ ਗਿਆ, ਜਿਸ ਨਾਲ ਅਜਿਹਾ ਅਲੌਕਿਕ ਰੰਗ ਬੱਝਾ ਕਿ ਜਿਸ ਵਿਚ ਕੈਨੇਡਾ ਅਤੇ ਸਿੱਖ ਭਾਈਚਾਰੇ ਦੇ ਲੋਕ ਲੀਨ ਹੋ ਗਏ।
ਸਿੱਖ ਹੈਰੀਟੇਜ ਮਿਊਜ਼ੀਅਮ ਵਿਖੇ ‘ਵਾਰ ਐਂਡ ਫੇਥ’ (ਜੰਗ ਅਤੇ ਵਿਸ਼ਵਾਸ) ਬਾਰੇ ਇਕ ਪ੍ਰਦਰਸ਼ਨੀ ਵੀ ਲਗਾਈ ਗਈ। ਇਸ ਪ੍ਰਦਰਸ਼ਨੀ ਵਿਚ ਉਚੇਚੇ ਤੌਰ ’ਤੇ ਕੈਨੇਡਾ ਦੀ ਫੌਜ ਵਿਚ ਸਿੱਖਾਂ ਦੇ ਯੋਗਦਾਨ ’ਤੇ ਚਾਨਣਾ ਪਿਆ ਗਿਆ ਅਤੇ ਪਹਿਲੀ ਤੇ ਦੂਜੀ ਸੰਸਾਰ ਜੰਗ ਦੇ ਸ਼ਹੀਦ ਸਿੰਘਾਂ ਨੂੰ ਵੀ ਯਾਦ ਕੀਤਾ ਗਿਆ। ਇਸ ਪ੍ਰਦਰਸ਼ਨੀ ਦਾ ਮੁੱਖ ਮਕਸਦ ਜੰਗ ਵਿਚ ਧਰਮ ਦੀ ਮਹੱਤਵਪੂਰਨ ਭੂਮਿਕਾ ਬਾਰੇ ਦੱਸਣਾ ਵੀ ਸੀ। ਸਮਾਗਮ ਦੇ ਪ੍ਰਬੰਧਕਾਂ ਨੇ ਕਿਹਾ ਕਿ ਇਹ ਮੌਕਾ ਕੈਨੇਡਾ ਵੱਸਦੇ ਸਿੱਖਾਂ ਲਈ ਬੇਹੱਦ ਮਾਣ ਵਾਲਾ ਸੀ ਅਤੇ ਉਮੀਦ ਜ਼ਾਹਰ ਕੀਤੀ ਕਿ ਆਉਣ ਵਾਲੇ ਸਮੇਂ ਵਿਚ ਅਜਿਹੇ ਹੋਰ ਸਮਾਗਮ ਕਰਵਾਏ ਜਾਣਗੇ।

## ਤੇਜਿੰਦਰ ਪਾਲ ਸਿੰਘ ਬਣਿਆ ‘ਆਸਟਰੇਲੀਅਨ ਆਫ਼ ਦਿ ਯੀਅਰ’ ਐਵਾਰਡ ਦਾ ਹੱਕਦਾਰ

**ਮੈਲਬਰਨ/ਬਿਊਰੋ ਨਿਊਜ਼ :** ਆਸਟਰੇਲੀਆ ਵਿਚ ਪਹਿਲੀ ਵਾਰ ਵੱਕਾਰੀ ਕੌਮੀ ਪੁਰਸਕਾਰ ਆਸਟਰੇਲੀਅਨ ਆਫ਼ ਦਾ ਈਯਰ-2017 (ਲੋਕਲ ਹੀਰੋ ਸ਼੍ਰੇਣੀ ਨਦਰਨ ਟੈਰਿਟਰੀ) ਇਸ ਵਾਰ ਇੱਕ ਸਿੱਖ ਨੌਜਵਾਨ ਨੂੰ ਦਿੱਤਾ ਗਿਆ ਹੈ। ਮੂਲਵਾਸੀਆਂ ਦੀ ਬਹੁਗਿਣਤੀ



ਵਾਲੀ ਨਦਰਨ ਟੈਰਿਟਰੀ ਖੇਤਰ ਵਿਚ ਪਰਿਵਾਰ ਸਮੇਤ ਰਹਿੰਦੇ ਤੇਜਿੰਦਰ ਪਾਲ ਸਿੰਘ ਦੇ ਨਾਂ ਦਾ ਐਲਾਨ ਸਰਕਾਰ ਦੀ ਸਬੰਧਤ ਬਾਡੀ ਵੱਲੋਂ ਕੀਤਾ ਗਿਆ। ਟੈਰਿਟਰੀ ਦੀ ਰਾਜਧਾਨੀ ਡਾਰਵਿਨ ਵਿਚ 2006 ਵਿਚ ਪੰਜਾਬ ਤੋਂ ਪਰਵਾਸ ਕਰਕੇ ਆਏ ਤੇਜਿੰਦਰ ਨੂੰ ਇਹ ਐਵਾਰਡ ਨਿੱਜੀ ਤੌਰ ਉੱਤੇ ਲੋੜਵੰਦ ਲੋਕਾਂ ਨੂੰ ਖਾਣਾ ਖੁਆਉਣ ਅਤੇ ਬਣਦੀ ਮਦਦ ਕਰਨ ਲਈ ਦਿੱਤਾ ਗਿਆ ਹੈ।
ਟੈਕਸੀ ਚਾਲਕ ਵਜੋਂ ਕੰਮ ਕਰਦੇ ਤੇਜਿੰਦਰ ਨੇ ਇਹ ਕਾਰਜ ਕਰੀਬ ਪਿਛਲੇ 4 ਸਾਲ ਤੋਂ ਸ਼ੁਰੂ ਕੀਤੇ ਹੋਏ ਹਨ। ਉਸ ਦਾ ਕਹਿਣਾ ਹੈ ਕਿ ਸ਼ੁਰੂਆਤ ਵਿੱਚ ਇੱਥੇ ਆ ਕੇ ਵਸਣ ਮੌਕੇ ਉਸ ਨੂੰ ਆਪਣੀ ਵੱਖਰੀ ਪਛਾਣ ਕਾਰਨ ਨਸਲੀ ਟਿੱਪਣੀਆਂ ਦਾ ਸਾਹਮਣਾ ਵੀ ਕਰਨਾ ਪਿਆ। ਉਸ ਸਮੇਂ ਉਸ ਨੇ ਇਹ ਸੋਚਿਆ ਕਿ ਸਿੱਖਾਂ ਦੀ ਪਛਾਣ ਸਿਧਾਂਤ ਅਤੇ ਮਨੁੱਖਤਾ ਲਈ ਚਲਾਏ ਗਏ ਕਾਰਜਾਂ ਤੋਂ ਲੋਕਾਂ ਨੂੰ ਜਾਣੂ ਕਰਵਾਇਆ ਜਾਵੇ ਤਾਂ ਜੋ ਲੋਕ ਸਿੱਖਾਂ ਦੇ ਮੁੱਢ ਤੋਂ ਜਾਣੂ ਹੋ ਸਕਣ। ਇਸ ਮਗਰੋਂ ਉਸ ਨੇ ਨਿੱਜੀ ਤੌਰ ਉੱਤੇ ਆਪਣੀ ਵੈਨ ਵਿਚ ਖਾਣਾ ਰੱਖ ਕੇ ਲੋੜਵੰਦਾਂ ਦੀ ਭੁੱਖ ਮਿਟਾਉਣ ਲਈ ਮਿਸ਼ਨ ਆਰੰਭ ਦਿੱਤਾ।
ਗੁਰੂ ਨਾਨਕ ਦੇਵ ਨੂੰ ਆਪਣਾ ਪ੍ਰੇਰਣਾ ਸ੍ਰੋਤ ਦੱਸਦਿਆਂ ਤੇਜਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਪਰਿਵਾਰ ਆਪਣੀ ਕਿਰਤ ਵਿਚੋਂ ਦਸਵੰਧ ਕੱਢ ਕੇ ਇਸ ਖਾਣੇ ਦਾ ਪ੍ਰਬੰਧ ਕਰਦਾ ਹੈ, ਜਿਸ ਵਿਚ 85 ਕਿਲੋ ਦਾਲ ਅਤੇ ਚੌਲ ਸਮੇਤ ਮਿੱਠਾ ਜਲ ਸ਼ਾਮਲ ਹੁੰਦੇ ਹਨ। ਮਹੀਨੇ ਦੇ ਹਰ ਆਖਰੀ ਐਤਵਾਰ ਉਹ ਆਪਣੀ ਵੈਨ ਲੋੜਵੰਦ ਖੇਤਰਾਂ ਵਿਚ ਖੜ੍ਹੀ ਕਰਦਾ ਹੈ। ਇਸ ਮੌਕੇ ਕਰੀਬ ਡੇਢ ਸੌ ਵਿਅਕਤੀ ਖਾਣਾ ਖਾਂਦੇ ਹਨ। ਨਦਰਨ ਟੈਰਿਟਰੀ ਦੇ ਮੁੱਖ ਮੰਤਰੀ ਮਾਈਕਲ ਗਨਰ ਨੇ ਤੇਜਿੰਦਰ ਪਾਲ ਸਿੰਘ ਨੂੰ ਇਸ ਕੌਮੀ ਪੁਰਸਕਾਰ ਲਈ ਮੁਬਾਰਕਾਂ ਦਿੱਤੀਆਂ ਹਨ। ਆਸਟਰੇਲੀਅਨ ਆਫ਼ ਦਿ ਯੀਅਰ ਐਵਾਰਡ ਪ੍ਰਧਾਨ ਮੰਤਰੀ ਵੱਲੋਂ ਚੜ੍ਹਦੇ ਸਾਲ ਜਨਵਰੀ ਮਹੀਨੇ ਮੁਲਕ ਦੀ ਰਾਜਧਾਨੀ ਕੈਨਬਰਾ ਵਿੱਚ ਦਿੱਤਾ ਜਾਵੇਗਾ।





HINDI ELITE PACK $29.99/mo for 24 months +3 CHANNELS

HINDI MEGA PACK $49.99/mo for 24 months INCLUDES CHANNELS LISTED ABOVE

EXPERIENCE YOUR CULTURE AT HOME. CALL TODAY!

All offers require credit qualification, 2-Year commitment with early termination fee and eAutoPay. Requires subscription to a qualifying American or DishLATINO package starting at $29.99/mo.

Sunwireless
(888) 220-5503
www.sw.getdish.com

ASK ABOUT DISH FOR YOUR HOME, APARTMENT, OR BUSINESS

dish AUTHORIZED RETAILER

**Offer for new and qualifying former customers only. Important Terms and Conditions:**
**Qualification:** Advertised price requires credit qualification and eAutoPay. Upfront activation and/or receiver upgrade fees may apply based on credit qualification. Offer ends 1/16/17. **2-Year Commitment:** Early termination fee of $20/mo. remaining applies if you cancel early. **$120 Savings Offer:** Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). **NOT included in advertised price (and subject to change):** Taxes & surcharges, add-on programming (including premium channels), Protection Plan, and transactional fees. **Other:** All packages, programming, features, and functionality are subject to change without notice. After 6 mos., you will be billed $8/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only.


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


JUS 24x7 KEEPING UP WITH PUNJAB
PUNJAB UPDATE
Taka 24x7 ਟੱਕ
ENTERTAINMENT BULLET
THATH ਵੱਖਰੇ
PUNJAB BOLDA
Jus Dial
ਸਭ ਦੀ ਖਬਰ ਲਵੇ- JUS 24x7
ਪਲ ਪਲ ਦੀ ਖਬਰ ਦਵੇ
WATCH JUS 24x7 ON CHANNEL 743 ON dish & sling TELEVISION
CALL TO ADVERTISE 718-752-9290 | CALL TO SUBSCRIBE 1-888-246-6242


Fresh AUR Apna KYA HAI?
Canadian Highest
Grade Wheat Say Bana
You Get In Days
Not In Months
Hygienic Storage,
Clean Milling Facility
DESI
STYLE
Healthy
Living
Maida Free
SHER
DURUM ATTA
DESI
STYLE
20 lb
9.07 kg
BRAR
NATURAL